ਕੌਮਾਂਤਰੀ

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 9 | Issue 11 | 20 March 2019 to 26 March 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com



ਅੰਦਰ ਪੜ੍ਹੋ



03

ਭਾਈਚਾਰਾ

ਨਿਊਜ਼ੀਲੈਂਡ ਗੋਲੀਬਾਰੀ ਤੋਂ ਚਿੰਤਤ ਲੋਕਾਂ ਨੇ ਕੀਤੀ ਮੀਟਿੰਗ



07

ਖ਼ਬਰਸਾਰ

ਪੰਜਾਬ 'ਚ ਇਸ ਵਾਰ ਹੋਵੇਗਾ ਤਿੰਨ ਧਿਰੀ ਮੁਕਾਬਲਾ



13

ਖ਼ਾਸ ਖ਼ਬਰ

ਪੱਕਾ ਨਹੀਂ ਕਿ ਮਜੀਠੀਏ ਨੂੰ ਗ੍ਰਿਫਤਾਰ ਕੀਤਾ ਜਾਵੇਗਾ : ਅਮਰਿੰਦਰ ਸਿੰਘ



24

ਵਿਚਾਰ ਚਰਚਾ

ਭ੍ਰਿਸ਼ਟਤੰਤਰ ਤੇ ਡੰਡਾਤੰਤਰ ਤੋਂ ਜ਼ਖ਼ਮੀ ਹੈ ਲੋਕਤੰਤਰ ਦੀ ਆਤਮਾ


## ਇਸਲਾਮ ਤੇ ਇਸਾਈਅਤ ਵਿਚ ਵਧ ਰਿਹਾ ਹੈ ਟਕਰਾਅ

# ਨਿਊਜ਼ੀਲੈਂਡ ਦੇ ਖ਼ੂਨੀ ਕਾਂਡ ਨਾਲ ਕੰਬਿਆ ਵਿਸ਼ਵ

- ਹਮਲਾ ਮਹਿਜ਼ ਘਟਨਾ ਨਹੀਂ ਸਗੋਂ ਨਸਲੀ ਨਫਰਤ ਦੀ ਖਤਰਨਾਕ ਮੁਹਿੰਮ
- ਪਰਵਾਸੀ ਸਿੱਖਾਂ ਨੂੰ ਬਦਲ ਰਹੇ ਹਾਲਾਤ ਵਿਚ ਸੁਚੇਤ ਰਹਿਣ ਦੀ ਲੋੜ
- ਪ੍ਰਧਾਨ ਮੰਤਰੀ ਜੈਸਿੰਡਾ ਤੇ ਕਿਵੀ ਲੋਕਾਂ ਨੇ ਨਿਭਾਇਆ ਮਨੁੱਖਤਾ ਦਾ ਧਰਮ
- ਖੁਦ ਨਫਰਤ ਦੀ ਰਾਜਨੀਤੀ ਕਰਨ ਵਾਲੇ ਮੋਦੀ ਨੇ 'ਮਗਰਮੱਛ ਦੇ ਹੰਝੂ ਕੇਰੇ'
- ਗੁਰੂ ਗ੍ਰੰਥ ਸਾਹਿਬ ਜੀ ਬਣ ਸਕਦੇ ਨੇ ਵਿਸ਼ਵ ਲਈ ਰਾਹ-ਦਸੇਰਾ








**ਚੰਡੀਗੜ੍ਹ/ਬਿਊਰੋ ਨਿਊਜ਼ :**
ਨਿਊਜ਼ੀਲੈਂਡ ਵਿਚ ਗੋਰੇ ਨਸਲਵਾਦ ਦਾ ਹਿੰਸਕ ਰੂਪ ਸਾਰੀ ਦੁਨੀਆ ਨੇ ਵੇਖਿਆ ਤੇ ਸੰਸਾਰ ਇਸ ਹੌਲਨਾਕ ਖ਼ੂਨੀ ਕਾਰੇ ਨੂੰ ਦੇਖ ਕੇ ਧੁਰ ਅੰਦਰ ਤਕ ਕੰਬ ਗਿਆ। ਤਾਜ਼ਾ ਘਟਨਾ ਵਿਚ ਗੋਰਿਆਂ ਦੇ ਇਕ ਨਸਲਵਾਦੀ ਸਮੂਹ ਨੇ ਰਣਨੀਤੀ ਬਣਾ ਕੇ ਮੁਸਲਮਾਨ ਭਾਈਚਾਰੇ ਦੇ ਧਾਰਮਿਕ ਅਸਥਾਨ ਮਸਜ਼ਿਦਾਂ 'ਤੇ ਹਮਲਾ ਕੀਤਾ। ਇਸ ਹਮਲੇ ਵਿਚ 50 ਦੇ ਕਰੀਬ ਲੋਕਾਂ ਦੀ ਮੌਤ ਹੋਈ ਹੈ ਅਤੇ ਦੋ ਦਰਜਨ ਦੇ ਕਰੀਬ ਲੋਕ ਜ਼ਖਮੀ ਹੋਏ ਹਨ। ਹਮਲੇ ਦਾ ਮੁੱਖ ਦੋਸ਼ੀ ਆਸਟ੍ਰੇਲੀਅਨ ਨਾਗਰਿਕ ਹੈ ਜਿਸ ਨੇ ਨਮਾਜ਼ ਪੜ੍ਹ ਰਹੇ ਨਮਾਜ਼ੀਆਂ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਇਹ ਕਤਲੇਆਮ ਕੀਤਾ। ਬੰਦੂਕਧਾਰੀ ਦੀ ਪਛਾਣ ਬਰੈਂਟਨ ਟੈਰੰਟ (28 ਸਾਲ) ਵਜੋਂ ਹੋਈ ਹੈ, ਜਿਸ ਨੇ ਇਸ ਪੂਰੀ ਘਟਨਾ ਨੂੰ ਆਪਣੇ ਫੇਸਬੁੱਕ ਖਾਤੇ 'ਤੇ ਲਾਈਵ ਵਿਖਾਇਆ। ਉਸ ਨੇ 74 ਪੰਨਿਆਂ ਦੀ ਚਿੱਠੀ ਵੀ ਪੋਸਟ ਕੀਤੀ ਹੈ ਜਿਸ ਵਿਚ ਉਸ ਨੇ ਪਰਵਾਸੀਆਂ ਬਾਰੇ ਖੁੱਲ੍ਹ ਕੇ ਭੜਾਸ ਕੱਢੀ ਹੈ। ਸੋਸ਼ਲ ਮੀਡੀਆ

**ਬਾਕੀ ਸਫ਼ਾ 32 'ਤੇ**

### ਸਿੱਖਾਂ ਨੂੰ ਗੰਭੀਰ ਵਿਚਾਰ ਕਰਨ ਦੀ ਲੋੜ

ਇਸ ਘਟਨਾ ਤੋਂ ਬਾਅਦ ਵਿਸ਼ਵ ਭਰ ਦੇ ਕੋਨੇ-ਕੋਨੇ ਵਿਚ ਵਸਦੇ ਪੰਜਾਬੀਆਂ ਤੇ ਖਾਸ ਕਰ ਕੇ ਸਿੱਖ ਭਾਈਚਾਰੇ ਨੂੰ ਬਦਲ ਰਹੇ ਹਾਲਾਤ ਵਿਚ ਆਪਣੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਲੋੜ ਗੰਭੀਰ ਵਿਚਾਰ ਦੀ ਮੰਗ ਕਰਦੀ ਹੈ। ਇਹ ਤੱਥ ਵੀ ਗੌਲਣਯੋਗ ਹੈ ਕਿ ਸਿੱਖ ਭਾਈਚਾਰੇ ਦੀ ਵੱਖਰੀ ਪਹਿਚਾਣ ਨੂੰ ਵਿਦੇਸ਼ੀ ਲੋਕਾਂ ਵੱਲੋਂ ਅਕਸਰ ਮੁਸਲਮਾਨਾਂ ਨਾਲ ਰਲਗੱਡ ਕਰ ਕੇ ਦੇਖਣ ਕਾਰਨ ਸਿੱਖਾਂ ਨੂੰ ਪਹਿਲਾਂ ਵੀ ਕਈ ਵਾਰ ਨਸਲੀ ਹਮਲਿਆਂ ਦਾ ਸ਼ਿਕਾਰ ਹੋਣਾ ਪਿਆ ਹੈ। ਸੰਸਾਰ ਭਰ ਦੇ ਸੂਝਵਾਨ, ਰਾਜਨੇਤਾ ਤੇ ਧਾਰਮਿਕ ਰਹਿਨੁਮਾ ਇਸ ਵਿਚਾਰ ਉਤੇ ਇਕਮੱਤ ਹਨ ਕਿ ਅਜਿਹੇ ਸੰਕਟ ਦੇ ਸਮੇਂ ਸਿੱਖਾਂ ਦੇ ਗੁਰੂ ਗ੍ਰੰਥ ਸਾਹਿਬ ਜੀ ਸਮੁੱਚੇ ਵਿਸ਼ਵ ਲਈ ਅਮਨ-ਸ਼ਾਂਤੀ, ਮਨੁੱਖੀ ਬਰਾਬਰਤਾ ਤੇ ਸਰਬ-ਸਾਂਝੀਵਾਲਤਾ ਦੇ ਸੰਦੇਸ਼ ਨਾਲ

**ਬਾਕੀ ਸਫ਼ਾ 32 'ਤੇ**

# ਬੀਬੀ ਖਾਲੜਾ ਦੀ ਜਿੱਤ ਲਈ ਪੰਥ ਸਰਗਰਮ

### ਮਨੁੱਖੀ ਅਧਿਕਾਰਾਂ ਦੀ ਬਹਾਲੀ ਲਈ ਚੋਣ ਲੜ ਰਹੀ ਹਾਂ—ਬੀਬੀ ਖਾਲੜਾ

**ਅੰਮ੍ਰਿਤਸਰ ਟਾਇਮਜ਼ ਵਿਸ਼ੇਸ਼**

**ਪ੍ਰੋ. ਬਲਵਿੰਦਰਪਾਲ ਸਿੰਘ**

ਲੋਕ ਸਭਾ ਚੋਣਾਂ ਦੇ ਐਲਾਨ ਉਪਰੰਤ ਪੰਜਾਬ ਵਿਚ ਇਸ ਵਾਰ ਖਡੂਰ ਸਾਹਿਬ ਸੀਟ ਤੋਂ ਮੁਕਾਬਲਾ ਕਾਫ਼ੀ ਦਿਲਚਸਪ ਹੋਣ ਵਾਲਾ ਹੈ। ਇਹ ਸੀਟ ਪੰਜਾਬ ਦੀ ਸਭ ਤੋਂ ਹਾਟ ਸੀਟ ਬਣਦੀ ਜਾ ਰਹੀ ਹੈ। ਵੈਸੇ ਪਹਿਲਾਂ ਵੀ ਇਹ ਸੀਟ ਪੰਥਕ ਹੀ ਮੰਨੀ ਜਾਂਦੀ ਰਹੀ ਹੈ। ਬਾਦਲ ਦਲ ਨੇ ਬੀਬੀ ਜਗੀਰ ਕੌਰ ਨੂੰ ਹਲਕਾ ਖਡੂਰ ਸਾਹਿਬ ਤੋਂ ਚੋਣ ਮੈਦਾਨ ਵਿਚ ਉਤਾਰਿਆ ਹੈ, ਜਦ ਕਿ ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ ਨੇ ਆਪਣੇ ਖਾਤੇ ਦੀ ਇਸ ਸੀਟ ਉਤੇ ਪੰਜਾਬ ਡੈਮੋਕ੍ਰੇਟਿਕ ਗੱਠਜੋੜ ਤਹਿਤ ਪਰਮਜੀਤ ਕੌਰ ਖਾਲੜਾ ਨੂੰ ਉਮੀਦਵਾਰ ਬਣਾਇਆ ਹੈ। ਅਕਾਲੀ ਦਲ ਟਕਸਾਲੀ ਨੇ ਸਾਬਕਾ ਫ਼ੌਜ ਮੁਖੀ ਜਨਰਲ ਜੇਜੇ. ਸਿੰਘ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਇਸ

**ਬਾਕੀ ਸਫ਼ਾ 32 'ਤੇ**



### ਭਾਈ ਖਾਲੜਾ ਦੀ ਸ਼ਹੀਦੀ ਗਾਥਾ

ਪੰਜਾਬ ਵਿਚ ਸਰਕਾਰੀ ਦਹਿਸ਼ਤਗਰਦੀ ਦੌਰਾਨ 25000 ਲਾਵਾਰਿਸ ਲਾਸ਼ਾਂ ਦਾ ਸੱਚ ਦੁਨੀਆਂ ਸਾਹਮਣੇ ਲੈ ਕੇ ਆਉਣ ਵਾਲੀ ਸਖਸ਼ੀਅਤ ਜਸਵੰਤ ਸਿੰਘ ਖਾਲੜਾ ਨੂੰ 6 ਸਤੰਬਰ, 1995 ਨੂੰ ਪੰਜਾਬ ਪੁਲਸ ਦੇ ਬੁੱਚੜ ਅਫ਼ਸਰਾਂ ਵੱਲੋਂ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਯੂਨੀਵਰਸਟੀ ਦੇ ਨਜ਼ਦੀਕ ਉਹਨਾਂ ਦੇ ਘਰ ਤੋਂ ਚੁੱਕਿਆ ਸੀ। ਸ. ਖਾਲੜਾ ਨੇ ਪੰਜਾਬ ਦੇ ਅੰਮ੍ਰਿਤਸਰ,

**ਬਾਕੀ ਸਫ਼ਾ 32 'ਤੇ**

# ਜਾਹੋ-ਜਲਾਲ ਨਾਲ ਮਨਾਇਆ ਹੋਲਾ-ਮਹੱਲਾ



**ਸ੍ਰੀ ਆਨੰਦਪੁਰ ਸਾਹਿਬ/ਏਟੀ ਨਿਊਜ਼ :**
ਖਾਲਸਾਈ ਜਾਹੋ-ਜਲਾਲ ਦਾ ਪ੍ਰਤੀਕ ਅਤੇ ਸਿੱਖਾਂ ਦਾ ਕੌਮੀ ਤਿਉਹਾਰ ਹੋਲਾ-ਮਹੱਲਾ ਸ੍ਰੀ ਆਨੰਦਪੁਰ ਸਾਹਿਬ ਵਿਖੇ ਪੂਰੀ ਧੂਮਧਾਮ ਨਾਲ ਮਨਾਇਆ ਗਿਆ। ਇਸ ਤੋਂ ਪਹਿਲਾਂ ਸ੍ਰੀ ਕੀਰਤਪੁਰ ਸਾਹਿਬ ਵਿਖੇ ਪਿਛਲੇ ਤਿੰਨ ਦਿਨਾਂ ਤੋਂ ਚੱਲ ਰਿਹਾ ਹੋਲੇ-ਮਹੱਲੇ ਦਾ ਪਹਿਲਾ ਪੜਾਅ ਸਮਾਪਤ ਹੋਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਹੋਲਾ ਮਹੱਲਾ ਮੌਕੇ ਦੇਸ਼-ਵਿਦੇਸ਼ ਤੋਂ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਆਉਣ ਵਾਲੀਆਂ ਸੰਗਤਾਂ ਲਈ ਸਹੂਲਤਾਂ ਦੇ ਪੁਖਤਾ ਪ੍ਰਬੰਧਾਂ ਲਈ ਮੀਤ ਸਕੱਤਰ ਹਰਜੀਤ ਸਿੰਘ ਦੀ ਕੋਆਰਡੀਨੇਸ਼ਨ ਹੇਠ ਵੱਖ-ਵੱਖ ਟੀਮਾਂ ਤਾਇਨਾਤ ਕੀਤੀਆਂ ਗਈਆਂ।

**ਬਾਕੀ ਸਫ਼ਾ 29 'ਤੇ**














## ਵਰਕਰਾਂ ਦੀ ਲੋੜ

ਯੂਰੇਕਾ, (Eureka) ਕੈਲੀਫੋਰਨੀਆ ਵਿਖੇ ਰੈਸਟੋਰੈਂਟ ਵਿਚ ਕੰਮ ਕਰਨ ਵਾਲੇ Dish Washer ਦੀ ਲੋੜ ਹੈ।

ਰਿਹਾਇਸ਼ ਅਤੇ ਖਾਣਾ ਮੁਫ਼ਤ ਦਿੱਤਾ ਜਾਵੇਗਾ।

ਸੰਪਰਕ ਕਰੋ:

Gurpreet Singh Sohal :

707-498-9325

Email : redwoodpetroleum@gmail.com

ASSET IMPACT

# DEMOLITION WORKERS WANTED

- Must have the ability to do physical labor and other strenuous physical tasks.
- Handy with tools and ready to learn from on-the-job training when necessary.
- This work requires travel throughout US.
- All work related travel, accommodation and meals are paid by the company.

*Apply now – a generous salary, performance based cash bonuses, alongside the opportunity to work in different cities around the US.*

**Email: action@assetimpact.com**
**Call : 909 663 4796**

Serving Around the World Community Since 1994
We Specialize to Asia, Europe, Middle East, Africa, Australia & etc.

Special fares to :
**SFO TO DEL**
**LAX TO DEL**

SERVICE TRUST
SKYWAY TRAVEL
DOMESTIC and INTERNATIONAL

Special fares to
**Amritsar & Delhi**

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40
Book on line 24/7 : www.skywaytkt.com
**Or Call (818) 762-9236**
15549 Devonshire St., Ste. 206 Mission Hills, CA 91345

# Travel for Less Inc.

SPECIALIZED IN DISCOUNT FARES WORLDWIDE
**INDIA | PAKISTAN | EUROPE**

ASIANA AIRLINES
A STAR ALLIANCE MEMBER

Asiana Airlines Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Best deals on major airlines like

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الإتحاد
ETIHAD AIRWAYS
Lufthansa
QATAR AIRWAYS القطرية

8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40
We have moved to
**Serving the Bay Area Since 1996**
**32116-Alvarado Blvd. Union City, CA-94587**
Email: info@travelforlessinc.com
**CALL 510-791-3300** Book online 24x7 @ www.Letsflyhome.com

## ਬੰਦੀ ਸਿੰਘਾਂ ਦੀ ਰਿਹਾਈ ਲਈ ਨਾਭਾ ਜੇਲ੍ਹ ਦੇ ਬਾਹਰ ਧਰਨਾ

**ਨਾਭਾ/ਏਟੀ ਨਿਊਜ਼ :** ਭਾਈ ਜਗਤਾਰ ਸਿੰਘ ਹਵਾਰਾ ਵਲੋਂ ਸਿੱਖ ਮਸਲਿਆਂ ਦੇ ਹੱਲ ਲਈ ਬਣਾਈ ਗਈ ਪੰਜ ਮੈਂਬਰੀ ਕਮੇਟੀ ਦੀ ਅਗਵਾਈ ਵਿਚ ਮੈਕਸੀਮਮ ਸਕਿਓਰਟੀ ਜੇਲ੍ਹ ਨਾਭਾ ਦੇ ਬਾਹਰ ਧਰਨਾ ਦਿੱਤਾ ਗਿਆ। ਇਹ ਧਰਨਾ ਉਮਰਕੈਦ ਦੀਆਂ ਸਜਾਵਾਂ ਭੁਗਤ ਰਹੇ ਬੰਦੀ ਸਿੰਘ, ਜੋ ਕਿ ਉਮਰ ਕੈਦ ਦੀ ਘੱਟੋ-ਘੱਟ ਮਿਆਦ ਪੂਰੀ ਕਰ ਚੁੱਕੇ ਹਨ ਤੇ ਜਿਨ੍ਹਾਂ ਦੀ ਪੱਕੀ ਰਿਹਾਈ ਹੋ ਜਾਣੀ ਚਾਹੀਦੀ ਹੈ, ਉਨ੍ਹਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਲਾਇਆ ਗਿਆ ਸੀ। ਇਸ ਤੋਂ ਪਹਿਲਾਂ ਪੰਜ ਮੈਂਬਰੀ ਕਮੇਟੀ ਵਲੋਂ 9 ਮਾਰਚ ਨੂੰ ਮਾਡਲ ਜੇਲ੍ਹ, ਬੁੜੈਲ ਦੇ ਬਾਹਰ ਧਰਨਾ ਦਿੱਤਾ ਗਿਆ ਸੀ।

ਧਰਨਾਕਾਰੀਆਂ ਨੇ ਨਵਾਂਸ਼ਹਿਰ ਅਦਾਲਤ ਵਲੋਂ ਤਿੰਨ ਸਿੱਖਾਂ ਨੂੰ ਕਿਤਾਬਾਂ ਤੇ ਤਸਵੀਰਾਂ ਦੀ ਬਰਾਮਦਗੀ ਦੇ ਮਾਮਲੇ ਵਿਚ 'ਦੇਸ਼ ਵਿਰੁਧ ਜੰਗ ਛੇੜਨ' ਦੇ ਦੋਸ਼ਾਂ ਤਹਿਤ ਉਮਰ ਕੈਦ ਦੀ ਸਜਾ ਸੁਣਾਏ ਜਾਣ ਦੀ ਵੀ ਕਰੜੀ ਨਿਖੇਧੀ ਕੀਤੀ।

ਜ਼ਿਕਰਯੋਗ ਹੈ ਕਿ ਇਨ੍ਹਾਂ ਧਰਨਿਆਂ ਦੀ ਅਗਵਾਈ ਕਰਨ ਵਾਲੀ ਪੰਜ ਮੈਂਬਰੀ ਕਮੇਟੀ ਵਿਚ ਐਡਵੋਕੇਟ ਅਮਰ ਸਿੰਘ ਚਾਹਲ, ਜਸਪਾਲ ਸਿੰਘ ਹੇਰਾਂ, ਨਰੈਣ ਸਿੰਘ ਚੌੜਾ, ਪ੍ਰੋ. ਬਲਜਿੰਦਰਪਾਲ ਸਿੰਘ ਅਤੇ ਮਾਸਟਰ ਸੰਤੋਖ ਸਿੰਘ ਦੇ ਨਾਂ ਸ਼ਾਮਲ ਹਨ।

# ਨਿਊਜ਼ੀਲੈਂਡ ਗੋਲੀਬਾਰੀ ਤੋਂ ਚਿੰਤਤ ਲੋਕਾਂ ਨੇ ਕੀਤੀ ਮੀਟਿੰਗ



**ਮਿਲਪੀਟਸ/ਏਟੀ ਨਿਊਜ਼ :** ਨਿਊਜ਼ੀਲੈਂਡ ਵਿਖੇ ਇੱਕ ਮਸਜਿਦ ਵਿਚ ਹੋਈ ਭਾਰੀ ਗੋਲੀਬਾਰੀ ਕਾਰਨ ਜਿੱਥੇ ਪੂਰੀ ਦੁਨੀਆ ਗਹਿਰੇ ਸਦਮੇ ਅਤੇ ਡਰ ਵਿੱਚ ਹੈ ਉਥੇ ਵੱਖੋ ਵੱਖਰੇ ਦੇਸ਼ਾਂ ਵਿੱਚ ਰਹਿੰਦੇ ਘੱਟ ਗਿਣਤੀਆਂ ਦੇ ਬਾਸ਼ਿੰਦੇ ਵੀ ਆਪਣੀ ਸੁਰੱਖਿਆ ਪ੍ਰਤੀ ਚਿੰਤਤ ਨਜ਼ਰ ਆ ਰਹੇ ਹਨ। ਉਹ ਸੋਚਣ ਲਈ ਮਜਬੂਰ ਹੋ ਰਹੇ ਹਨ ਕਿ ਕਿਸ ਤਰ੍ਹਾਂ ਉਹ ਆਪਣੇ ਘਰਾਂ ਅਤੇ ਧਾਰਮਿਕ ਸਥਾਨਾਂ ਉਤੇ ਡਰ ਰਹਿਤ ਹੋ ਕੇ ਜਾ ਸਕਣ। ਇਸੇ ਹੀ ਵਿਸ਼ੇ ਉਤੇ ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਖੇ ਸਿੱਖ, ਹਿੰਦੂ ਅਤੇ ਮੁਸਲਿਮ ਭਾਈਚਾਰੇ ਵਲੋਂ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ ਜਿਸ ਵਿੱਚ ਡਿਪਾਰਟਮੈਂਟ ਆਫ ਜਸਟਿਸ ਵਲੋਂ ਪਾਲ ਮਿੱਲਰ ਅਤੇ ਐਡਮ ਰੀਵਸ, ਐਫਬੀਆਈ ਵਲੋਂ ਸੰਜੇ ਵਿਰਮਾਨੀ ਅਤੇ ਹੋਰ ਵੱਖ-ਵੱਖ ਸ਼ਾਖਾਵਾਂ ਦੇ ਮੈਂਬਰ ਸਾਹਿਬਾਨ, ਮਿਲਪੀਟਸ ਸ਼ਹਿਰ ਦੇ ਸਹਾਇਕ ਪੁਲਿਸ ਕਮਿਸ਼ਨਰ ਕੇਵਿਨ ਮੋਸਕੁਜ਼ਾ, ਸਿੱਖ ਪੁਲਿਸ ਅਫਸਰ ਜਸਕੀਰਤ ਸਿੰਘ, ਮੁਸਲਮਾਨ ਪੁਲਿਸ ਅਫਸਰ ਮੁਸਤਫ਼ਾ ਅਸੈਫ਼ੀ ਅਤੇ ਸਿਟੀ ਆਫ ਮਿਲਪੀਟਸ ਦੇ ਪਲਾਨਿੰਗ ਕਮਿਸ਼ਨਰ ਵਲੋਂ ਸ਼ਿਰਕਤ ਕੀਤੀ ਗਈ। ਮੀਟਿੰਗ ਵਿੱਚ ਹਾਜ਼ਰ ਵੱਖ-ਵੱਖ ਬੁਲਾਰਿਆਂ ਵਲੋਂ ਵਿਸ਼ਵ ਭਰ ਵਿੱਚ ਚਲ ਰਹੇ ਤਣਾਅਪੂਰਨ ਹਾਲਾਤ ਉੱਤੇ ਡੂੰਗੀ ਚਿੰਤਾ ਪ੍ਰਗਟਾਈ ਗਈ।ਮੀਟਿੰਗ ਵਿੱਚ ਆਏ ਹੋਏ ਬੁਲਾਰਿਆਂ ਨੇ ਬਦਲਦੇ ਹਾਲਾਤ ਉੱਪਰ ਬੋਲਦਿਆਂ ਕਿਹਾ ਕਿ ਕੈਲੀਫੋਰਨੀਆ ਅਤੇ ਫੈਡਰਲ ਸਰਕਾਰ ਵਲੋਂ ਇਨਾਂ ਹਾਲਾਤ ਉੱਤੇ ਬੜੇ ਗੌਰ ਨਾਲ ਨਜ਼ਰ ਰੱਖੀ ਜਾ ਰਹੀ ਹੈ।ਐਫਬੀਆਈ ਵਲੋਂ ਸੰਜੇ ਵਿਰਮਾਨੀ ਨੇ ਕਿਹਾ ਕਿ ਆਮ ਲੋਕਾਂ ਨੂੰ ਆਪਣੀ ਸੁਰੱਖਿਆ ਨੂੰ ਲੈ ਕੇ ਹਮੇਸ਼ਾ ਸੁਚੇਤ ਰਹਿਣਾ ਚਾਹੀਦਾ ਹੈ ਤੇ ਕਿਸੇ ਵੀ ਤਰ੍ਹਾਂ ਦਾ ਸ਼ੱਕ ਹੋਣ ਉਤੇ ਸੁਰਖਿਆ ਏਜੰਸੀ ਨੂੰ ਸੂਚਿਤ ਕੀਤਾ ਜਾ ਸਕਦਾ ਹੈ।ਮਿਲਪੀਟਸ ਸ਼ਹਿਰ ਦੇ ਸਹਾਇਕ ਪੁਲਿਸ ਕਮਿਸ਼ਨਰ ਕੇਵਿਨ ਮੋਸਕੁਜ਼ਾ ਨੇ ਆਪਣੀ ਤਕਰੀਰ ਵਿੱਚ ਕਿਹਾ ਕਿ ਹਰ ਪਬਲਿਕ ਅਦਾਰੇ ਨੂੰ ਕਿਸੇ ਵੀ ਅਣਹੋਣੀ ਘਟਨਾ ਨਾਲ ਨਜਿੱਠਣ ਲਈ ਆਪਣੇ ਖਾਸ ਵਲੰਟੀਅਰ ਤਿਆਰ ਕਰਨੇ ਚਾਹੀਦੇ ਹਨ ਤਾਂ ਜੋ ਲੋੜ ਪੈਣ ਉਤੇ ਪੁਲਿਸ ਜਾਂ ਮੈਡੀਕਲ ਸਹਾਇਤਾ ਪਹੁੰਚਣ ਤੱਕ ਲੋੜੀਂਦੀ ਮੁਢਲੀ ਸਹਾਇਤਾ ਦਿੱਤੀ ਜਾ ਸਕੇ।

ਇਸ ਮੀਟਿੰਗ ਵਿੱਚ ਫਰੀਮੌਂਟ ਤੋਂ ਸ. ਕਸ਼ਮੀਰ ਸਿੰਘ ਸ਼ਾਹੀ ਤੇ ਉਨਾਂ ਦੇ ਸਾਥੀ, ਸੈਨਹੋਜੇ ਤੋਂ ਜਸਪਾਲ ਸਿੰਘ ਸੈਣੀ ਅਤੇ ਸਰਬਜੋਤ ਸਿੰਘ ਸਵੱਦੀ, ਹਿੰਦੂ ਭਾਈਚਾਰੇ ਵਲੋਂ ਸ਼੍ਰੀ ਰਾਜ ਭਨੋਟ, ਮਿਲਪੀਟਸ ਸ਼ਹਿਰ ਤੋਂ ਗੁਰੂ ਘਰ ਦੇ ਸੇਵਾਦਾਰ ਅਤੇ ਅਮਰੀਕਨ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ, ਜਨਰਲ ਸਕੱਤਰ ਡਾ. ਪ੍ਰਿਤਪਾਲ ਸਿੰਘ, ਬਲਬੀਰ ਸਿੰਘ ਢਿੱਲੋਂ, ਮਨਪ੍ਰੀਤ ਸਿੰਘ ਬਦੇਸ਼ਾ ਅਤੇ ਸ਼ਿਵਰਾਜ ਸਿੰਘ ਸੰਧੂ ਵਲੋਂ ਆਪਣੇ ਆਪਣੇ ਵਿਚਾਰ ਤੇ ਸੁਝਾਵ ਰੱਖੇ ਗਏ। ਅਮਰੀਕਨ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਵਲੋਂ ਆਸ ਪ੍ਰਗਟਾਈ ਗਈ ਕਿ ਆਉਣ ਵਾਲੇ ਸਮੇਂ ਵਿਚ ਵੀ ਸਾਨੂੰ ਇਥੋਂ ਦੇ ਲੋਕਲ ਪ੍ਰਸ਼ਾਸਨ ਵਲੋਂ ਵੱਧ ਤੋਂ ਵੱਧ ਸਹਿਯੋਗ ਮਿਲਦਾ ਰਹੇਗਾ।

# ਭਾਰਤ 'ਚ ਮਨੁੱਖੀ ਹੱਕਾਂ ਦੇ ਘਾਣ ਖਿਲਾਫ ਵਰਲਡ ਸਿੱਖ ਪਾਰਲੀਮੈਂਟ ਯੂਐਨਓ ਪਹੁੰਚੀ

**ਜਨੇਵਾ/ਹੁਸਨ ਲੜੋਆ ਬੰਗਾ :** ਪੰਜਾਬ ਅੰਦਰ ਨਵਾਂਸ਼ਹਿਰ ਦੀ ਅਦਾਲਤ ਵੱਲੋਂ 3 ਨੌਜਵਾਨਾਂ ਅਰਵਿੰਦਰ ਸਿੰਘ, ਰਣਜੀਤ ਸਿੰਘ ਅਤੇ ਸੁਰਜੀਤ ਸਿੰਘ ਨੂੰ ਸਿੱਖ ਲਿਟਰੇਚਰ ਰੱਖਣ ਅਤੇ ਸ਼ਹੀਦਾਂ ਦੀਆਂ ਫੋਟੋਆਂ ਫੇਸਬੁੱਕ ਉੱਤੇ ਸ਼ੇਅਰ ਕਰਨ ਕਰਕੇ ਦੇਸ਼ ਧ੍ਰੋਹ ਦਾ ਕੇਸ ਪਾ ਕੇ ਉਮਰ ਕੈਦ ਦੀ ਦਿੱਤੀ ਸਜ਼ਾ ਦੇ ਮੁੱਦੇ ਨੂੰ ਲੈ ਕੇ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਜਨੇਵਾ ਵਿੱਚ ਪਹੁੰਚ ਕੇ ਇਨ੍ਹਾਂ ਨੌਜਵਾਨਾਂ ਨਾਲ ਹੋਈ ਬੇਇਨਸਾਫੀ ਅਤੇ ਪ੍ਰਗਟਾਵਾ ਕਰਨ ਦੀ ਅਜ਼ਾਦੀ ਦੇ ਕਾਨੂੰਨ ਦੀ ਉਲੰਘਣਾ ਬਾਰੇ




ਯੂ ਐਨ ਓ ਨੂੰ ਜਾਣੂੰ ਕਰਵਾਇਆ ਗਿਆ। ਅੰਤਰਰਾਸ਼ਟਰੀ ਭਾਈਚਾਰੇ ਨੂੰ ਇਸ ਮਸਲੇ ਬਾਰੇ ਜਾਣਕਾਰੀ ਦੇਣ ਲਈ ਭਾਰਤ ਸਰਕਾਰ ਖਿਲਾਫ ਰੋਸ ਮੁਜ਼ਾਹਰਾ ਕੀਤਾ ਗਿਆ। ਕਸ਼ਮੀਰੀਆਂ ਅਤੇ ਭਾਰਤ ਅੰਦਰ ਹੋਰ ਪੀੜਤ ਘੱਟ ਗਿਣਤੀਆਂ ਨੇ ਵੀ ਮੁਜ਼ਾਹਰੇ ਵਿੱਚ ਸ਼ਮੂਲੀਅਤ ਕੀਤੀ

ਇੰਗਲੈਂਡ, ਜਰਮਨੀ, ਫਰਾਂਸ, ਇਟਲੀ ਅਤੇ ਹੋਰ ਯੂਰਪੀਅਨ ਦੇਸ਼ਾਂ ਤੋਂ ਪਹੁੰਚੇ ਵਰਲਡ ਸਿੱਖ ਪਾਰਲੀਮੈਂਟ ਦੇ ਨੁਮਾਇੰਦਿਆਂ ਨੇ ਭਾਰਤ ਦੇ ਅਦਾਲਤੀ ਢਾਂਚੇ ਦੇ ਭਗਵਾਂਕਰਨ ਹੋ ਜਾਣ ਖਿਲਾਫ ਅਵਾਜ਼ ਉਠਾਉਂਦਿਆਂ ਅੰਤਰਰਾਸ਼ਟਰੀ ਭਾਈਚਾਰੇ ਨੂੰ ਜਾਣੂੰ ਕਰਵਾਇਆ ਕਿ ਕਿਸ ਤਰ੍ਹਾਂ ਘਟਗਿਣਤੀਆਂ ਨੂੰ ਅਦਾਲਤਾਂ ਵਿੱਚ ਬੇਇਨਸਾਫੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਦੀ ਤਾਜ਼ਾ ਉਦਾਹਰਨ ਪੰਜਾਬ ਅੰਦਰ ਤਿੰਨ ਨੌਜਵਾਨਾਂ ਨੂੰ ਅਦਾਲਤ ਵੱਲੋਂ ਲਿਟਰੇਚਰ ਰੱਖਣ ਕਰਕੇ ਦਿੱਤੀ ਉਮਰ ਕੈਦ ਦੀ ਸਜ਼ਾ ਹੈ।

ਵਰਲਡ ਸਿੱਖ ਪਾਰਲੀਮੈਂਟ ਵੱਲੋਂ ਯੂਐਨਓ ਦੇ ਜਨੇਵਾ ਸਥਿਤ ਮਨੁੱਖੀ ਹੱਕਾਂ ਦੇ ਕਮਿਸ਼ਨਰ ਨੂੰ ਇੱਕ ਮੈਮੋਰੰਡਮ ਵੀ ਦਿੱਤਾ ਗਿਆ ਜਿਸ ਵਿੱਚ ਜਾਣਕਾਰੀ ਦਿੱਤੀ ਗਈ ਕਿ ਕਿਸ ਤਰ੍ਹਾਂ ਭਾਰਤ

**ਬਾਕੀ ਸਫ਼ਾ 29 'ਤੇ**



# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੋਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

# ਪੰਜਾਬੀ ਢਾਬਾ

Now Open

Indiana

1480 N State Road 1, Cambridge City, IN 47327. 70 Exit 137

Diesel/Gas

ਟਰੱਕਾਂ ਵਾਲੇ ਭਰਾਵਾਂ ਲਈ ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ!



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet over 100 gallons

open 6am to midnight

Phone: 765-478-6300



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

## ਗੂਗਲ ਨੇ ਦਿੱਤਾ ਸੀ ਅਮਿਤ ਸਿੰਘਲ ਨੂੰ 3.50 ਕਰੋੜ ਡਾਲਰ ਦਾ 'ਐਗਜਿਟ ਪੈਕੇਜ਼'

**ਸੈਨ ਫਰਾਂਸਿਸਕੋ/ਹੁਸਨ ਲੜੋਆ ਬੰਗਾ :**
ਗੂਗਲ ਨੇ ਸਾਬਕਾ ਖੋਜ ਅਧਿਕਾਰੀ ਅਮਿਤ ਸਿੰਘਲ ਨੂੰ ਨੌਕਰੀ ਛੱਡਣ ਦੇ ਪੈਕੇਜ਼ ਵਜੋਂ 3.5 ਕਰੋੜ ਡਾਲਰ ਦੀ ਅਦਾਇਗੀ ਕੀਤੀ ਹੈ। ਸਰੀਰਕ ਸ਼ੋਸ਼ਣ ਦੇ ਇਕ ਮਾਮਲੇ ਦੀ ਜਾਂਚ ਉਪਰੰਤ ਕੰਪਨੀ ਨੇ ਸਿੰਘਲ ਨੂੰ ਅਸਤੀਫਾ ਦੇਣ ਲਈ ਮਜਬੂਰ ਕਰ ਦਿੱਤਾ ਸੀ। ਸਿੰਘਲ ਨੂੰ ਪੈਕੇਜ਼ ਦੇਣ ਦਾ ਖੁਲਾਸਾ ਅਦਾਲਤ ਵੱਲੋਂ ਜਾਰੀ ਦਸਤਾਵੇਜਾਂ ਤੋਂ ਹੋਇਆ ਹੈ। ਭਾਰਤ




ਦਾ ਜੰਮਪਲ ਸਿੰਘਲ ਖੋਜ ਵਿੰਗ ਦਾ ਸੀਨੀਅਰ ਉਪ ਪ੍ਰਧਾਨ ਸੀ। ਉਸ ਨੇ 2016 ਵਿਚ ਕੰਪਨੀ ਛੱਡ ਦਿੱਤੀ ਸੀ। ਦੂਸਰੇ ਪਾਸੇ ਸਿੰਘਲ ਨੇ ਆਪਣੇ ਵਿਰੁੱਧ ਲੱਗੇ ਦੋਸ਼ਾਂ ਤੋਂ ਇਨਕਾਰ ਕਰਦਿਆਂ ਕਿਹਾ ਸੀ ਕਿ ਉਸ ਨੇ ਕੰਪਨੀ ਆਪਣੀਆਂ ਸ਼ਰਤਾਂ ਉਪਰ ਛੱਡੀ ਹੈ। ਉਸ ਵਿਰੁੱਧ ਲਾਏ ਦੋਸ਼ਾਂ ਵਿਚ ਕੋਈ ਸਚਾਈ ਨਹੀਂ ਹੈ।

## ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 550 ਦਰੱਖ਼ਤ ਲਗਾਏ

**ਸਿਆਟਲ/ਅਵਤਾਰ ਸਿੰਘ ਆਦਮਪੁਰੀ :**
ਸ਼ਨਿਚਰਵਾਰ 16 ਮਾਰਚ 2019 ਨੂੰ ਇੱਥੇ ਸ਼ਹਿਰ ਦੇ ਰੈਨ ਰੈਜਿਸ ਪਾਰਕ, 1501 ਓਰਕਾ ਐਵੀਨਿਊ, ਰੈਂਟਨ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵੱਡੀ ਗਿਣਤੀ ਵਲੰਟੀਅਰਾਂ ਦੀ ਹਾਜ਼ਰੀ ਵਿੱਚ ਅਰਦਾਸ ਕਰ ਕੇ 550 ਨਵੇਂ ਦਰਖ਼ਤ ਲਗਾਏ ਗਏ। ਇਹ ਦਰੱਖਤ ਗੁਰਦੁਆਰਾ ਸਿੰਘ ਸਭਾ ਰੈਂਟਨ, ਗੁਰਮਤਿ ਖਾਲਸਾ ਸਕੂਲ ਅਤੇ ਫੌਰਟੇਰਾ ਸੰਸਥਾ ਵੱਲੋਂ ਸਾਂਝੇ ਤੌਰ ਤੇ ਲਗਾਏ ਗਏ। ਸਕੂਲ ਦੇ ਪ੍ਰਿੰਸੀਪਲ ਸ. ਈਸ਼ਰ ਸਿੰਘ ਗਰਚਾ ਨੇ ਕਿਹਾ ਕਿ ਵਾਤਾਵਰਣ ਵਿੱਚ ਵਧ ਰਹੇ ਤਾਪਮਾਨ ਦੇ ਮੱਦੇਨਜ਼ਰ ਦਰੱਖ਼ਤ ਸਾਰੀ ਧਰਤੀ ਉਤੇ ਥਾਂ-ਥਾਂ, ਪਿੰਡ-ਪਿੰਡ ਵਿੱਚ ਲਗਾਉਣੇ ਚਾਹੀਦੇ ਹਨ ਤਾਂ ਕਿ ਸਭ ਨੂੰ ਸਾਫ ਸੁਥਰੀ ਅਤੇ ਤੰਦਰੁਸਤ ਹਵਾ



ਮਿਲ ਸਕੇ। ਇਸ ਮੌਕੇ ਰੈਂਟਨ ਸਿਟੀ ਕੌਂਸਲ ਮੈਂਬਰ ਰੁਥ ਪੈਰੇਜ, ਰਾਇਨ ਮੈਕਲਰਵਿਨ, ਅਰਮੌਂਡੋ ਪਾਵੌਨ ਅਤੇ ਕੈਂਟ ਸਿਟੀ ਕੌਂਸਲ ਮੈਂਬਰ ਸਤਵਿੰਦਰ ਕੌਰ ਨੇ ਵੀ ਦਰੱਖ਼ਤ ਲਗਾਉਣ ਦੀ ਮੁਹਿੰਮ ਵਿਚ ਹਿੱਸਾ ਪਾਇਆ। ਇਸ ਸੇਵਾ ਮੌਕੇ ਹਾਜ਼ਰ ਹੋਣ ਵਾਲੇ ਮਾਪਿਆਂ, ਸੇਵਾਦਾਰਾਂ ਅਤੇ ਬੱਚਿਆਂ ਦਾ ਗੁਰਮਤਿ ਖਾਲਸਾ ਸਕੂਲ ਵੱਲੋਂ ਹਾਰਦਿਕ ਤੌਰ 'ਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਲੰਗਰਾਂ ਵਿੱਚ ਪੀਜ਼ਾ ਅਤੇ ਹੋਰ ਕਈ ਤਰ੍ਹਾਂ ਦੇ ਖਾਣ-ਪੀਣ ਦਾ ਪ੍ਰਬੰਧ ਵੀ ਕੀਤਾ ਗਿਆ।

# ਵਿਦੇਸ਼ਾਂ ਵਿਚ ਘੱਟ ਗਿਣਤੀ ਮੁਜ਼ਾਹਰਿਆਂ ਵਿਚ ਗੜਬੜ ਕਰਵਾ ਰਹੀ ਹੈ ਭਾਰਤ ਸਰਕਾਰ

### *ਕਾਊਂਟਰ ਪ੍ਰੋਟੈਸਟ ਭਾਰਤੀ ਹਾਈ ਕਮਿਸ਼ਨਰ ਅਤੇ ਫਿਰਕਾਪ੍ਰਸਤ ਹਿੰਦੂਤਵੀ ਮੀਡੀਏ ਦੀ ਸ਼ਹਿ 'ਤੇ ਹੋਏ*

**ਲੰਡਨ :** ਭਾਰਤ ਵਿੱਚ ਸਿੱਖਾਂ ਸਮੇਤ ਘੱਟ ਗਿਣਤੀ ਕੌਮਾਂ 'ਤੇ ਲਗਾਤਾਰ ਤਸ਼ੱਦਦ ਦਾ ਦੌਰ ਜਾਰੀ ਹੈ। ਹਿੰਦੂ ਰਾਸ਼ਟਰ ਦੀ ਮੁਦਈ ਹਿੰਦੂਤਵੀ ਲਾਬੀ ਹਰ ਕੋਝੇ ਅਤੇ ਕਮੀਨੇ ਤਰੀਕੇ ਨਾਲ ਘੱਟ ਗਿਣਤੀ ਕੌਮਾਂ ਦੀ ਹੋਂਦ ਮਿਟਾ ਕੇ ਉਹਨਾਂ ਨੂੰ ਹਿੰਦੂਤਵ ਦੇ ਖਾਰੇ ਸਮੁੰਦਰ ਵਿੱਚ ਜਜ਼ਬ ਕਰਨ ਲਈ ਯਤਨਸ਼ੀਲ ਹੈ। ਪੰਜਾਬ ਅਤੇ ਕਸ਼ਮੀਰ ਵਿੱਚ ਸਿੱਖਾਂ ਅਤੇ ਮੁਸਲਮਾਨਾਂ ਤੇ ਜਿੰਨੇ ਜ਼ੁਲਮ ਹੋਏ ਅਤੇ ਹੋ ਰਹੇ ਹਨ ਇਹਨਾਂ ਸਾਹਮਣੇ ਹਿਟਲਰ ,ਅਬਦਾਲੀ ਅਤੇ ਮੀਰ ਮੰਨੂ ਦੇ ਜ਼ੁਲਮ ਵੀ ਬੌਂਣੇ ਨਜ਼ਰ ਆ ਰਹੇ ਹਨ । ਲੰਡਨ ਸਥਿਤ ਭਾਰਤੀ ਦੂਤਾਵਾਸ ਮੂਹਰੇ ਭਾਰਤ ਦੇ ਅਖੌਤੀ ਅਜ਼ਾਦੀ ਦਿਹਾੜੇ 15 ਅਗਸਤ, ਗਣਤੰਤਰ ਦਿਵਸ 26 ਜਨਵਰੀ ਅਤੇ ਕਿਸੇ ਭਖਦੇ ਮਸਲੇ ਨੂੰ ਮੁੱਖ ਰੱਖਦਿਆਂ ਭਾਰਤ ਸਰਕਾਰ ਦੀਆਂ ਸਿੱਖ ਮਾਰੂ ਨੀਤੀਆਂ ਖਿਲਾਫ ਹਰ ਸਾਲ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਅਤੇ ਕਸ਼ਮੀਰ ਦੀ ਅਜਾਦੀ ਲਈ ਸੰਘਰਸ਼ੀਲ ਜਥੇਬੰਦੀਆਂ ਦੇ ਨੁਮਾਇੰਦਿਆਂ ਵਲੋਂ ਰੋਸ ਮੁਜ਼ਾਹਰੇ ਕੀਤੇ ਜਾਂਦੇ ਹਨ। ਸਿੱਖਾਂ ਵਲੋਂ ਮੁਜਾਹਰਿਆਂ ਦੀ ਸ਼ੁਰੂਆਤ ਸਿੱਖ ਤਵਾਰੀਖ ਵਿੱਚ ਜੂਨ 1984 ਨੂੰ ਵਾਪਰੇ ਤੀਜੇ ਖੂਨੀ ਘੱਲੂਘਾਰੇ ਤੋਂ ਬਾਅਦ ਅਰੰਭ ਹੋਈ ਸੀ ਜੋ ਕਿ ਨਿਰੰਤਰ ਜਾਰੀ ਹੈ। ਇਸ ਦੀ ਭਾਰਤ ਸਰਕਾਰ ਅਤੇ ਲੰਡਨ ਸਥਿਤ ਭਾਰਤੀ ਦੂਤਾਵਾਸ ਦੇ ਅਧਿਕਾਰੀਆਂ ਨੂੰ ਭਾਰੀ ਤਕਲੀਫ ਹੁੰਦੀ ਰਹੀ ਹੈ। ਇਹਨਾਂ ਵਲੋਂ ਆਨੇ ਬਹਾਨੇ ਰੋਸ ਮੁਜਾਹਰਿਆਂ ਨੂੰ ਤਾਰਪੀਡੋ ਕਰਨ ਦੇ ਯਤਨ ਕੀਤੇ ਜਾਂਦੇ ਰਹੇ ਹਨ। ਆਪਣੇ ਏਜੰਟਾਂ ਰਾਹੀਂ ਇਹਨਾਂ ਵਲੋਂ ਅਫਵਾਹਾਂ ਵੀ ਫੈਲਾਈਆਂ ਜਾਂਦੀਆਂ ਰਹੀਆਂ ਕਿ ਇਹਨਾਂ ਮੁਜਾਹਰਿਆਂ ਦਾ ਕੋਈ ਲਾਭ ਨਹੀਂ ਹੈ। ਇਹਨਾਂ ਮੁਜਾਹਰਿਆਂ ਦਾ ਪ੍ਰਬੰਧ ਕਰਨ ਵਾਲਿਆਂ ਵਿੱਚੋਂ ਕੁੱਝ ਵਿਅਕਤੀਆਂ ਦੇ ਭਾਰਤੀ ਦੂਤਾਵਾਸ ਨਾਲ ਸਬੰਧ ਹਨ ਵਗੈਰਾ ਵਗੈਰਾ । ਪਰ ਭਾਰਤ ਸਰਕਾਰ ਦੀਆਂ ਇਹਨਾਂ ਕੁਚਾਲਾਂ ਨੂੰ ਰੱਦ ਕਰਦਿਆਂ ਸਿੱਖ ਜਥੇਬੰਦੀਆਂ ਵਲੋਂ ਮੁਜਾਹਰਿਆਂ ਦੀ ਲੜੀ ਕਾਇਮ ਰੱਖੀ ਗਈ, ਭਾਵੇਂ ਕਿ ਇਹਨਾਂ ਵਿੱਚ ਸ਼ਮੂਲੀਅਤ ਕਰਨ ਵਾਲਿਆਂ ਦੀ ਗਿਣਤੀ ਵਿੱਚ ਉਤਰਾਅ ਚੜ੍ਹਾਅ ਆਉਂਦੇ ਰਹੇ। ਹਾਲ ਹੀ ਦੌਰਾਨ ਭਾਰਤੀ ਅਦਾਲਤ ਵਲੋਂ ਤਿੰਨ ਸਿੱਖਾਂ ਨੂੰ ਲਿਟਰੇਚਰ ਰੱਖਣ ਦੇ ਦੋਸ਼ ਵਿੱਚ ਸੁਣਾਈ ਗਈ ਉਮਰ ਕੈਦ ਦੇ ਫੈਸਲੇ ਖਿਲਾਫ ਰੋਸ ਮੁਜਾਹਰੇ ਕੀਤੇ ਗਏ ਤਾਂ ਪਹਿਲਾਂ ਤੋਂ ਤਿਆਰ ਕੀਤੀ ਸਕੀਮ ਅਧੀਨ ਭਾਰਤ ਦੇ ਤਿਰੰਗੇ ਝੰਡੇ ਲੈ ਕੇ ਮੋਦੀ ਭਗਤ, ਜਿਹਨਾਂ ਵਿੱਚ ਬਜੁਰਗ ਵਿਅਕਤੀ, ਬੀਬੀਆਂ ਅਤੇ ਬੱਚੇ ਸ਼ਾਮਲ ਹੁੰਦੇ ਹਨ, ਭਾਰਤ ਪੱਖੀ ਨਾਹਰੇ ਲਗਾਉਂਦੇ ਹੋਏ ਰੋਸ ਮੁਜਾਹਰੇ ਦਾ ਵਿਰੋਧ ਕਰਨ ਲੱਗ ਪੈਂਦੇ ਹਨ। ਇਸੇ ਦੌਰਾਨ ਉਹਨਾਂ ਦੀ ਕਾਫੀ ਖਿੱਚ ਧੂਹ ਵੀ ਹੁੰਦੀ ਹੈ ਅਤੇ ਆਖਰ ਉਹਨਾਂ ਵਿੱਚੋਂ ਬਹੁਤਿਆਂ ਦੇ ਹੱਥਾਂ ਵਿੱਚ ਫੜੇ ਹੋਏ ਤਿੰਰਗੇ ਖੋਹ ਕੇ ਪਾੜ ਅਤੇ ਸਾੜ ਦਿੱਤੇ ਜਾਂਦੇ ਹਨ ਅਤੇ ਉਹਨਾਂ ਨੂੰ ਖਦੇੜ ਦਿੱਤਾ ਜਾਂਦਾ ਰਿਹਾ ਹੈ। ਰੋਸ ਮੁਜਾਹਰੇ ਮਿਥੇ ਹੋਏ ਟਾਈਮ ਤਕ ਪੂਰੀ ਜੋਸ਼ੋ ਖਰੋਸ਼ ਨਾਲ ਜਾਰੀ ਰਹਿੰਦੇ ਹਨ। ਯੂਨਾਈਟਿਡ ਖਾਲਸਾ ਦਲ ਯੂਕੇ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ, ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਸੁਖਵਿੰਦਰ ਸਿੰਘ ਖਾਲਸਾ ਨੇ ਭਾਰਤ ਸਰਕਾਰ ਅਤੇ ਲੰਡਨ ਸਥਿਤ ਉਸ ਦੇ ਹਾਈ ਕਮਿਸ਼ਨਰ ਨੂੰ ਮੁਖਾਤਿਬ ਹੁੰਦੇ ਆਖਿਆ ਕਿ ਸਾਨੂੰ ਕੌਮੀ ਅਜਾਦੀ ਦੀ ਅਵਾਜ ਬੁਲੰਦ ਕਰਨ ਤੋਂ ਕੋਈ ਨਹੀਂ ਰੋਕ ਸਕਦਾ। ਜੇ ਤੁਸੀਂ ਇਸੇ ਰਸਤੇ ਚੱਲਣਾ ਹੈ ਤਾਂ ਅਸੀਂ ਵੀ ਪੂਰੀ ਤਿਆਰੀ ਨਾਲ ਆਇਆ ਕਰਾਂਗੇ। ਤੁਹਾਡੀ ਕੋਈ ਚਾਲ ਸਾਡੇ ਰਾਹ ਵਿੱਚ ਰੋੜਾ ਨਹੀਂ ਅਟਕਾ ਸਕਦੀ। ਸਾਡਾ (ਸਿੱਖ ਕੌਮ ਦਾ) ਨਿਸ਼ਾਨਾ ਕੇਵਲ ਖਾਲਿਸਤਾਨ ਹੈ ਜਿਸ ਵਾਸਤੇ ਆਖਰੀ ਸਾਹ ਤੱਕ ਯਤਨ ਜਾਰੀ ਰੱਖਾਂਗੇ। ਜ਼ਿਕਰਯੋਗ ਕਿ ਅਜਿਹਾ ਪਹਿਲੀ ਵਾਰ ਵਾਪਰਿਆ ਹੈ ਕਿ ਰੋਸ ਮੁਜਾਹਰੇ ਦੇ ਖਿਲਾਫ ਰੋਸ ਮੁਜਾਹਰਾ ਕਰਵਾਉਣ ਦੀ ਕਿਸੇ ਨੇ ਚਾਲ ਚੱਲੀ ਹੋਵੇ, ਕਿਉਂਕਿ ਇੰਗਲੈਂਡ ਵਿੱਚ ਹਰ ਵਿਅਕਤੀ ਨੂੰ ਆਪਣੀ ਗੱਲ ਕਰਨ ਅਤੇ ਕਿਸੇ ਵਧੀਕੀ ਜਾਂ ਜੁਲਮ ਖਿਲਾਫ ਅਵਾਜ ਉਠਾਉਣ ਦਾ ਹੱਕ ਹੈ । ਪਰ ਭਾਰਤੀ ਦੂਤਾਵਾਸ ਦੇ ਅਧਿਕਾਰੀਆਂ ਨੇ ਆਪਣੇ ਪੁਰਖਿਆਂ ਦੀ ਚਾਣਕਿਆ ਨੀਤੀ ਤੇ ਚਲਦਿਆਂ ਬਜੁਰਗਾਂ ਅਤੇ ਬੀਬੀਆਂ ਤੋਂ ਇਲਾਵਾ ਛੋਟੇ ਛੋਟੇ ਬੱਚਿਆਂ ਨੂੰ ਅੱਗੇ ਕਰਕੇ ਇਹਨਾਂ ਰੋਸ ਮੁਜਾਹਰੇ ਦਾ ਦੋ ਵਾਰ ਵਿਰੋਧ ਕਰਵਾਇਆ ਹੈ। ਜਿਕਰਯੋਗ ਹੈ ਕਿ ਇਹ ਮੋਦੀ ਭਗਤ ਹਰ ਵਾਰ ਭਾਰਤੀ ਅੰਬੈਸੀ ਵਿੱਚੋਂ ਹੀ ਨਿਕਲਦੇ ਅਤੇ ਵਾਪਸ ਵੜਦੇ ਦੇਖੇ ਗਏ ਹਨ। ਭਾਰਤ ਦਾ ਫਿਰਕਾਪ੍ਰਸਤ ਹਿੰਦੂਤਵੀ ਮੀਡੀਆ ਇਹਨਾਂ ਦੇ ਪੱਖ ਵਿੱਚ ਭੁਗਤ ਕੇ ਅਜਾਦੀ ਪਸੰਦ ਸਿੱਖਾਂ ਅਤੇ ਕਸ਼ਮੀਰੀਆਂ ਦਾ ਅਕਸ ਖਰਾਬ ਕਰਨ ਦਾ ਕੋਝਾ ਯਤਨ ਕਰਦਾ ਹੈ।

**-ਯੂਨਾਈਟਿਡ ਖਾਲਸਾ ਦਲ ਯੂਕੇ**


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.






Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



Capital services
CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

### ਜਸਟਿਸ ਗੁਰਨਾਮ ਸਿੰਘ ਜਾਂਚ ਪੜਤਾਲ ਕਮਿਸ਼ਨ, ਪੰਜਾਬ

# ਹਵਾਲਾ ਨਕੋਦਰ ਘਟਨਾ

## ਜਾਂਚ ਪੜਤਾਲ ਰਿਪੋਰਟ

ਚੰਡੀਗੜ੍ਹ, ਅਕਤੂਬਰ 31, 1986

**4 ਫਰਵਰੀ 1986 ਨੂੰ ਪੰਜਾਬ ਦੇ ਜਲੰਧਰ ਜ਼ਿਲ੍ਹੇ ਵਿਚ ਪੈਂਦੇ ਕਸਬਾ ਨਕੋਦਰ ਵਿਖੇ ਇਕ ਹੌਲਨਾਕ ਕਾਂਡ ਵਾਪਰਿਆ ਸੀ। ਅਖੌਤੀ ਸ਼ਿਵ ਸੈਨਿਕਾਂ ਨੇ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੀ ਬੇਅਦਬੀ ਕੀਤੀ ਸੀ। ਸਿੱਖ ਸੰਗਤਾਂ ਨੇ ਜਦੋਂ ਰੋਸ ਵਿਚ ਅਮਨ-ਪੂਰਵਕ ਜਲੂਸ ਕੱਢਿਆ ਤਾਂ ਪੁਲਿਸ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਦੇ ਲਾਠੀਚਾਰਜ ਕੀਤਾ। ਇਸ ਦੌਰਾਨ ਚਾਰ ਸਿੱਖ ਨੌਜਵਾਨ ਸ਼ਹੀਦ ਹੋਏ ਤੇ ਸੈਂਕੜੇ ਜ਼ਖਮੀ ਹੋਏ। ਇਸ ਬਾਬਤ ਤਤਕਾਲੀਨ ਸੁਰਜੀਤ ਸਿੰਘ ਬਰਨਾਲਾ ਦੀ ਅਕਾਲੀ ਸਰਕਾਰ ਨੇ ਜਾਂਚ ਵਾਸਤੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਸਥਾਪਨਾ ਕੀਤੀ ਸੀ, ਜਿਸ ਦੀ ਰਿਪੋਰਟ ਲੰਮਾ ਸਮਾਂ ਦਬਾ ਕੇ ਰੱਖਣ ਤੋਂ ਬਾਅਦ ਸਾਲ 2001 ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੇਲੇ ਵਿਧਾਨ ਸਭਾ 'ਚ ਪੇਸ਼ ਹੋਈ ਪਰ ਬਾਦਲ ਸਰਕਾਰ ਨੇ ਵੀ ਕੋਈ ਕਾਰਵਾਈ ਕਰਨ ਦੀ ਥਾਂ ਇਸ ਰਿਪੋਰਟ ਨੂੰ ਮੁੜ ਨੱਪ ਲਿਆ। ਲੰਮੀ ਜੱਦੋਜਹਿਦ ਤੋਂ ਬਾਅਦ ਆਖਿਰ ਮੁੜ ਇਸ ਰਿਪੋਰਟ ਨੂੰ ਬਾਹਰ ਲਿਆਉਣ ਵਿਚ ਕਾਮਯਾਬੀ ਮਿਲੀ ਹੈ। ਅਦਾਰਾ "ਅੰਮ੍ਰਿਤਸਰ ਟਾਈਮਜ਼" ਵੱਲੋਂ ਜਸਟਿਸ ਗੁਰਨਾਮ ਸਿੰਘ ਰਿਪੋਰਟ ਦਾ ਹੂਬਹੂ ਉਤਾਰਾ ਪਾਠਕਾਂ ਦੀ ਨਜ਼ਰ ਕੀਤਾ ਜਾ ਰਿਹਾ ਹੈ-ਸੰਪਾਦਕ।**

## ਭਾਗ ਪੰਜਵਾਂ

(ਲੜੀ ਜੋੜਨ ਲਈ ਪਿਛਲੇ ਅੰਕ ਵੇਖੋ)

35. ਸਰਵਸ਼੍ਰੀ ਸੁਭਾਸ਼ ਗੁਪਤਾ, ਸਪੁੱਤਰ ਸ੍ਰੀ ਮੋਹਨ ਲਾਲ ਗੁਪਤਾ, ਮਾਲਕ ਬਾਂਸਲ ਅਤੇ ਉਸ ਦੀ ਪਤਨੀ ਸ੍ਰੀਮਤੀ ਸਤਨਾਮ ਕੌਰ ਅਤੇ ਹੋਰਨਾਂ ਨੇ ਇਹ ਧਮਕੀ ਦਿੱਤੀ ਸੀ ਕਿ ਜੇਕਰ 'ਪਵਿੱਤਰ ਬੀੜਾਂ' ਗੋਇੰਦਵਾਲ ਸਾਹਿਬ ਲਿਜਾਈਆਂ ਗਈਆਂ ਤਾਂ ਉਸ ਸੂਰਤ ਵਿਚ ਕਾਰਵਾਈ ਦੇ ਭਿਆਨਕ ਸਿੱਟੇ ਨਿਕਲਣਗੇ। ਭਾਵੇਂ ਸ੍ਰੀ ਸੁਰਜੀਤ ਸਿੰਘ ਰਾਜਪੂਤ ਐਸ.ਡੀ.ਐਮ. ਅਤੇ ਸ੍ਰੀ ਗੋਪਾਲ ਸਿੰਘ ਘੁੰਮਣ ਡੀ.ਐਸ.ਪੀ. ਦੇ ਮੁਤਾਬਕ ਮਿਤੀ 2 ਫਰਵਰੀ 1986 ਨੂੰ ਗੁਰਦੁਆਰੇ ਵਿਚ ਇਕੱਠੇ ਹੋਏ ਵਿਅਕਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਜਲੀਆਂ ਹੋਈਆਂ ਬੀੜਾਂ ਨੂੰ ਗੋਇੰਦਵਾਲ ਸਾਹਿਬ ਲਿਜਾਣ ਲਈ ਰਜ਼ਾਮੰਦ ਹੋ ਗਏ ਸਨ, ਪ੍ਰੰਤੂ ਸ੍ਰੀ ਗੁਰਚਰਨ ਸਿੰਘ ਦੁਆਰਾ ਕੀਤੇ ਹਲਫ਼ਨਾਮੇ ਮੁਤਾਬਕ ਸਿੱਖ ਭਾਈਚਾਰੇ ਨੇ ਸਮੁੱਚੇ ਤੌਰ 'ਤੇ ਕਿਸੇ ਸੀਨੀਅਰ ਪੁਲਿਸ ਅਫਸਰ ਦੁਆਰਾ ਤੀਬਰ ਤਫ਼ਤੀਸ਼ ਦੀ ਮੰਗ ਕੀਤੀ ਸੀ ਅਤੇ ਸਿੱਖ ਭਾਈਚਾਰੇ ਦਾ ਕੋਈ ਵੀ ਮੈਂਬਰ ਪਵਿੱਤਰ ਬੀੜਾਂ ਦੇ ਸਸਕਾਰ ਲਈ ਰਜ਼ਾਮੰਦ ਨਹੀਂ ਸੀ ਹੋਇਆ। ਸ੍ਰੀ ਗੁਰਚਰਨ ਸਿੰਘ ਦੇ ਹਲਫ਼ਨਾਮੇ ਵਿਚ ਦਰਜ ਤੱਥਾਂ ਦੀ ਸ੍ਰੀ ਸੁਭਾਸ਼ ਚੰਦਰ ਗੁਪਤਾ, ਸੂਰਜ ਪ੍ਰਕਾਸ਼ ਦੇ ਹਲਫ਼ਨਾਮਿਆਂ ਤੋਂ ਪ੍ਰੋੜਤਾ ਹੁੰਦੀ ਹੈ ਕਿਉਂਕਿ ਉਨ੍ਹਾਂ ਮੁਤਾਬਕ ਵੀ ਸਿੱਖਾਂ ਨੇ ਜਲੀਆਂ ਹੋਈਆਂ ਬੀੜਾਂ ਦੇ ਨਿਪਟਾਰੇ ਦਾ ਵਿਰੋਧ ਕੀਤਾ ਸੀ ਅਤੇ ਸ੍ਰੀਮਤੀ ਸਤਨਾਮ ਕੌਰ ਨੇ ਇਹ ਧਮਕੀ ਦਿੱਤੀ ਸੀ ਕਿ ਜਲੀਆਂ ਹੋਈਆਂ ਪਵਿੱਤਰ ਬੀੜਾਂ ਨੂੰ ਲਿਜਾਣ ਲਈ ਲਿਆਂਦੀ ਮੈਟਾਡੋਰ ਉਸ ਦੀ ਲਾਸ਼ ਤੋਂ ਗੁਜ਼ਰ ਕੇ ਜਾਵੇਗੀ।

36. ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਅਤੇ ਸੀਨੀਅਰ ਸੁਪਰਡੈਂਟ ਪੁਲਿਸ ਮਿਤੀ 3 ਫਰਵਰੀ 1986 ਨੂੰ ਸਵੇਰੇ 9.00 ਵਜੇ ਨਕੋਦਰ ਥਾਣੇ ਪਹੁੰਚੇ ਅਤੇ ਉਥੇ ਉਨ੍ਹਾਂ ਨੂੰ ਇਹ ਸੂਚਨਾ ਮਿਲੀ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਾਰਜਕਰਤਾਵਾਂ ਨੇ ਨਕੋਦਰ-ਜਲੰਧਰ ਸੜਕ ਉਤਲੇ ਨਹਿਰ ਦੇ ਪੁਲ 'ਤੇ ਆਵਾਜਾਈ ਰੋਕ ਲਈ ਹੈ। ਉਹ ਘਟਨਾ ਸਥਲ ਤੇ ਗਏ ਅਤੇ ਉਨ੍ਹਾਂ ਨੇ ਦੇਖਿਆ ਕਿ ਇਕ ਬੱਸ, ਜਿਸ ਦੇ ਟਾਇਰਾਂ ਦੀ ਹਵਾ ਕੱਢੀ ਹੋਈ ਹੈ, ਸੜਕ ਤੇ ਖੜ੍ਹੀ ਹੈ ਅਤੇ ਪਰਮਜੀਤ ਸਿੰਘ ਮੱਲੀ, ਬੱਸ ਦੀ ਛੱਤ ਤੋਂ ਲੜਕਿਆਂ ਨੂੰ ਜੋ ਸੜਕ ਤੇ ਚੌਂਕੜੀ ਮਾਰ ਕੇ ਬੈਠੇ ਸਨ, ਨੂੰ ਸੰਬੋਧਨ ਕਰ ਰਿਹਾ ਹੈ, ਅਗਵਾਹੀ ਸਥਾਨਕ ਦਲ ਦੇ ਵਰਕਰ ਅਤੇ ਨਗਰ ਦੇ ਹੋਰ ਵਿਅਕਤੀ ਕਰ ਰਹੇ ਸਨ। ਕੁਝ ਵਿਅਕਤੀ ਗੁਰਦੁਆਰਾ ਸਾਹਿਬ ਵੱਲ ਗਏ ਜਦੋਂ ਕਿ ਦੂਜੇ ਵਿਅਕਤੀ ਜਿਨ੍ਹਾਂ ਵਿਚ ਜਿਆਦਾਤਰ ਨੌਜਵਾਨ ਸਨ, ਜਿਨ੍ਹਾਂ ਦੀ ਅਗਵਾਹੀ ਏ.ਆਈ.ਐਸ.ਐਸ.ਐਫ਼ ਦੇ ਕਾਰਜਕਰਤੇ ਕਰ ਰਹੇ ਸਨ, ਸਬਜੀ ਮੰਡੀ ਵੱਲ ਗਏ, ਉਹ ਸਾਰੇ ਤਹਿਸੀਲ ਬਾਜ਼ਾਰ ਅਤੇ ਹਸਪਤਾਲ ਸੜਕ ਤੋਂ ਲੰਘਦੇ ਹੋਏ ਥਾਣੇ ਪਹੁੰਚੇ ਅਤੇ ਲਾਠੀਆਂ ਨਾਲ ਬੰਦ ਪਈਆਂ ਦੁਕਾਨਾਂ ਨੂੰ ਕੁਝ ਨੁਕਸਾਨ ਪਹੁੰਚਾਇਆ। ਏ.ਡੀ.ਸੀ. ਅਤੇ ਐਸ.ਡੀ.ਐਮ. ਦੁਆਰਾ ਹੋਰ ਇਹ ਬਿਆਨ ਵੀ ਦਿੱਤਾ ਗਿਆ ਕਿ ਸ੍ਰੀ ਕੁਲਦੀਪ ਸਿੰਘ ਵਡਾਲਾ ਮੈਂਬਰ ਵਿਧਾਨ ਸਭਾ, ਨਕੋਦਰ ਵੀ ਉਥੇ ਆਏ ਅਤੇ ਉਹ ਅਧਿਕਾਰੀਆਂ ਨੂੰ ਮਿਲੇ। ਸਥਾਨਕ ਅਧਿਕਾਰੀਆਂ ਦੇ ਮੁਤਾਬਕ ਏ.ਆਈ.ਐਸ.ਐਸ. ਐਫ਼ ਕਾਰਕੁਨਾਂ ਨੇ ਆਪਣਾ ਧਰਨਾ ਹਟਾ ਦਿੱਤਾ ਅਤੇ ਲਗਭਗ ਸ਼ਾਮ ਦੇ 4.30 ਵਜੇ ਖਿੰਡ ਪੁੰਡ ਗਏ। ਉਸ ਤੋਂ ਬਾਅਦ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਆਪਣੇ ਨਾਲ ਹੋਰ ਅਫ਼ਸਰਾਂ ਸਮੇਤ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਨੂੰ ਗਏ। ਸ਼ਾਮ ਦੇ ਤਕਰੀਬਨ 7.00 ਵਜੇ ਜਦੋਂ ਉਹ ਅਜੇ ਉਥੇ ਹੀ ਸੀ, ਉਸ ਨੂੰ ਇਹ ਪਤਾ ਲੱਗਾ ਕਿ ਸ੍ਰੀ ਰਮਾਕਾਂਤ ਜਲੋਟਾ ਅਤੇ ਹਿੰਦੂ ਸ਼ਿਵ ਸੈਨਾ ਦੇ ਨੇਤਾ ਨਕੋਦਰ ਵਿਖੇ ਪਹੁੰਚ ਗਏ ਸਨ ਅਤੇ ਹਿੰਦੂ ਸ਼ਿਵ ਸੈਨਾ ਦੇ ਕਾਰਜਕਰਤਾ ਦੁਆਰਾ ਵੀ ਇਕ ਜਲੂਸ ਕੱਢਿਆ ਗਿਆ। ਏ.ਡੀ. ਸੀ.ਅਤੇ ਹੋਰਨਾਂ ਵਿਅਕਤੀਆਂ ਨੇ ਇਸ ਤੱਥ ਦੀ ਪੁਸ਼ਟੀ ਕਰਨ ਲਈ ਗੁਰਦੁਆਰਾ ਛੱਡ ਦਿੱਤਾ ਅਤੇ ਉਸ ਨੂੰ ਇਹ ਪਤਾ ਲੱਗਾ ਕਿ ਸ੍ਰੀ ਰਮਾਂਕਾਂਤ ਜਲੋਟਾ ਨੇ ਹਿੰਦੂ ਸ਼ਿਵ ਸੈਨਾ ਦੇ ਇਕੱਠ ਨੂੰ ਸੰਬੋਧਨ ਕੀਤਾ ਸੀ ਜਿਸ ਨਾਲ ਨਗਰ ਵਿਚ ਸਥਿਤੀ ਤਣਾਓ ਪੂਰਨ ਸੀ।



37. ਗੁਰਦੁਆਰੇ ਵਿਚ ਪਵਿੱਤਰ ਬੀੜਾਂ ਦਾ ਜਲਣਾ ਇਕ ਬਹੁਤ ਵੱਡਾ ਦੁਖਾਂਤ ਸੀ। ਏ.ਡੀ.ਸੀ.ਅਤੇ ਐਸ. ਐਸ.ਪੀ. ਨੂੰ ਮਿਤੀ 2 ਫਰਵਰੀ, 1986 ਨੂੰ ਇਸ ਵਾਕਿਆ ਬਾਰੇ ਸੂਚਿਤ ਕਰ ਦਿੱਤਾ ਗਿਆ ਸੀ। ਨਕੋਦਰ ਵਿਖੇ ਅਫ਼ਸਰ ਇਹ ਜਾਨਣ ਲਈ ਆਏ ਸਨ ਕਿ ਸਿੱਖ ਭਾਈਚਾਰਾ ਸ਼ਹਿਰ ਵਿਚ ਜਲੂਸ ਕੱਢਣ ਅਤੇ ਮਿਤੀ 3 ਫਰਵਰੀ, 1986 ਨੂੰ ਬੰਦ ਰੱਖਣ ਲਈ ਬਜਿੱਦ ਸੀ ਅਤੇ ਐਸ.ਡੀ.ਐਮ. ਨੇ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਜਲੰਧਰ ਨੂੰ ਰਾਤ ਦੇ ਤਕਰੀਬਨ 9.45 ਵਜੇ ਇਨ੍ਹਾਂ ਘਟਨਾਵਾਂ ਤੋਂ ਜਾਣੂ ਕਰਵਾ ਦਿੱਤਾ ਸੀ, ਪ੍ਰੰਤੂ ਸਥਿਤੀ ਨੂੰ ਕਾਬੂ ਰੱਖਣ ਸੰਬੰਧੀ ਕੋਈ ਉਪਰਾਲਾ ਨਹੀਂ ਸੀ ਕੀਤਾ ਗਿਆ। ਉਨ੍ਹਾਂ ਨੇ ਸਥਿਤੀ ਦੀ ਗੰਭੀਰਤਾ ਨਹੀਂ ਸੀ ਦੇਖੀ। ਉਨ੍ਹਾਂ ਨੂੰ ਇਹ ਸੂਚਿਤ ਕੀਤਾ ਗਿਆ ਕਿ ਹਿੰਦੂ ਸ਼ਿਵ ਸੈਨਾ ਨੇ ਵੀ ਨਗਰ ਵਿਚ ਸੰਪਤੀ ਦਾ ਨੁਕਸਾਨ ਕੀਤਾ ਸੀ । ਉਨ੍ਹਾਂ ਨੇ ਹਿੰਦੂ ਲੜਕਿਆਂ ਨੂੰ ਹਥਿਆਰਾਂ ਸਮੇਤ ਦੇਖਿਆ ਸੀ। ਸ੍ਰੀ ਗੁਰਚਰਨ ਸਿੰਘ, ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਹਲਫ਼ਨਾਮੇ ਵਿਚ ਇਹ ਦਰਸਾਇਆ ਗਿਆ ਹੈ ਕਿ ਸ਼ਾਮ ਨੂੰ ਤਕਰੀਬਨ 7.00 ਵਜੇ ਸ਼ਿਵ ਸੈਨਾ ਦੇ ਮੈਂਬਰਾਂ ਨੇ ਕਿਰਪਾਨਾਂ, ਗੰਡਾਸੇ ਅਤੇ ਤ੍ਰਿਸ਼ੂਲ ਵਰਗੇ ਮਾਰੂ ਹਥਿਆਰਾਂ ਦਾ ਇਕ ਸਮਾਂਤਰ ਮੁਜ਼ਾਹਰਾ ਵੀ ਕੀਤਾ ਅਤੇ ਉਹ ਇਹੋ ਜਿਹੇ ਨਾਹਰੇ ਬੁਲੰਦ ਕਰ ਰਹੇ ਸਨ, ਨੀਲੀ ਪੀਲੀ ਰਹਿਣ ਨਹੀਂ ਦੇਣੀ, ਸਤਿ ਸ੍ਰੀ ਅਕਾਲ ਕਹਿਣ ਨਹੀਂ ਦੇਣੀ, ਖੱਟਾ ਮਿੱਠਾ ਖਾਲਸਾ ਰਹਿਣ ਨਹੀਂ ਦੇਣਾ, ਖਾਲਸਾ ਕੱਛ, ਕੜਾ, ਕਿਰਪਾਨ ਇਹਨੂੰ ਭੇਜੋ ਪਾਕਿਸਤਾਨ। ਸ੍ਰੀ ਸੁਰਜੀਤ ਸਿੰਘ ਰਾਜਪੂਤ ਐਸ.ਡੀ.ਐਮ. ਨੇ ਕਮਿਸ਼ਨ ਵਲੋਂ ਨਿਰੀਖਣ ਕਰਦੇ ਸਮੇਂ ਇਹ ਵੀ ਬਿਆਨ ਦਿੱਤਾ ਸੀ ਕਿ ਜਦੋਂ ਉਹ ਗੁਰਦੁਆਰੇ ਵਿਚ ਸਨ ਤਾਂ ਉਨ੍ਹਾਂ ਨੂੰ ਇਹ ਪਤਾ ਲੱਗਾ ਕਿ ਸ਼ਿਵ ਸੈਨਾ ਦੇ ਲੋਕ ਮੰਦਰ ਵਿਚ ਇਕੱਠੇ ਹੋਏ ਸਨ ਜਿੱਥੇ ਸ੍ਰੀ ਰਮਾਂਕਾਂਤ ਜਲੋਟਾ ਵੀ ਆਇਆ ਸੀ ਅਤੇ ਕਿ ਉਨ੍ਹਾਂ ਨੇ ਇਕ ਜਲੂਸ ਕੱਢਿਆ ਸੀ। ਉਸ ਨੇ ਹੋਰ ਇਹ ਬਿਆਨ ਦਿੱਤਾ ਸੀ ਕਿ ਉਹ ਮੰਦਰ ਵੱਲ ਗਏ ਅਤੇ ਉਨ੍ਹਾਂ ਨੇ ਹੱਥਾਂ ਵਿਚ ਗੰਡਾਸੇ ਫੜੇ ਕੁਝ ਮੋਨੇ ਨੌਜਵਾਨ ਵੀ ਵੇਖੇ ਅਤੇ ਉਸ ਨੇ ਕਾਨੂੰਨ ਤੇ ਵਿਵਸਥਾ ਦੀ ਸਥਿਤੀ ਦਾ ਅੰਦਾਜਾ ਲਗਾਇਆ, ਏ.ਡੀ.ਸੀ. ਨੇ ਕਰਫਿਊ ਲਗਾ ਦਿੱਤਾ। ਇਹ ਇਸ ਪੜਾਅ ਤੇ ਹੀ ਐਸ.ਐਸ.ਪੀ. ਨੇ ਵੀ ਏ.ਡੀ.ਸੀ. ਨੂੰ ਕਰਫਿਊ ਨਾ ਲਗਾਉਣ ਦਾ ਸੁਝਾਅ ਦਿੱਤਾ ਸੀ। ਏ.ਡੀ.ਸੀ. ਨੇ ਆਪਣੇ ਹਲਫ਼ਨਾਮੇ ਵਿਚ ਇਹ ਬਿਆਨ ਦਿੱਤਾ ਸੀ ਕਿ ਉਸ ਦੀ ਇਸ ਗੱਲੋਂ ਤਸੱਲੀ ਹੈ ਕਿ ਫੌਰ ਨਿਰੋਧਕ ਅਤੇ ਤੇਜੀ ਵਾਲੇ ਉਪਰਾਲੇ ਵਜੋਂ ਕਰਫਿਊ ਲਗਾਇਆ ਜਾਣਾ ਜ਼ਰੂਰੀ ਸੀ। ਸ੍ਰੀ ਇਜ਼ਹਾਰ ਆਲਮ ਐਸ.ਐਸ.ਪੀ. ਨੇ ਕਮਿਸ਼ਨਰ ਦੇ ਸਾਹਮਣੇ ਵੀ ਬਿਆਨ ਦਿੱਤਾ ਸੀ ਕਿ 3 ਤਾਰੀਖ ਦੀ ਸ਼ਾਮ ਨੂੰ ਗੁਰਦੁਆਰਾ ਛੱਡਣ ਉਪਰੰਤ ਅਤੇ ਨਗਰ ਵਿਚ ਜਾਂਦੇ ਹੋਏ ਲੋਕਾਂ ਅਤੇ ਵਿਸ਼ੇਸ਼ ਕਰਕੇ ਹਿੰਦੂ ਲੜਕਿਆਂ ਦੇ ਗਰੁੱਪਾਂ ਨੂੰ ਹਿੰਸਾ ਲਈ ਤਿਆਰ ਹੁੰਦੇ ਹੋਏ ਦੇਖਦੇ ਸਮੇਂ ਉਸ ਨੇ ਆਪਣੇ ਇਹ ਵਿਚਾਰ ਬਣਾਇਆ ਕਿ ਸ਼ਾਂਤੀ ਭੰਗ ਹੋਣ ਦਾ ਖਤਰਾ ਸੀ। ਇੰਸਪੈਕਟਰ ਜਸਕੀਰਤ ਸਿੰਘ ਐਸ.ਐਚ.ਓ. ਨਕੋਦਰ ਨੇ ਇਹ ਵੀ ਬਿਆਨ ਦਿੱਤਾ ਕਿ ਏ.ਆਈ. ਐਸ.ਐਸ.ਐਫ਼. ਨੇ ਸ਼ਹਿਰ ਵਿਚ ਜਲੂਸ ਕੱਢਿਆ ਸੀ ਅਤੇ ਕੁਝ ਸੰਪਤੀ ਦਾ ਨੁਕਸਾਨ ਵੀ ਕੀਤਾ ਸੀ ਅਤੇ ਭਾਰਤੀ ਦੰਡਾਵਲੀ ਕੋਡ ਦੀਆਂ ਧਾਰਾਵਾਂ 124 ਏ, 188, 148, 149 ਅਤੇ 506 ਦੇ ਤਹਿਤ ਕੇਸ ਪਹਿਲੀ ਸੂਚਨਾ ਰਿਪੋਰਟ ਨੰ.51 ਦਰਜ ਕੀਤਾ ਗਿਆ ਸੀ ਅਤੇ ਕਿ ਉਸੇ ਸ਼ਾਮ ਹਿੰਦੂ ਸ਼ਿਵ ਸੈਨਾ ਦੇ ਲੋਕਾਂ ਨੇ ਜਲੂਸ ਕੱਢਿਆ ਅਤੇ ਕੁਝ ਜਾਇਦਾਦ ਦਾ ਨੁਕਸਾਨ ਵੀ ਕੀਤਾ ਜਿਸ ਦੇ ਸਬੰਧ ਵਿਚ ਕੇਸ ਪਹਿਲੀ ਸੂਚਨਾ ਰਿਪੋਰਟ ਨੰ. 52 ਦਰਜ ਕੀਤੀ ਗਈ ਸੀ।

38. ਗੁਰੂ ਗ੍ਰੰਥ ਸਾਹਿਬ ਦੀਆਂ ਪਵਿੱਤਰ ਦੇ ਜਲਾਏ ਜਾਣ ਸੰਬੰਧੀ ਕੇਸ ਪਹਿਲੀ ਸੂਚਨਾ ਰਿਪੋਰਟ ਨੰ. 50 ਦਰਜ ਕੀਤੀ ਜਾ ਚੁੱਕੀ ਸੀ, ਪ੍ਰੰਤੂ ਇਉਂ ਜਾਪਦਾ ਹੈ ਕਿ ਪੁਲਿਸ ਅਫ਼ਸਰਾਂ ਦੀ ਇਨ੍ਹਾਂ ਤੱਥਾਂ ਤੋਂ ਹੀ ਤਸੱਲੀ ਰਹੀ ਕਿ ਕੋਈ ਵੀ ਵਿਅਕਤੀ ਗੁਰਦੁਆਰੇ ਦੇ ਅੰਦਰ ਆਉਂਦਿਆਂ ਜਾਂ ਗੁਰਦੁਆਰੇ ਦੇ ਬਾਹਰ ਜਾਂਦਿਆਂ ਨਹੀਂ ਦੇਖਿਆ ਗਿਆ ਸੀ ਅਤੇ ਅੱਗ ਲੱਗਣ ਦੀ ਘਟਨਾ ਇਤਫਾਕੀਆ ਸੀ। ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੀ ਪੁਲਿਸ ਅਫ਼ਸਰਾਂ ਦੇ ਇਸ ਨਤੀਜੇ ਨਾਲ ਤਸੱਲੀ ਨਹੀਂ ਸੀ ਹੋਈ ਕਿ ਅੱਗ ਲੱਗਣ ਦੀ ਘਟਨਾ ਇਤਫਾਕੀਆ ਸੀ ਅਤੇ ਇਸ ਨੂੰ ਦੇਖਦੇ ਹੋਏ ਇਹ ਜ਼ਰੂਰੀ ਸੀ ਕਿ ਇਸ ਮਾਮਲੇ ਸੰਬੰਧੀ ਕੁਝ ਤਫ਼ਤੀਸ਼ ਕਰਨ ਦੇ ਹੁਕਮ ਅਵੱਸ਼ ਜਾਰੀ ਕੀਤੇ ਗਏ ਹੋਣਗੇ। ਕਿਉਂ ਜੋ ਪੁਲਿਸ ਨੇ ਕਿਸੇ ਵੀ ਵਿਅਕਤੀ ਦਾ ਨਿਰੀਖਣ ਨਹੀਂ ਕੀਤਾ ਅਤੇ ਤਫ਼ਤੀਸ਼ ਨਹੀਂ ਕੀਤੀ । ਇਸ ਲਈ ਸਿੱਖ ਭਾਈਚਾਰੇ ਦੀ ਤਸੱਲੀ ਨਹੀਂ ਸੀ ਅਤੇ ਉਨ੍ਹਾਂ ਨੇ 3 ਫਰਵਰੀ 1986ਨੂੰ ਨਗਰ ਵਿਚ ਜਲੂਸ ਕੱਢਣ ਅਤੇ ਬੰਦ ਰੱਖਣ ਦਾ ਵੀ ਫੈਸਲਾ ਕੀਤਾ ਸੀ। ਇਸ ਸਮੇਂ ਦੌਰਾਨ ਏ ਆਈ ਐਸ ਐਫ਼ ਦੇ ਕਾਰਜਕਰਤਾ ਵੀ ਆ ਗਏ ਅਤੇ ਉਹ ਸ਼ਹਿਰ ਵਿਚ ਪ੍ਰਵੇਸ਼ ਕਰ ਗਏ ਅਤੇ ਇਹ ਇਲਜਾਮ ਲਗਾਇਆ ਜਾਂਦਾ ਹੈ ਕਿ ਉਨ੍ਹਾਂ ਨੇ ਸੰਪਤੀ ਨੂੰ ਕੁਝ ਨੁਕਸਾਨ ਪਹੁੰਚਾਇਆ ਸੀ। ਸ਼ਿਵ ਸੈਨਾ ਦੇ ਲੋਕਾਂ ਨੇ ਜਲੂਸ ਕੱਢਿਆ ਅਤੇ ਨਵੇਂ ਸ਼ਸਤਰਾਂ ਦਾ ਦਿਖਾਵਾ ਕੀਤਾ ਸੀ। ਸ੍ਰੀ ਸੁਰਜੀਤ ਸਿੰਘ ਰਾਜਪੂਤ ਐਸਡੀਐਮ ਨਕੋਦਰ ਦੀ ਇਹ ਗਵਾਹੀ ਸੀ ਕਿ 3 ਫਰਵਰੀ1986 ਨੂੰ ਸ਼ਾਮ ਦੇ ਸਮੇਂ ਤਕਰੀਬਨ 7.00 ਵਜੇ ਉਸ ਨੂੰ ਇਹ ਪਤਾ ਲੱਗਾ ਕਿ ਹਿੰਦੂ ਸ਼ਿਵ ਸੈਨਾ ਦੇ ਕਾਰਜਕਾਰਤਾ ਮੰਦਰ ਵਿਚ ਇਕੱਠੇ ਹੋਏ ਸਨ ਅਤੇ ਉਨ੍ਹਾਂ ਨੇ ਇਕ ਜਲੂਸ ਕੱਢਿਆ ਸੀ। ਇਹ ਜਾਪਦਾ ਹੈ ਕਿ ਉਦੋਂ ਤੱਕ ਪ੍ਰਸ਼ਾਸਨ ਦੁਆਰਾ ਸਥਿਤੀ ਨੂੰ ਕਾਬੂ ਵਿਚ ਰੱਖਣ ਲਈ ਕੋਈ ਕਦਮ ਨਹੀਂ ਸੀ ਚੁੱਕਿਆ ਗਿਆ ਭਾਵੇਂ ਕਿ ਸ਼ਹਿਰ ਵਿਚ ਦਫ਼ਾ 144 ਦਾ ਪਹਿਲਾਂ ਹੀ ਐਲਾਨ ਕੀਤਾ ਜਾ ਚੁੱਕਾ ਸੀ, ਪ੍ਰੰਤੂ ਫਿਰ ਵੀ ਸਥਿਤੀ ਨੂੰ ਆਮ ਵਰਗੀ ਰੱਖਣ ਲਈ ਕਿਸੇ ਵਿਅਕਤੀ ਨੂੰ ਹਿਰਾਸਤ ਵਿਚ ਨਹੀਂ ਸੀ ਲਿਆ ਗਿਆ ਜਾਂ ਸੁੱਰਖਿਅਤ ਨਹੀਂ ਸੀ ਕੀਤਾ ਗਿਅ। ਇਨ੍ਹਾਂ ਸਾਰੀਆਂ ਘਟਨਾਵਾਂ ਸਦਕਾ ਸ਼ਹਿਰ ਵਿਚ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਵਿਗੜ ਗਈ ਸੀ ਅਤੇ ਕਰਫਿਊ ਲਗਾ ਦਿੱਤਾ ਗਿਆ ਸੀ। ਕਰਫਿਊ ਉਸ ਤੋਂ ਵੀ ਪਹਿਲਾਂ ਲਗਾਇਆ ਜਾ ਸਕਦਾ ਸੀ ਜਦੋਂ ਏ ਆਈ ਐਸ ਐਫ਼ ਦੇ ਨੇਤਾਵਾਂ ਨੇ ਪੁਲਿਸ ਦੇ ਸਾਹਮਣੇ ਮੁਜ਼ਾਹਰਾ ਕੀਤਾ ਸੀ ਅਤੇ ਲੋਕਾਂ ਨੂੰ ਅਗਲੇ ਦਿਨ ਸ਼ੇਰਪੁਰ ਪੁਲ ਤੇ ਇਕੱਠੇ ਹੋਣ ਲਈ ਕਿਹਾ ਗਿਆ ਸੀ ਅਤੇ ਇਹ ਅਨੁਮਾਨ ਲਗਾਇਆ ਜਾ ਸਕਦਾ ਸੀ ਕਿ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਵਿਗੜਨੀ ਸ਼ੁਰੂ ਹੋ ਗਈ ਸੀ। ਇਥੋਂ ਤੱਕ ਕਿ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਗੁਰੂ ਨੇ ਆਪਣੀ ਜਿਰ੍ਹਾ ਦੌਰਾਨ ਇਹ ਗੱਲ ਮੰਨੀ ਸੀ ਕਿ ਮਿਤੀ 2 ਫਰਵਰੀ ਨੂੰ ਰਾਤ ਦੇ ਤਕਰੀਬਨ 9.30 ਵਜੇ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਕ ਫਿਰਕੇ ਦੇ ਲੋਕਾਂ ਨੇ ਮਾਤਮੀ ਜਲੂਸ ਕੱਢਿਆ ਸੀ। ਉਨ੍ਹਾਂ ਨੇ ਇਹ ਮਹਿਸੂਸ ਕੀਤਾ ਕਿ ਇਹ ਕਾਨੂੰਨ ਤੇ ਵਿਵਸਥਾ ਦੀ ਸਮੱਸਿਆ ਹੋ ਸਕਦੀ ਹੈ। ਇਨ੍ਹਾਂ ਹਾਲਾਤਾਂ ਕਰਕੇ ਏ ਡੀ ਸੀ ਨੇ ਨਕੋਦਰ ਨਗਰ ਦੀਆਂ ਮਿਊਂਸਪਲ ਸੀਮਾਵਾਂ ਦੇ ਅੰਦਰ ਕਰਫਿਊ ਲਗਾ ਦਿੱਤਾ ਸੀ।

40. ਵਧੀਕ ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ. ਪੀ. ਮਿਤੀ 3 ਫਰਵਰੀ, 1986 ਨੂੰ ਜਲੰਧਰ ਵਾਪਸ ਆ ਗਏ ਸਨ। ਇਹ ਸ੍ਰੀ ਸੁਰਜੀਤ ਸਿੰਘ ਰਾਜਪੂਤ ਐਸ ਡੀ ਐਮ ਦੇ ਹਲਫ਼ਨਾਮੇ ਵਿਚ ਦੱਸਿਆ ਗਿਆ ਹੈ ਕਿ ਸਥਿਤੀ 4 ਫਰਵਰੀ,1986 ਨੂੰ ਉਹ ਨਕੋਦਾਰ ਥਾਣੇ ਵਿਚ ਹਾਜ਼ਰ ਸੀ, ਜਦੋਂ ਸਵੇਰੇ ਤਕਰੀਬਨ 9.00 ਵਜੇ ਇਹ ਸੂਚਨਾ ਮਿਲੀ ਕਿ ਬਾਬਾ ਜੋਗਿੰਦਰ ਸਿੰਘ ਯੂਨਾਈਟਿਡ (ਸਾਂਝੇ) ਅਕਾਲੀ ਦਲ ਦਾ ਕਨਵੀਨਰ, ਜਲੰਧਰ-ਨਕੋਦਰ ਸੜਕ ਉੱਤੇ ਸ਼ੇਰਪੁਰ ਪੁਲ ਵਾਲੇ ਪਾਸੇ ਤੋਂ ਨਕੋਦਰ ਨਗਰ ਦੇ ਕਰਫਿਊ ਵਾਲੇ ਇਲਾਕੇ ਅੰਦਰ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਹ ਆਪਣੇ ਹੋਰ ਅਫ਼ਸਰਾਂ ਸਮੇਤ ਘਟਨਾਸਥਲ ਤੇ ਪਹੁੰਚਿਆ ਅਤੇ ਬਾਬਾ ਜੋਗਿੰਦਰ ਸਿੰਘ ਨਾਲ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ। ਇਸ ਸਮੇਂ ਦੌਰਾਨ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਅਤੇ ਐਸ.ਐਸ.ਪੀ. ਜਲੰਧਰ ਵੀ ਉਥੇ ਪਹੁੰਚ ਗਏ ਅਤੇ ਉਹ ਬਾਬਾ ਜੋਗਿੰਦਰ ਸਿੰਘ ਨੂੰ ਸ਼ਹਿਰ ਵਿਚ ਦਾਖ਼ਲ ਨਾ ਹੋਣ ਲਈ ਮਨਾਉਣ ਲੱਗੇ ਅਤੇ ਅੰਤ ਨੂੰ ਉਹ ਘਟਨਾ ਸਥਾਨ ਛੱਡ ਗਿਆ। ਐਸ.ਡੀ.ਐਮ. ਦੇ ਹਲਫ਼ਨਾਮੇ ਵਿਚ ਹੋਰ ਇਹ ਵੀ ਦਰਸਾਇਆ ਗਿਆ ਹੈ ਕਿ ਜਲੰਧਰ-ਨਕੋਦਰ ਸੜਕ ਉੱਤੇ ਏ ਆਈ ਐਸ ਐਫ਼ ਦੇ ਕਾਰਜਕਰਤਾ ਵੀ ਵਾਪਸ ਮੁੜ ਗਏ ਅਤੇ ਮਾਲੜੀ ਵੱਲ ਚਲੇ ਗਏ। ਮਿਤੀ 4 ਫਰਵਰੀ 1986 ਨੂੰ ਦੁਪਹਿਰ ਦੇ ਸਮੇਂ ਪੁਲਿਸ ਨੂੰ ਇਹ ਸੂਚਨਾ ਮਿਲੀ ਕਿ ਏ ਆਈ ਐਸ ਐਸ ਐਫ਼ ਕਾਰਜਕਰਤਾ ਅਤੇ ਹੋਰ ਸਿੱਖ ਵੱਡੀ ਗਿਣਤੀ ਵਿਚ ਪਿੰਡ ਮਾਲੜੀ ਦੇ ਗੁਰਦੁਆਰੇ ਵਿਚ ਇਕੱਤਰ ਹੋਏ ਸਨ। ਅਜਿਹੇ ਲੋਕਾਂ ਦਾ ਸ਼ਹਿਰ ਵਿਚ ਪ੍ਰਵੇਸ਼ ਰੋਕਣ ਲਈ ਮਾਲੜੀ ਨਕੋਦਰ ਸੜਕ, ਜਲੰਧਰ-ਨਕੋਦਰ ਸੜਕ ਅਤੇ ਕਪੂਰਥਲਾ ਨਕੋਦਰ ਸੜਕ 'ਤੇ ਪੁਲਿਸ ਤੈਨਾਤ ਕਰ ਦਿੱਤੀ ਗਈ ਸੀ।

ਸ੍ਰੀ ਸੁਰਜੀਤ ਸਿੰਘ ਐਸ.ਪੀ.ਓ.ਡਿਟੈਕਟਿਕ ਨੂੰ ਮਾਲੜੀ-ਨਕੋਦਰ ਸੜਕ ਅਤੇ ਜਲੰਧਰ-ਨਕੋਦਰ ਸੜਕ ਦਾ ਇੰਚਾਰਜ ਥਾਪਿਆ ਗਿਆ। ਸ੍ਰੀ ਏ.ਕੇ. ਸ਼ਰਮਾ ਐਸ. ਪੀ. (ਆਪ੍ਰੇਸ਼ਨ) ਨੂੰ ਕਪੂਰਥਲਾ-ਨਕੋਦਰ ਸੜਕ ਦਾ ਇੰਚਾਰਜ ਲਗਾਇਆ ਗਿਆ ਸੀ, ਸਰਵਸ਼੍ਰੀ ਜੀ.ਐਸ. ਘੁੰਮਣ ਡੀ.ਐਸ.ਪੀ ਅਤੇ ਜਸਕੀਰਤ ਸਿੰਘ ਐਚ. ਐਚ.ਓ ਨਕੋਦਰ ਵੀ ਸ੍ਰੀ ਏ.ਕੇ. ਸ਼ਰਮਾ ਦੇ ਨਾਲ ਸਨ। ਸ੍ਰੀ ਏ.ਕੇ. ਸ਼ਰਮਾ ਦੇ ਕੋਲ ਸੀ.ਆਰ.ਪੀ.ਐਫ਼., ਬੀ.ਐਸ. ਐਫ਼ ਅਤੇ ਜ਼ਿਲ੍ਹਾ ਪੁਲਿਸ ਦੀ ਕੁੱਲ ਗਿਣਤੀ 100 ਵਿਅਕਤੀ ਸੀ। ਸ੍ਰੀ ਏ.ਕੇ. ਸ਼ਰਮਾ ਅਨੁਸਾਰ 1,200 ਤੋਂ ਅਧਿਕ ਵਿਅਕਤੀਆਂ ਦੀ ਭੀੜ ਸ਼ੇਰਪੁਰ ਪੁਲ ਵਿਖੇ ਇਕੱਠੀ ਹੋਈ ਸੀ ਅਤੇ ਉਨ੍ਹਾਂ ਲੋਕਾਂ ਨੂੰ ਸ੍ਰੀ ਪਰਮਜੀਤ ਸਿੰਘ ਮੱਲੀ ਨੇ ਸੰਬੋਧਨ ਕੀਤਾ ਸੀ ਅਤੇ ਅਰਦਾਸ ਕੀਤੀ ਗਈ ਸੀ ਤਾਂ ਜੋ ਉਹ ਸ਼ਹਿਰ ਵਿਚ ਸਫ਼ਲਤਾ ਪੂਰਬਕ ਦਾਖ਼ਲ ਹੋ ਸਕਣ ਅਤੇ ਭੀੜ ਜ਼ਿਆਦਾ ਹਿੰਸਾ ਦੇ ਰੌਂਅ ਵਿਚ ਸੀ ਅਤੇ ਉਹ ਕਰਫਿਊ ਹੁਕਮਾਂ ਦੀ ਉਲੰਘਣਾ ਕਰਨ ਲਈ ਉਤਾਰੂ ਸੀ। ਸ੍ਰੀ ਸ਼ਰਮਾ ਨੇ ਹੋਰ ਇਹ ਗਵਾਹੀ ਦਿੱਤੀ ਕਿ ਉਸ ਨੇ ਪੁਲਿਸ ਕਰਮਚਾਰੀਆਂ ਨੂੰ ਜ਼ਰੂਰਤ ਪੈਣ 'ਤੇ ਵਿਅਕਤੀਆਂ ਅਤੇ ਸਰਕਾਰੀ ਸੰਪਤੀ ਦਾ ਬਚਾਓ ਕਰਨ ਲਈ ਕਾਰਵਾਈ ਹਿੱਤ ਤਿਆਰ ਰਹਿਣ ਦਾ ਹੁਕਮ ਦਿੱਤਾ। ਉਸ ਨੇ ਹੰਝੂ ਗੈਸ ਦਸਤੇ ਅਤੇ ਲਾਠੀ ਪਾਰਟੀ ਨੂੰ ਵੀ ਸੁਚੇਤ ਰਹਿਣ ਦਾ ਹੁਕਮ ਦਿੱਤਾ। ਸ੍ਰੀ ਸ਼ਰਮਾ ਨੇ ਹਲਫ਼ਨਾਮੇ ਵਿਚ ਹੋਰ ਇਹ ਵੀ ਦਰਸਾਇਆ ਗਿਆ ਹੈ ਕਿ 'ਅਰਦਾਸ' ਤੋਂ ਬਾਅਦ ਸ੍ਰੀ ਪਰਮਜੀਤ ਸਿੰਘ ਮੱਲੀ ਨੇ ਭੀੜ ਪਾਸੋਂ ਪੁੱਛਿਆ 'ਜਿਹੜਾ ਵਿਅਕਤੀ ਵੀ ਇਸ ਮੰਤਵ ਲਈ ਮਰਨਾ ਚਾਹੁੰਦਾ ਹੈ ਅੱਗੇ ਆਵੇ' ਅਤੇ ਉਸ ਦੇ ਜਵਾਬ ਵਿਚ ਹਰੇਕ ਵਿਅਕਤੀ ਨੇ ਕਰਨ ਜਾਂ ਮਰਨ ਲਈ ਹੱਥ ਉੱਚੇ ਕੀਤੇ। ਆਪਣੇ ਹਲਫ਼ਨਾਮੇ ਵਿਚ ਸ੍ਰੀ ਸ਼ਰਮਾ ਹੋਰ ਇਹ ਕਹਿੰਦਾ ਹੈ ਕਿ ਪੂਰੀ ਤਰ੍ਹਾਂ ਹਥਿਆਰਬੰਦ ਅਤੇ ਚੜ੍ਹਾਈ ਵਾਲੀ ਭੀੜ ਕਰਫਿਊ ਦੇ ਹੁਕਮ ਦੀ ਉਲੰਘਣਾ ਕਰਕੇ ਨਕੋਦਰ ਸ਼ਹਿਰ ਵਿਚ ਦਾਖ਼ਲ ਹੋਣ ਲਈ ਤਿਆਰ ਸੀ। ਸਾਰੇ ਵਿਅਕਤੀਆਂ ਨੇ ਹਿੰਦੂ ਸ਼ਿਵ ਸੈਨਾ ਦੇ ਨੇਤਾਵਾਂ ਅਤੇ ਹੋਰਨਾਂ ਵਿਅਕਤੀਆਂ ਦੇ ਖਿਲਾਫ਼ ਸਿੱਧੀ ਕਾਰਵਾਈ ਕਰਨ ਲਈ ਉੱਚੀ ਆਵਾਜ਼ ਵਿਚ ਨਾਅਰੇ ਲਗਾਏ ਅਤੇ ਹੰਝੂ ਧੂੰਏ ਦੀ ਕਾਰਵਾਈ, ਜੋ ਸ਼ਾਇਦ ਪੁਲਿਸ ਵਰਤੋਂ ਵਿਚ ਲਿਆਵੇ, ਲਈ ਆਪਣੇ ਆਪ ਨੂੰ ਤਿਆਰ ਕਰਨ ਵਾਸਤੇ ਉਨ੍ਹਾਂ ਨੇ ਨਹਿਰ ਦੇ ਪਾਣੀ ਵਿਚ ਆਪਣੇ ਰੁਮਾਲੇ ਅਤੇ ਪਟਕੇ ਭਿਉਂ ਲਏ ਸਨ। ਸ੍ਰੀ ਸ਼ਰਮਾ ਨੇ ਹੋਰ ਇਹ ਵੀ ਗਵਾਹੀ ਦਿੱਤੀ ਕਿ ਬਾਅਦ ਦੁਪਹਿਰ 04:00 ਵਜੇ ਦੇ ਕਰੀਬ ਭੀੜ ਨੇ ਨਕੋਦਰ ਸ਼ਹਿਰ ਵੱਲ ਕੂਚ ਕਰ ਦਿੱਤਾ ਅਤੇ ਡੀ.ਐਸ.ਪੀ. ਨਕੋਦਰ ਸ੍ਰੀ ਜੀ ਐਸ ਘੁੰਮਣ ਨੇ ਲਾਊਡ ਸਪੀਕਰ 'ਤੇ ਉਨ੍ਹਾਂ ਨੂੰ ਚੇਤਾਵਨੀ ਦਿੱਤੀ ਕਿ ਉਨ੍ਹਾਂ ਦਾ ਕੂਚ (ਮਾਰਚ) ਗੈਰਕਾਨੂੰਨੀ ਅਤੇ ਬੇਲੋੜਾ ਹੈ ਅਤੇ ਜਦੋਂ ਤੱਕ ਕਰਫਿਊ ਲੱਗਾ ਹੋਇਆ ਹੈ, ਉਦੋਂ ਤੱਕ ਉਨ੍ਹਾਂ ਨੂੰ ਸ਼ਹਿਰ ਵਿਚ ਦਾਖ਼ਲ ਹੋਣ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ। ਉਸ ਨੇ ਹੋਰ ਇਹ ਵੀ ਬਿਆਨ ਦਿੱਤਾ ਕਿ ਭੀੜ ਨੇ ਉਨ੍ਹਾਂ ਦੀਆਂ ਬੇਨਤੀਆਂ ਤੇ ਧਿਆਨ ਨਹੀਂ ਧਰਿਆ ਅਤੇ ਪੁਲਿਸ ਨੂੰ ਭਾਰੀ ਮਾਤਰਾ ਵਿਚ ਇੱਟਾਂ-ਰੋੜੇ ਮਾਰਨੇ ਸ਼ੁਰੂ ਕਰ ਦਿੱਤੇ। ਕਿ ਉਸ ਨੇ ਹੰਝੂ-ਧੂੰਆਂ ਦਸਤੇ ਨੂੰ ਭੀੜ ਦੇ ਪਿਛਲੇ ਪਾਸੇ ਤੇ ਹੰਝੂ ਗੈਸ ਦੇ ਗੋਲੇ (ਸ਼ੈਲਜ਼) ਅਤੇ ਹੱਥ ਗੋਲੇ (ਗਰਨੇਡਜ਼) ਸੁੱਟਣ ਲਈ ਕਿਹਾ ਕਿ ਅੰਦੋਲਨਕਾਰੀਆਂ ਨੇ ਅੱਗੇ ਵਧਣਾ ਅਤੇ ਪੁਲਿਸ 'ਤੇ ਇੱਟ-ਰੋੜੇ ਸੁੱਟਣੇ ਜਾਰੀ ਰੱਖਿਆ ਕਿ ਉਸ ਨੇ ਲਾਠੀਚਾਰਜ ਦਾ ਹੁਕਮ ਦਿੱਤਾ, ਪ੍ਰੰਤੂ ਇਹ ਕੋਈ ਵਧੇਰੇ ਸਫ਼ਲ ਸਿੱਧ ਨਹੀਂ ਹੋਇਆ ਅਤੇ ਇਸੇ ਸਮੇਂ ਦੌਰਾਨ ਭੀੜ ਵਾਲੇ ਪਾਸਿਓਂ ਕਿਸੇ ਵਿਅਕਤੀ ਨੇ ਪੁਲਿਸ ਉੱਤੇ ਗੋਲੀ ਚਲਾਈ ਜਿਸ ਨਾਲ ਏ.ਐਸ.ਆਈ. ਜਸਵੰਤ ਸਿੰਘ ਜ਼ਖ਼ਮੀ ਹੋ ਗਿਆ। ਭੀੜ 'ਤੇ ਫੌਰਨ ਪਲਾਸਟਿਕ (ਰਬੜ ਦੀਆਂ ਗੋਲੀਆਂ) ਗੋਲੀਆਂ ਚਲਾਈਆਂ ਗਈਆਂ ਸਨ, ਪ੍ਰੰਤੂ ਇਸ ਦਾ ਲੋੜੀਂਦਾ ਇਛੁਕ ਕੋਈ ਪ੍ਰਭਾਵ ਨਾ ਹੋਇਆ ਕਿ ਭੀੜ ਨੇ ਕਰਫਿਊ ਵਾਲੇ ਇਲਾਕੇ ਤੋਂ 500 ਮੀਟਰ ਤੋਂ ਜ਼ਿਆਦਾ ਅੱਗੇ ਦਾ ਇਲਾਕਾ ਕਵਰ ਕਰ ਲਿਆ ਸੀ ਅਤੇ ਨਗਰ ਦੀ ਸੰਘਣੀ ਵਸੋਂ ਵਾਲੇ ਇਲਾ ਕੇ ਤੱਕ ਪਹੁੰਚ ਰਹੀ ਸੀ ਕਿ ਉਸ ਨੇ ਡੀ.ਐਸ. ਪੀ. ਸ੍ਰੀ ਜੀ.ਐਸ. ਘੁੰਮਣ ਨਾਲ ਸਲਾਹ ਮਸ਼ਵਰਾ ਕੀਤਾ ਅਤੇ ਉਚਿਤ ਕਾਰਵਾਈ ਕਰਨ ਸੰਬੰਧੀ ਹੁਕਮ ਦਿੱਤਾ ਕਿ ਉਸ ਨੇ ਡੀ.ਐਸ.ਪੀ. ਨੂੰ ਸੜਕ ਦੇ ਖੱਬੇ ਪਾਸੇ ਦਾ ਇੰਚਾਰਜ ਬਣਨ ਅਤੇ ਐਸ.ਐਚ.ਓ. ਨਕੋਦਰ ਨੂੰ ਕੇਂਦਰ ਵਿਚ ਰਹਿਣ ਅਤੇ ਆਪਣੇ ਆਪ ਨੂੰ ਸੱਜੇ ਪਾਸੇ ਰਹਿਣ ਲਈ ਪ੍ਰਤੀ ਨਿਯੁਕਤ (ਡਿਪਊਟ) ਕੀਤਾ ਅਤੇ ਜਦੋਂ ਭੀੜ ਦੁਆਰਾ ਪਥਰਾਵ ਕਰਨਾ ਅਤੇ ਗੋਲੀਆਂ ਚਲਾਈਆਂ ਜਾਣੀਆਂ ਘੱਟ ਨਾ ਹੋਈਆਂ ਅਤੇ ਪੁਲਿਸ ਦੇ ਪੰਜ ਵਿਅਕਤੀ ਜ਼ਖ਼ਮੀ ਹੋ ਗਏ ਸਨ ਤਾਂ ਉਦੋਂ ਨਿਯੰਤਰਿਤ ਗੋਲੀਆਂ ਚਲਾਉਣ ਦਾ ਆਖਰੀ ਹੀਲਾ ਕਰਨ ਤੋਂ ਛੁੱਟ ਕੋਈ ਵਿਕਲਪ ਨਹੀਂ ਸੀ ਬਚਿਆ ਅਤੇ ਉਸ ਨੇ ਇਹ ਹੁਕਮ ਦਿੱਤਾ ਕਿ ਡੀ.ਐਸ.ਪੀ. ਅਤੇ ਐਸ.ਐਚ.ਓ.ਦੀ ਕਮਾਨ ਹੇਠ ਨਿਯੰਤਰਿਤ ਗੋਲੀਆਂ ਚਲਾਉਣ ਦੀ ਕਾਰਵਾਈ ਕੀਤੀ ਜਾਵੇ। ਉਸ ਨੇ ਆਪਣੇ ਹਲਫ਼ਨਾਮੇ ਵਿਚ ਹੋਰ ਇਹ ਵੀ ਦੱਸਿਆ ਕਿ ਉਸ ਨੇ ਸੀ.ਆਰ. ਪੀ.ਐਫ਼. ਦੇ ਜਵਾਨਾਂ ਦੇ ਜ਼ਰੀਏ 7.62 ਰਾਈਫਲਾਂ (ਬੰਦੂਕਾਂ) ਨਾਲ 6 ਰੌਂਦ ਚਲਵਾਏ ਸਨ, ਜਸਕੀਰਤ ਸਿੰਘ ਐਸ.ਐਚ.ਓ. ਨੇ ਆਪਣੇ ਸੇਵਾ ਰਿਵਾਲਵਰ ਦੁਆਰਾ ਰੌਂਦ ਚਲਾਏ ਅਤੇ ਡੀ.ਐਸ.ਪੀ . ਦੇ ਗੰਨਮੈਨ ਦੁਆਰਾ ਦੋ ਰੌਂਦ ਚਲਾਏ ਗਏ ਸਨ। ਹੋਰ ਇਹ ਵੀ ਸ੍ਰੀ ਸ਼ਰਮਾ ਦੇ ਅਨੁਸਾਰ ਏ.ਡੀ.ਸੀ. ਅਤੇ ਐਸ.ਐਸ.ਪੀ. ਘਟਨਾ ਸਥਲ ਤੇ ਪਹੁੰਚਿਆ ਅਤੇ ਉਸ ਨੇ ਉਨ੍ਹਾਂ ਨੂੰ ਗੋਲੀਆਂ ਚੱਲਣ ਤੇ ਕਾਬੂ ਪਾਉਣ ਵਾਲੇ ਹਾਲਾਤ ਬਾਰੇ ਦੱਸਿਆ ਸੀ।

**(ਬਾਕੀ ਅਗਲੇ ਅੰਕ 'ਚ)**

# ਪੰਜਾਬ 'ਚ ਇਸ ਵਾਰ ਹੋਵੇਗਾ ਤਿੰਨ ਧਿਰੀ ਮੁਕਾਬਲਾ

- **ਬਾਦਲ ਦਲ ਦੇ ਪੰਜ ਉਮੀਦਵਾਰ ਐਲਾਨੇ, ਬਾਕੀ ਪੰਜਾਂ ਬਾਰੇ ਫੈਸਲਾ ਸੁਖਬੀਰ ਬਾਦਲ ਹੱਥ**
- **ਖਹਿਰਾ ਬਠਿੰਡਾ ਤੋਂ ਚੋਣ ਲੜਨਗੇ**
- **ਚੋਣਾਂ ਦੇ ਐਲਾਨ ਤੋਂ ਚਾਰ ਦਿਨਾਂ ਦੇ ਅੰਦਰ ਪੰਜਾਬ ਵਿਚ 23,00,00,000 ਦੇ ਨਸ਼ੇ, ਸ਼ਰਾਬ ਤੇ ਨਕਦੀ ਜ਼ਬਤ**



**ਜਲੰਧਰ/ ਚੀਫ ਬਿਊਰੋ :**
ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚ ਕਾਂਗਰਸ, ਬਾਦਲ ਦਲ ਅਤੇ ਪੰਜਾਬ ਡੈਮੋਕਰੇਟਿਕ-ਬਸਪਾ ਅਲਾਇੰਸ ਵਿਚ ਮੁਕਾਬਲਾ ਸਖਤ ਮੁਕਾਬਲਾ ਹੋਣ ਦੇ ਆਸਾਰ ਹਨ। ਪੰਜਾਬ ਡੈਮੋਕਰੇਟਿਕ-ਬਸਪਾ ਅਲਾਇੰਸ ਵਿਚ ਧਰਮਵੀਰ ਗਾਂਧੀ ਤੇ ਬੈਂਸ ਭਰਾ ਦੀਆਂ ਪਾਰਟੀਆਂ ਵੀ ਸ਼ਾਮਲ ਹਨ। ਸੁਖਪਾਲ ਸਿੰਘ ਖਹਿਰਾ ਦੀ ਪੰਜਾਬ ਏਕਤਾ ਪਾਰਟੀ ਵਾਸਤੇ ਤਿੰਨ ਸੀਟਾਂ ਅਤੇ ਲੋਕ ਇਨਸਾਫ ਪਾਰਟੀ ਤੇ ਬਸਪਾ ਵਾਸਤੇ ਵੀ ਤਿੰਨ-ਤਿੰਨ ਸੀਟਾਂ ਛੱਡ ਦਿੱਤੀਆਂ ਗਈਆਂ ਹਨ। ਡਾਕਟਰ ਧਰਮਵੀਰ ਗਾਂਧੀ ਨੂੰ ਪਟਿਆਲੇ ਤੋਂ ਸੀਟ ਦਿੱਤੀ ਗਈ ਹੈ। ਸੰਗਰੂਰ ਦੀ ਸੀਟ ਬਾਅਦ ਵਿੱਚ ਵਿਚਾਰਨ ਲਈ ਛੱਡ ਦਿੱਤੀ ਗਈ ਹੈ। ਉਮੀਦ ਹੈ ਕਿ ਅਗਲੇ ਦਿਨਾਂ ਦੌਰਾਨ ਸਥਿਤੀ ਹੋਰ ਵਧੇਰੇ ਸਾਫ ਹੋ ਜਾਵੇਗੀ।
ਦਿੱਲੀ ਵਿਚ ਕਾਂਗਰਸ ਪਾਰਟੀ ਅਤੇ 'ਆਪ' ਵਿੱਚ ਗੱਠਜੋੜ ਦੀ ਗੱਲ ਚੱਲ ਰਹੀ ਹੈ। ਜੇਕਰ ਇਹ ਗੱਠਜੋੜ ਹੋ ਗਿਆ ਤਾਂ ਪੰਜਾਬ ਵਿਚ ਵੀ ਇਸ ਗੱਠਜੋੜ ਦੀ ਸੰਭਾਵਨਾ ਬਣੇਗੀ। ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਸੂਬੇ ਵਿਚ 'ਆਪ' ਨਾਲ ਗੱਠਜੋੜ ਦਾ ਵਿਰੋਧ ਕਰ ਰਹੇ ਹਨ। ਉਹਨਾਂ ਦੀ ਧਾਰਨਾ ਹੈ ਕਿ ਇਸ ਵਾਰੀ ਹੋਰ ਕਿਸੇ ਧਿਰ ਨਾਲ ਗੱਠਜੋੜ ਦੀ ਲੋੜ ਨਹੀਂ, ਕਾਂਗਰਸ ਚੜ੍ਹਤ ਵਿੱਚ ਹੈ ਤੇ ਆਪਣੇ ਬਲਬੂਤੇ ਸਾਰੀਆਂ ਸੀਟਾਂ ਜਿੱਤ ਸਕਦੀ ਹੈ। ਅੰਦਰਖਾਤੇ ਕਾਂਗਰਸ ਪਾਰਟੀ ਵਿਚ ਵੀ ਫੁੱਟ ਹੈ। ਨਵਜੋਤ ਸਿੰਘ ਸਿੱਧੂ, ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋਂ ਵੀ ਕੈਪਟਨ ਵਿਰੁੱਧ ਦਿਖਾਈ ਦੇ ਰਹੇ ਹਨ। ਆਖਰੀ ਫੈਸਲਾ ਹਾਈ ਕਮਾਂਡ ਨੇ ਕਰਨਾ ਹੈ ਪਰ ਜਾਪ ਰਿਹਾ ਹੈ ਕਿ ਕਾਂਗਰਸ ਨੂੰ ਇਨ੍ਹਾਂ ਚੋਣਾਂ ਵਿਚ ਬਹੁਤੀ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਇਸੇ ਲਈ ਕੈਪਟਨ ਅਮਰਿੰਦਰ ਸਿੰਘ ਨਿਸ਼ਚਿੰਤ ਨਜ਼ਰ ਆ ਰਹੇ ਹਨ।
ਪੰਜਾਬ ਵਿਚ ਇਕੱਲੀ ਭਾਜਪਾ ਦਾ ਆਧਾਰ ਬਹੁਤਾ ਨਹੀਂ ਰਿਹਾ ਹੈ। ਪਹਿਲਾਂ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਤੇ ਫਿਰ ਆਮ ਆਦਮੀ ਪਾਰਟੀ ਨਾਲ ਗੱਠਜੋੜ ਦੀਆਂ ਗੱਲਾਂ ਕਰਨ ਵਾਲੇ ਅਕਾਲੀ ਦਲ ਟਕਸਾਲੀ ਨੇ ਵੀ ਐਲਾਨ ਕੀਤਾ ਹੈ ਕਿ ਉਹ ਲੋਕ ਸਭਾ ਚੋਣਾਂ ਇਕੱਲੇ ਲੜਨਗੇ। ਟਕਸਾਲੀ ਅਕਾਲੀ ਦਲ ਦੇ ਆਗੂ ਸੇਵਾ ਸਿੰਘ ਸੇਖਵਾਂ ਨੇ ਦਾਅਵਾ ਕੀਤਾ ਕਿ ਉਹ ਨਾ ਤਾਂ 'ਆਪ' ਨਾਲ ਲੋਕ ਸਭਾ ਚੋਣਾਂ ਲਈ ਗੱਠਜੋੜ ਕਰੇਗੀ ਤਾਂ ਨਾ ਹੀ ਖਹਿਰਾ ਗਰੁੱਪ ਨਾਲ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਅਕਾਲੀ ਦਲ ਟਕਸਾਲੀ ਸਿਰਫ਼ ਆਪਣੇ ਦਮ 'ਤੇ ਚੋਣ ਲੜੇਗਾ। ਆਨੰਦਪੁਰ ਸਾਹਿਬ ਹਲਕੇ ਤੋਂ ਟਕਸਾਲੀ ਅਕਾਲੀ ਆਪਣੇ ਉਮੀਦਵਾਰ ਬੀਰ ਦਵਿੰਦਰ ਸਿੰਘ ਨੂੰ ਮਜ਼ਬੂਤ ਦੱਸ ਰਹੇ ਹਨ।
'ਆਪ' ਨੇ ਕਦੀ ਕਾਂਗਰਸ ਤੇ ਕਦੀ ਟਕਸਾਲੀ ਅਕਾਲੀ ਦਲ ਨਾਲ ਜੁੜਨ ਦਾ ਪ੍ਰਭਾਵ ਦਿੱਤਾ ਸੀ, ਪਰ ਉਹ ਕਿਸੇ ਨਾਲ ਗੱਠਜੋੜ ਨਹੀਂ ਬਣਾ ਸਕੀ। ਟਕਸਾਲੀ ਦਲ ਨਾਲ ਆਪ ਦਾ ਗੱਠਜੋੜ ਇਸ ਲਈ ਨਹੀਂ ਹੋ ਸਕਿਆ, ਕਿਉਂਕਿ ਉੱਥੇ ਆਨੰਦਪੁਰ ਸਾਹਿਬ ਦੀ ਸੀਟ ਤੋਂ ਰੇੜਕਾ ਪੈ ਗਿਆ। ਟਕਸਾਲੀ ਦਲ ਉੱਥੇ ਬੀਰ ਦਵਿੰਦਰ ਸਿੰਘ ਦੀ ਸੀਟ ਛੱਡਣ ਨੂੰ ਤਿਆਰ ਨਹੀਂ। 'ਆਪ' ਦੀ ਸਥਿਤੀ ਸਿਰਫ਼ ਸੰਗਰੂਰ ਵਿੱਚ ਹੀ ਮਜ਼ਬੂਤ ਖਿਾਈ ਦੇ ਰਹੀ ਹੈ।
ਪੰਜਾਬ ਡੈਮੋਕਰੇਟਿਕ-ਬਸਪਾ ਅਲਾਇੰਸ ਖਡੂਰ ਸਾਹਿਬ ਵਿਚ ਉਮੀਦਵਾਰ ਪਰਮਜੀਤ ਕੌਰ ਖਾਲੜਾ ਕਾਰਨ ਮਜ਼ਬੂਤ ਦਿਖਾਈ ਦੇ ਰਿਹਾ ਹੈ, ਕਿਉਂਕਿ ਉੱਥੇ ਪੰਥਕ ਧਿਰਾਂ ਨੇ ਵੀ ਮੋਰਚਾ ਸੰਭਾਲਿਆ ਹੋਇਆ ਹੈ। ਪੰਜਾਬ ਏਕਤਾ ਪਾਰਟੀ ਦੇ ਐਡਹਾਕ ਪ੍ਰਧਾਨ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਖੁਦ ਬਠਿੰਡਾ ਤੋਂ ਲੋਕ ਸਭਾ ਚੋਣ ਲੜਨ ਦਾ ਐਲਾਨ ਕਰਕੇ ਕਾਂਗਰਸ ਅਤੇ ਬਾਦਲ ਦਲ ਨੂੰ ਚੁਣੌਤੀ ਦਿੱਤੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਬਾਦਲ ਪਰਿਵਾਰ ਦੀ ਨੂੰਹ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਬਠਿੰਡਾ ਤੋਂ ਚੋਣ ਨਹੀਂ ਲੜਦੀ ਹੈ, ਤਾਂ ਵੀ ਉਹ ਬਠਿੰਡਾ ਤੋਂ ਹੀ ਚੋਣ ਲੜਨਗੇ। ਖਹਿਰਾ ਨੇ ਸੰਕੇਤ ਦਿੱਤਾ ਕਿ ਜੇਕਰ ਬੀਬੀ ਬਾਦਲ ਫਿਰੋਜ਼ਪੁਰ ਤੋਂ ਚੋਣ ਲੜੇਗੀ ਤਾਂ ਉਥੇ ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਤੇ ਵਿਧਾਇਕ ਸਿਮਰਨਜੀਤ ਸਿੰਘ ਬੈਂਸ ਉਨ੍ਹਾਂ ਨੂੰ ਟੱਕਰ ਦੇ ਸਕਦੇ ਹਨ। ਪੀਡੀਏ ਨੇ ਆਪਣੇ 12 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ ਅਤੇ ਸੰਗਰੂਰ ਲੋਕ ਸਭਾ ਹਲਕੇ ਦੇ ਉਮੀਦਵਾਰ ਦਾ ਐਲਾਨ ਵੀ ਜਲਦੀ ਕਰਨ ਦੀ ਸੰਭਾਵਨਾ ਹੈ। ਪੀਡੀਏ ਨੇ ਸੰਗਰੂਰ ਤੋਂ ਚੋਣ ਲੜ ਰਹੇ 'ਆਪ' ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਦੀ ਘੇਰਾਬੰਦੀ ਕਰਨ ਦੀ ਰਣਨੀਤੀ ਵੀ ਬਣਾਈ ਦੱਸੀ ਜਾਂਦੀ ਹੈ ਅਤੇ ਇਸ ਲਈ ਕਿਸੇ ਮਜ਼ਬੂਤ ਉਮੀਦਵਾਰ ਦੀ ਭਾਲ ਕੀਤੀ ਜਾ ਰਹੀ ਹੈ।

**ਬਾਦਲ ਦਲ ਦੇ ਪੰਜ ਉਮੀਦਵਾਰ ਤੈਅ**

ਸ਼੍ਰੋਮਣੀ ਅਕਾਲੀ ਦਲ ਨੇ ਲੋਕ ਸਭਾ ਚੋਣਾਂ ਲਈ ਇੱਕ-ਇੱਕ ਕਰਕੇ ਉਮੀਦਵਾਰ ਐਲਾਣਨੇ ਸ਼ੁਰੂ ਕਰ ਦਿੱਤੇ ਹਨ। ਖਡੂਰ ਸਾਹਿਬ ਤੋਂ ਬੀਬੀ ਜਗੀਰ ਕੌਰ ਦਾ ਐਲਾਨ ਕਰਨ ਮਗਰੋਂ ਅਕਾਲੀ ਦਲ ਨੇ ਤਿੰਨ ਹੋਰ ਉਮੀਦਵਾਰਾਂ ਦੇ ਨਾਂ 'ਤੇ ਮੋਹਰ ਲਾ ਦਿੱਤੀ ਹੈ। ਇਨ੍ਹਾਂ ਵਿੱਚ ਪਟਿਆਲਾ ਤੋਂ ਸੁਰਜੀਤ ਸਿੰਘ ਰੱਖੜਾ, ਆਨੰਦਪੁਰ ਸਾਹਿਬ ਤੋਂ ਪ੍ਰੇਮ ਸਿੰਘ ਚੰਦੂਮਾਜਰਾ ਤੇ ਜਲੰਧਰ ਤੋਂ ਚਰਨਜੀਤ ਸਿੰਘ ਅਟਵਾਲ ਸ਼ਾਮਲ ਹਨ। ਬਾਦਲ ਦਲ ਨੇ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿੱਚੋਂ 10 ਉੱਪਰ ਚੋਣ ਲੜਨੀ ਹੈ। ਇਨ੍ਹਾਂ ਵਿੱਚ ਚਾਰ ਉਮੀਦਵਾਰ ਐਲਾਨ ਦਿੱਤੇ ਹਨ। ਪੰਜਵੀਂ ਉਮੀਦਵਾਰ ਹਰਸਿਮਰਤ ਕੌਰ ਬਾਦਲ ਹਨ ਪਰ ਉਹ ਮੌਜੂਦਾ ਹਲਕੇ ਬਠਿੰਡਾ ਤੋਂ ਚੋਣ ਲੜਣਗੇ ਜਾਂ ਫਿਰ ਉਨ੍ਹਾਂ ਨੂੰ ਫਿਰੋਜ਼ਪੁਰ ਤੋਂ ਉਤਾਰਿਆ ਜਾਵੇਗਾ, ਇਸ ਦਾ ਫੈਸਲਾ ਅਜੇ ਬਾਕੀ ਹੈ। ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਦਾਅਵਾ ਕੀਤਾ ਹੈ ਕਿ ਹਫਤੇ ਦੇ ਅੰਦਰ ਸਾਰੀ ਤਸਵੀਰ ਸਾਫ ਹੋ ਜਾਏਗੀ।
ਹੁਣ ਸੁਖਬੀਰ ਲਈ ਸੰਗਰੂਰ, ਫਿਰੋਜ਼ਪੁਰ, ਫਤਹਿਗੜ੍ਹ ਸਾਹਿਬ, ਲੁਧਿਆਣਾ ਤੇ ਫਰੀਦਕੋਟ ਤੋਂ ਧੜੱਲੇਦਾਰ ਉਮੀਦਵਾਰ ਲੱਭਣ ਲਈ ਉੱਦਮ ਕਰਨਾ ਪਵੇਗਾ। ਸੰਗਰੂਰ ਤੋਂ ਢੀਂਡਸਾ ਪਰਿਵਾਰ ਨੇ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ ਹੈ। ਫਿਰੋਜ਼ਪੁਰ ਤੋਂ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਕਾਂਗਰਸ ਵਿੱਚ ਚਲੇ ਗਏ ਹਨ। ਇਸ ਲਈ ਇਨ੍ਹਾਂ ਸੀਟਾਂ 'ਤੇ ਅਕਾਲੀ ਦਲ ਕਸੂਤਾ

**ਬਾਕੀ ਸਫ਼ਾ 29 'ਤੇ**

## ਰਾਜ ਦਾ ਵੱਡਾ ਵੋਟ ਬੈਂਕ ਅਕਾਲੀ ਦਲ ਨਾਲ ਖੜ੍ਹਾ-ਸੁਖਬੀਰ ਬਾਦਲ

**ਅੰਮ੍ਰਿਤਸਰ/ਏਟੀ ਨਿਊਜ਼ :** ਪਿਛਲੀਆਂ ਵਿਧਾਨ ਸਭਾ ਚੋਣਾਂ ਦੇ ਅੰਕੜਿਆਂ ਦੇ ਹਵਾਲੇ ਨਾਲ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਕਿ ਅਜੇ ਵੀ ਰਾਜ ਦਾ ਵੱਡਾ ਵੋਟ ਬੈਂਕ ਅਕਾਲੀ-ਭਾਜਪਾ ਗਠਜੋੜ ਨਾਲ ਖੜ੍ਹਾ ਹੈ ਤੇ ਆਉਂਦੀਆਂ ਲੋਕ ਸਭਾ ਚੋਣਾਂ ਵਿਚ ਗਠਜੋੜ ਰਾਜ ਦੀਆਂ ਸਾਰੀਆਂ 13 ਸੀਟਾਂ 'ਤੇ ਜਿੱਤ ਹਾਸਲ ਕਰੇਗਾ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਦਾ ਕਾਂਗਰਸ ਨਾਲੋਂ ਕੇਵਲ 6 ਜਾਂ 7 ਫ਼ੀਸਦੀ ਹੀ ਫਰਕ ਸੀ, ਜੋ ਕੋਈ ਬਹੁਤਾ ਨਹੀਂ ਸੀ ਤੇ ਹੁਣ ਸਮਾਜ ਦੇ ਹਰ ਵਰਗ ਦੇ ਲੋਕਾਂ ਦਾ ਕਾਂਗਰਸ ਤੋਂ ਮੋਹ ਭੰਗ ਹੋ ਚੁੱਕਾ ਹੈ।

## ਕਲਾਕਾਰ ਲੋਕ ਸਭਾ ਚੋਣਾਂ ਤੋਂ ਭੱਜਣ ਲੱਗੇ, ਖਿਡਾਰੀ ਵੀ ਨਹੀਂ ਹੋਏ ਕਾਮਯਾਬ

**ਬਠਿੰਡਾ/ਏਟੀ ਨਿਊਜ਼ :** ਸਿਆਸਤ ਦੀ ਸਟੇਜ ਉਤੇ ਜਦੋਂ ਕਲਾਕਾਰਾਂ ਦੀ ਸੁਰ ਮੱਠੀ ਪੈ ਗਈ ਤਾਂ ਹੁਣ ਨਵਿਆਂ ਵਿਚੋਂ ਕਿਸੇ ਦਾ ਕੋਈ ਨਾਂ ਸਾਹਮਣੇ ਨਹੀਂ ਆ ਰਿਹਾ। ਆਮ ਤੌਰ 'ਤੇ ਹਰ ਤਰ੍ਹਾਂ ਦੀਆਂ ਚੋਣਾਂ ਤੋਂ ਪਹਿਲਾਂ ਕੁੱਝ ਕਲਾਕਾਰ ਸਿਆਸਤ ਵਿਚ ਕਿਸਮਤ ਅਜ਼ਮਾਉਣ ਦੀ ਇੱਛਾ ਜ਼ਾਹਿਰ ਕਰਨ ਲਗਦੇ ਹਨ ਪਰ ਹੁਣ ਲੋਕ ਸਭਾ ਚੋਣਾਂ ਲਈ ਕੋਈ ਨਵਾਂ ਕਲਾਕਾਰ ਆਗੂ ਬਣਦਾ ਹਾਲ ਦੀ ਘੜੀ ਦਿਖਾਈ ਨਹੀਂ ਦੇ ਰਿਹਾ। ਮੁਹੰਮਦ ਸਦੀਕ ਤੇ ਭਗਵੰਤ ਮਾਨ ਨੂੰ ਛੱਡ ਕੇ ਹੋਰ ਕਲਾਕਾਰ ਸਿਆਸਤ ਦੀ ਸਟੇਜ 'ਤੇ ਚਮਕ ਨਹੀਂ ਸਕੇ। ਮੁਹੰਮਦ ਸਦੀਕ ਇੱਕ ਦਫ਼ਾ ਵਿਧਾਇਕ ਵੀ ਰਹਿ ਚੁੱਕੇ ਹਨ ਤੇ ਹੁਣ ਵੀ ਸਰਗਰਮ ਸਿਆਸਤ ਵਿਚ ਹਨ। ਉਹ ਲੋਕ ਸਭਾ ਚੋਣ ਲੜਨ ਦੇ ਇੱਛੁਕ ਹਨ ਜਦੋਂ ਕਿ ਭਗਵੰਤ ਮਾਨ ਵੀ ਇਸ ਵੇਲੇ 'ਆਪ' ਦੇ ਪੰਜਾਬ ਪ੍ਰਧਾਨ ਤੇ ਸੰਗਰੂਰ ਤੋਂ ਲੋਕ ਸਭਾ ਮੈਂਬਰ ਹਨ। ਮਾਨ ਇਸ ਵਾਰ ਵੀ ਉਸੇ ਸੀਟ ਤੋਂ ਉਮੀਦਵਾਰ ਹਨ। ਗਾਇਕਾ ਸਤਵਿੰਦਰ ਬਿੱਟੀ ਵਿਧਾਨ ਸਭਾ ਹਲਕਾ ਸਾਹਨੇਵਾਲ ਤੋਂ ਕਾਂਗਰਸ ਦੀ ਟਿਕਟ 'ਤੇ ਚੋਣ ਲੜੇ, ਪਰ ਜਿੱਤ ਨਹੀਂ ਸਕੇ। ਗਾਇਕ ਜੱਸੀ ਜਸਰਾਜ ਨੇ ਵੀ 2014 ਦੀ ਲੋਕ ਸਭਾ ਚੋਣ ਹਲਕਾ ਬਠਿੰਡਾ ਤੋਂ 'ਆਪ' ਦੀ ਟਿਕਟ 'ਤੇ ਲੜੀ ਪਰ ਸਫ਼ਲ ਨਹੀਂ ਸਨ ਹੋ ਸਕੇ। ਉਨ੍ਹਾਂ ਕਿਹਾ ਕਿ ਇੱਕ-ਦੋ ਦਿਨਾਂ ਵਿਚ ਉਨ੍ਹਾਂ ਦਾ ਚੋਣ ਲੜਨ ਬਾਰੇ ਸਾਫ਼ ਹੋ ਜਾਵੇਗਾ। ਕਾਮੇਡੀ ਕਲਾਕਾਰ ਗੁਰਪ੍ਰੀਤ ਘੁੱਗੀ ਵੀ 'ਆਪ' ਵੱਲੋਂ ਵਿਧਾਨ ਸਭਾ ਚੋਣਾਂ ਲੜੇ ਪਰ ਹਾਰ ਕੇ ਇਸ ਰਾਹ ਤੋਂ ਕਿਨਾਰਾ ਕਰ ਗਏ। ਗਾਇਕ ਹੰਸ ਰਾਜ ਹੰਸ ਨੇ 2009 ਵਿਚ ਜਲੰਧਰ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਲੋਕ ਸਭਾ ਚੋਣ ਲੜੀ ਸੀ ਪਰ ਹਾਰ ਗਏ। ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਪਦਮਸ੍ਰੀ ਪ੍ਰਗਟ ਸਿੰਘ ਤੋਂ ਇਲਾਵਾ ਕੋਈ ਹੋਰ ਖਿਡਾਰੀ ਵੀ ਸਿਆਸਤ ਵਿਚ ਸਫ਼ਲ ਨਹੀਂ ਹੋਇਆ। ਅਰਜਨ ਐਵਾਰਡੀ ਸੱਜਣ ਸਿੰਘ ਚੀਮਾ, ਪਦਮਸ੍ਰੀ ਪਹਿਲਵਾਨ ਕਰਤਾਰ ਸਿੰਘ ਅਤੇ ਕੌਮਾਂਤਰੀ ਕਬੱਡੀ ਖਿਡਾਰੀ ਗੁਲਜਾਰ ਸਿੰਘ ਉਰਫ਼ ਗੁਲਜਾਰੀ ਮੂਣਕ ਨੇ ਵੀ ਸਿਆਸਤ ਵਿਚ ਪੈਰ ਰੱਖਦਿਆਂ ਵਿਧਾਨ ਸਭਾ ਚੋਣ ਤਾਂ ਲੜੀ ਸੀ ਪਰ ਜਿੱਤ ਨਹੀਂ ਸਕੇ।


# A-ONE EXPRESS

## ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- **Excellent Payment**
- **Easy Aboard ELD Logbook**



MC NO. # 464630

**6120 Faith Home Rd Ceres, CA 95307**

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

## 15ਵਾਂ ਵਿਸ਼ਵ ਕਬੱਡੀ ਕੱਪ ਪਹਿਲੇ ਪਾਤਸ਼ਾਹ ਦੇ 550 ਵੇਂ ਪ੍ਰਕਾਸ਼ ਦਿਹਾੜੇ ਨੂੰ ਹੋਵੇਗਾ ਸਮਰਪਿਤ : ਗਾਖਲ

**ਵਾਟਸਨਵਿੱਲ/ਐੱਸ.ਅਸ਼ੋਕ ਭੌਰਾ :**

ਯੁਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਦੀ ਇਕ ਅਹਿਮ ਬੈਠਕ ਇੱਥੇ ਏ.ਆਈ ਟਰੱਕਿੰਗ ਦੇ ਮੁੱਖ ਦਫਤਰ ਵਿਚ ਸ. ਅਮੋਲਕ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਸ. ਗਾਖਲ ਨੇ ਕਿਹਾ ਕਿ ਇਸ ਵਾਰ 15 ਸਤੰਬਰ ਦੇ 15ਵੇਂ ਵਿਸ਼ਵ ਕੱਬਡੀ ਕੱਪ ’ਤੇ ਕਰਵਾਇਆ



ਜਾਣ ਵਾਲਾ ਸੰਗੀਤਕ ਪ੍ਰੋਗਰਾਮ ਰੱਦ ਕਰ ਦਿੱਤਾ ਗਿਆ ਹੈ ਤੇ ਸਰਬਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਹੈ ਕਿ ਇਹ ਵਿਸ਼ਵ ਕਬੱਡੀ ਕੱਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਹੋਵੇਗਾ। ਉਨ੍ਹਾਂ ਸਮੂਹ ਖੇਡ ਪ੍ਰੇਮੀਆਂ ਅਤੇ ਪੰਜਾਬੀਆਂ ਨੂੰ ਸਿੱਖ ਕੌਮ ਦੇ ਇਸ ਮਹਾਨ ਤੇ ਇਤਿਹਾਸਕ ਵਰ੍ਹੇ ’ਤੇ ਇਸ ਕਬੱਡੀ ਕੱਪ ਲਈ ਪਹਿਲਾਂ ਨਾਲੋਂ ਵੀ ਵਧ ਚੜ੍ਹ ਕੇ ਸਹਿਯੋਗ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਸ ਮੌਕੇ ’ਤੇ ਕੁਝ ਧਾਰਮਿਕ ਸਖਸ਼ੀਅਤਾਂ ਦਾ ਉਚੇਚੇ ਤੌਰ ’ਤੇ ਸਨਮਾਨ ਕਰਨ ਦਾ ਫੈਸਲਾ ਲਿਆ ਗਿਆ ਹੈ।

ਯੂਨਾਈਟਡ ਸਪੋਰਟਸ ਕਲੱਬ ਦੇ ਚੇਅਰਮੈਨ ਸ. ਮੱਖਣ ਸਿੰਘ ਬੈਂਸ ਨੇ ਮਾਣ ਨਾਲ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ’ਤੇ ਹੋਣ ਵਾਲਾ ਇਹ ਵਿਸ਼ਵ ਕਬੱਡੀ ਕੱਪ ਵੀ ਇਤਿਹਾਸਕ ਹੋਵੇਗਾ ਤੇ ਦੁਨੀਆਂ ਭਰ ਦੇ ਨਾਮੀ ਕਬੱਡੀ ਖਿਡਾਰੀਆਂ ਦੀ ਸ਼ਿਰਕਤ ਦੇ ਨਾਲ ਨਾਲ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਮਾਣ ਸਤਿਕਾਰ ਤੇ ਰੁਤਬਾ ਦਿਵਾਉਣ ਵਾਲੇ ਸਾਬਕਾ ਕਬੱਡੀ ਖਿਡਾਰੀਆਂ ਨੂੰ ਵੀ ਉਚੇਚੇ ਤੌਰ ’ਤੇ ਮਾਣ ਸਨਮਾਨ ਲਈ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਜਾਵੇਗਾ। ਇਸ ਮੀਟਿੰਗ ਵਿਚ ਉਪ ਚੇਅਰਮੈਨ ਸ. ਇਕਬਾਲ ਸਿੰਘ ਗਾਖਲ, ਪ੍ਰਧਾਨ ਜੁਗਰਾਜ ਸਿੰਘ ਸਹੋਤਾ, ਵਿੱਤ ਸਕੱਤਰ ਨਰਿੰਦਰ ਸਿੰਘ ਸਹੋਤਾ, ਤਕਨੀਕੀ ਸਲਾਹਕਾਰ ਤੀਰਥ ਸਿੰਘ ਗਾਖਲ ਤੇ ਪਲਵਿੰਦਰ ਸਿੰਘ ਗਾਖਲ ਸ਼ਾਮਿਲ ਹੋਏ। ਇਕਬਾਲ ਸਿੰਘ ਗਾਖਲ ਨੇ ਕਿਹਾ ਇਹ ਖੇਡ ਮੇਲਾ ਸੰਗਤਾਂ ਦੇ ਸਹਿਯੋਗ ਨਾਲ ਹੀ ਕਰਵਾਇਆ ਜਾਂਦਾ ਹੈ ਤੇ ਯੂਨਾਈਟਡ ਸਪੋਰਟਸ ਕਲੱਬ ਹਰ ਵਰ੍ਹੇ ਇਸ ਖੇਡ ਮੇਲੇ ਨੂੰ ਹੋਰ ਵੀ ਸਿਖਰਾਂ ਤੱਕ ਲੈ ਕੇ ਜਾਣ ਲਈ ਵਚਨਬੱਧ ਤੇ ਕਾਰਜਸ਼ੀਲ ਰਹੇਗਾ। ਉਨ੍ਹਾਂ ਕਿਹਾ ਕਿ ਬੇ-ਏਰੀਆ ਸਪੋਰਟਸ ਕਲੱਬ ਆਪਣੀ ਕਬੱਡੀ ਟੀਮ ਪਹਿਲਾਂ ਨਾਲੋਂ ਵੀ ਵੱਧ ਉਤਸ਼ਾਹ ਨਾਲ ਕਬੱਡੀ ਕੱਪ ਲਈ ਆਪਣੀ ਜੇਤੂ ਰਵਾਇਤ ਕਾਇਮ ਰੱਖਣ ਦੀ ਸੋਚ ਨਾਲ ਉੱਤਰੇਗੀ। ਸ. ਗਾਖਲ ਨੇ ਸਮੂਹ ਸਿੱਖ ਜਗਤ ਤੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਆਓ ਰਲ ਕੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਨੂੰ ਪੰਜਾਬੀਆਂ ਦੇ ਖੇਡ ਵਿਰਾਸਤ ਨਾਲ ਜੋੜ ਕੇ ਮਨਾਈਏ ਅਤੇ ਨੌਜਵਾਨਾਂ ਤੇ ਵਿਦੇਸ਼ਾਂ ’ਚ ਵਸਦੀ ਪੀੜ੍ਹੀ ਨੂੰ ਸਮਾਜਿਕ ਕੁਰੀਤੀਆਂ ਤੋਂ ਦੂਰ ਕਰਕੇ ਧਰਮ ਅਤੇ ਖੇਡਾਂ ਨਾਲ ਜੋੜੀਏ।

## ਨਿਹੰਗ ਬਾਬਾ ਸਮਸ਼ੇਰ ਸਿੰਘ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਪ੍ਰੋਗਰਾਮ 7 ਅਪ੍ਰੈਲ ਨੂੰ

**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :**



ਐਕਸ ਸਟੂਡੈਂਟ ਐਸੋਸੀਏਸ਼ਨ ਜੀਐਚਜੀ. ਖਾਲਸਾ ਕਾਲਜ ਦੇ ਵਿਦਿਆਰਥੀਆਂ ਦੀ ਇਕ ਵਿਸ਼ੇਸ਼ ਮੀਟਿਂਗ ਫਰਿਜ਼ਨੋ ਵਿਖੇ ਹੋਈ। ਇਸ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੇ ਇਤਿਹਾਸਕ ਪਿੰਡ ਗੁਰੂਸਰ ਸੁਧਾਰ ਦੀਆਂ “ਗੁਰੂ ਹਰਗੋਬਿੰਦ ਸਾਹਿਬ ਜੀ” (ਜੀਐਚਜੀ. ਖਾਲਸਾ ਕਾਲਜ਼ ਅਤੇ ਹੋਰ ਅਦਾਰੇ) ਦੇ ਨਾਂ ਹੇਠ ਚੱਲ ਰਹੀਆਂ ਸਮੂਹ ਵਿਦਿਅਕ ਸੰਸਥਾਵਾ ਦੇ ਬਾਨੀ ਨਿਹੰਗ ਬਾਬਾ ਸਮਸ਼ੇਰ ਸਿੰਘ ਬ੍ਰਹਮ ਗਿਆਨੀ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਸਲਾਨਾ ਪ੍ਰੋਗਰਾਮ ਹਰ ਸਾਲ ਦੀ ਤਰ੍ਹਾਂ ਇਸ ਸਾਲ 7 ਅਪ੍ਰੈਲ, 2019 ਦਿਨ ਐਤਵਾਰ ਨੂੰ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ, ਕੈਲੀਫੋਰਨੀਆ (ਨਜ਼ਦੀਕ ਫਰੀਵੇ 99 ਅਤੇ ਸ਼ਾਅ ਐਵਨਿਊ) ਵਿਖੇ ਕਰਵਾਏ ਜਾਣਗੇ। ਇਸ ਦਿਨ ਪਾਠ ਦੇ ਭੋਗ ਉਪਰੰਤ ਵਿਸ਼ੇਸ਼ ਗੁਰਮਤਿ ਸਮਾਗਮ ਹੋਵੇਗਾ, ਜਿਸ ਵਿਚ ਗੁਰੂਘਰ ਦੇ ਹਜ਼ੂਰੀ ਜਥੇ ਤੋਂ ਇਲਾਵਾ ਹੋਰ ਬਹੁਤ ਸਾਰੇ ਗੁਰੂਸਰ ਸੁਧਾਰ ਦੀਆਂ ਵਿਦਿਅਕ ਸੰਸਥਾਵਾਂ ਨਾਲ ਸਬੰਧਤ ਬੁਲਾਰੇ ਅਤੇ ਬੁੱਧੀਜੀਵੀ ਹਾਜ਼ਰੀਆਂ ਭਰਨਗੇ। ਇਸ ਸਮੇਂ ਬਾਬਾ ਜੀ ਦੀ ਵਿੱਦਿਅਕ ਖੇਤਰ ਵਿਚ ਦੇਣ ਅਤੇ ਉਨ੍ਹਾਂ ਦੇ ਸੱਚੇ-ਸੁੱਚੇ ਜੀਵਨ ‘ਤੇ ਵਿਚਾਰਾਂ ਦੀ ਸਾਂਝ ਪਾਈ ਜਾਵੇਗੀ। ਇਸ ਸਬੰਧੀ ਹੋਰ ਜਾਣਕਾਰੀ ਲੈਣ ਲਈ ਗੋਗੀ ਗਿੱਲ ਫੋਨ ਨੰ. (559) 347-8983, ਸਤਵੰਤ ਵਿਰਕ (559) 978-3361 ਜਾਂ ਜੱਗਾ ਗਿੱਲ ਸੁਧਾਰ (559) 709-9599 ‘ਤੇ ਸੰਪਰਕ ਕੀਤਾ ਜਾ ਸਕਦਾ ਹੈ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਪ੍ਰਬੰਧਕਾਂ ਵੱਲੋਂ ਇਲਾਕੇ ਭਰ ਦੀਆਂ ਸਮੂਹ ਸੰਗਤਾਂ ਅਤੇ ਸੁਧਾਰ ਦੀਆਂ ਵਿਦਿਅਕ ਸੰਸਥਾਵਾਂ ਨਾਲ ਸਬੰਧਤ ਸਾਬਕਾ ਵਿਦਿਆਰਥੀਆਂ ਨੂੰ ਇਸ ਪ੍ਰੋਗਰਾਮ ਵਿਚ ਹਾਜ਼ਰੀਆਂ ਭਰਨ ਲਈ ਅਪੀਲ ਕੀਤੀ ਜਾਂਦੀ ਹੈ।

## ਡਾ. ਅਰਜੁਨ ਸਿੰਘ ਜੋਸ਼ਨ ਦਾ ਫਰਿਜ਼ਨੋ ਮੀਡੀਆ ਵੱਲੋਂ ਸਨਮਾਨ

**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :**

ਬਹੁਪੱਖੀ ਸ਼ਖਸੀਅਤ ਦੇ ਮਾਲਕ ਡਾ. ਅਰਜੁਨ ਸਿੰਘ ਜੋਸ਼ਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਬਤੌਰ ਪ੍ਰੋਫੈਸਰ ਸੇਵਾਵਾਂ ਨਿਭਾਉਣ ਉਪਰੰਤ ਸੇਵਾ ਮੁਕਤ ਹੋ ਕੇ ਅਮਰੀਕਾ ਦੇ ਸ਼ਹਿਰ ਫਰਿਜ਼ਨੋ ਆ ਵਸੇ ਹਨ। ਇੱਥੇ ਇਨ੍ਹਾਂ ਬੀਤੇ ਲੰਮੇ ਸਮੇਂ ਤੋਂ ਆਪਣੀ ਪੜ੍ਹਾਈ, ਖੋਜ ਅਤੇ ਤਜਰਬੇ ਦੇ ਅਧਾਰ ‘ਤੇ ਸਥਾਨਿਕ ਏਸ਼ੀਅਨ ਰੇਡੀਓ ‘‘KBIF 900 AM’ ਰਾਹੀ ਆਪਣੇ ਪੰਜਾਬੀ ਪ੍ਰੋਗਰਾਮ ਵਿੱਚ ਸੇਵਾਵਾਂ ਨਿਭਾਈਆਂ। ਇਸ ਤੋਂ ਇਲਾਵਾ ਇੱਥੋਂ ਦੀਆਂ ਬਹੁਤ ਸਾਰੀਆਂ ਸਮਾਜਿਕ ਅਤੇ ਭਾਈਚਾਰਿਕ ਸੰਸਥਾਵਾਂ ਵਿਚ ਬਤੌਰ ਮੈਂਬਰ ਸੇਵਾਵਾਂ ਵੀ ਨਿਭਾ ਰਹੇ ਹਨ। ਬੀਤੇ ਦਿਨੀਂ ਫਰਿਜ਼ਨੋ ਦੇ ਸਮੁੱਚੇ ਮੀਡੀਆ ਅਤੇ ਅਮਰੀਕਾ ਦੇ ਸਰਕਾਰੀ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੇ ਸੇਵਾ ਮੁਕਤ ਹੋਣ ‘ਤੇ ਡਾ. ਜੋਸ਼ਨ ਨੂੰ ਵਿਸ਼ੇਸ਼ ਵਿਦਾਇਗੀ ਪਾਰਟੀ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ। ਇਸ ਸਮੇਂ ਪੰਜਾਬੀ ਮੀਡੀਆ



ਤੋਂ ਇਲਾਵਾ ਬਾਕੀ ਭਾਸ਼ਾਵਾਂ ਦੇ ਹੋਸਟ ਅਤੇ ਹੋਰ ਪਤਵੰਤੇ ਵੀ ਸੱਜਣ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਡਾ. ਜੋਸ਼ਨ ਦੀ ਖਾਸ ਵਿਸ਼ੇਸ਼ਤਾ ਇਹ ਰਹੀ ਹੈ ਕਿ ਉਹ ਰੇਡੀਓ ਹੋਸਟ ਤੋਂ ਇਲਾਵਾ ਉੱਚ ਵਿੱਦਿਆ ਦੇ ਨਾਲ-ਨਾਲ ਚੰਗੇ ਲਿਖਾਰੀ, ਚਿੰਤਕ ਅਤੇ ਖੋਜੀ ਸੁਭਾਅ ਦੇ ਮਾਲਕ ਹਨ। ਇਨ੍ਹਾਂ ਦੁਆਰਾ ਪ੍ਰਸਾਰਿਤ ਪ੍ਰੋਗਰਾਮ ‘ਯੂਨਾਈਟਿਡ ਸਟੇਟ ਡਿਪਾਰਟਮੈਂਟ ਆਫ ਐਗਰੀਕਲਚਰ’ ਦੁਆਰਾ ਖੋਜ ਭਰਪੂਰ ਅਤੇ ਇੱਥੋਂ ਦੀ ਕਿਰਸਾਨੀ ਲਈ ਬਹੁਤ ਮਹੱਤਵਪੂਰਨ ਰਿਹਾ। ਅੱਜ ਦੇ ਸਮੇਂ ਦੀ ਮੁੱਖ ਲੋੜ ਆਰਗੇਨਿਕ ਖੇਤੀ ਦੇ ਪਸਾਰ ਲਈ ਉਹ ਹਮੇਸ਼ਾ ਕਿਸਾਨਾਂ ਨੂੰ ਪ੍ਰੇਰਿਤ ਕਰਦੇ ਰਹੇ ਹਨ। ਆਪਣੇ ਰੇਡੀਓ ਪ੍ਰੋਗਰਾਮ ਤੋਂ ਸੇਵਾ ਮੁਕਤੀ ‘ਤੇ ਡਾ. ਜੋਸ਼ਨ ਨੇ ਹਾਜ਼ਰੀਨ ਦੀ ਮੰਗ ਤੇ ਲੋੜ ਪੈਣ ‘ਤੇ ਅੱਗੇ ਵੀ ਸੇਵਾਵਾਂ ਦੇਣ ਦਾ ਵਾਅਦਾ ਕੀਤਾ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

• California to Michigan, New Jersey Florida & Texas • Dedicated Load (ਪੱਕੇ ਲੋਡ)




○ ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।

○ ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ’ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਖਹਿਰਾ ਨੂੰ ਸਪੀਕਰ ਵੱਲੋਂ ਨੋਟਿਸ ਜਾਰੀ

**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇਪੀ ਸਿੰਘ ਨੇ ਆਮ ਆਦਮੀ ਪਾਰਟੀ ਦੇ ਵਿਧਾਇਕ ਅਤੇ ਪੰਜਾਬ



ਏਕਤਾ ਪਾਰਟੀ ਦੇ ਐਡਹਾਕ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੂੰ ਅਸਤੀਫ਼ੇ ਸਬੰਧੀ ਨੋਟਿਸ ਜਾਰੀ ਕਰ ਕੇ 20 ਦਿਨਾਂ ਦੇ ਅੰਦਰ ਜਵਾਬ ਦੇਣ ਲਈ ਕਿਹਾ ਹੈ। ਸੂਤਰਾਂ ਅਨੁਸਾਰ ਇਹ ਨੋਟਿਸ 11 ਮਾਰਚ ਨੂੰ ਜਾਰੀ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਖਹਿਰਾ ਨੇ 6 ਜਨਵਰੀ ਨੂੰ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਸੀ, ਜਿਸ ਤੋਂ ਬਾਅਦ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਸਪੀਕਰ ਨੂੰ ਪੱਤਰ ਦੇ ਕੇ ਕਿਹਾ ਸੀ ਕਿ ਖਹਿਰਾ 'ਆਪ' ਦੀ ਟਿਕਟ ਤੋਂ ਚੋਣ ਜਿੱਤ ਕੇ ਵਿਧਾਇਕ ਬਣੇ ਹਨ ਪਰ ਹੁਣ ਉਨ੍ਹਾਂ ਨੇ ਪਾਰਟੀ ਤੋਂ ਅਸਤੀਫਾ ਦੇ ਕੇ ਆਪਣੀ ਨਵੀਂ ਪਾਰਟੀ ਬਣਾ ਲਈ ਹੈ, ਜਿਸ ਕਾਰਨ ਹੁਣ ਉਨ੍ਹਾਂ ਨੂੰ ਨੈਤਿਕ ਤੌਰ 'ਤੇ ਵਿਧਾਇਕ ਦੇ ਅਹੁਦੇ ਉੱਤੇ ਬਣੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ। ਉਨ੍ਹਾਂ ਮੰਗ ਕੀਤੀ ਸੀ ਕਿ ਸ੍ਰੀ ਖਹਿਰਾ ਦੀ ਵਿਧਾਨ ਸਭਾ ਮੈਂਬਰੀ ਖ਼ਤਮ ਕੀਤੀ ਜਾਵੇ।

## ਕਾਂਗਰਸ ਦੇ ਸਟਾਰ ਪ੍ਰਚਾਰਕ ਹੋਣਗੇ ਸਿੱਧੂ

**ਚੰਡੀਗੜ੍ਹ/ਏਟੀ ਨਿਊਜ਼ :** ਆਪਣੀ ਭਾਸ਼ਣ ਕਲਾ ਤੇ ਵੱਖਰੇ ਅੰਦਾਜ਼ ਕਰਕੇ ਮਸ਼ਹੂਰ ਪੰਜਾਬ ਦੇ ਮੰਤਰੀ ਨਵਜੋਤ ਸਿੱਧੂ ਇਸ ਵਾਰ ਫਿਰ ਚੋਣਾਂ ਵਿੱਚ ਪ੍ਰਚਾਰ ਕਰਨਗੇ। ਲੋਕ ਸਭਾ ਚੋਣਾਂ ਦੌਰਾਨ ਸਿੱਧੂ ਨੂੰ ਪਾਰਟੀ ਨੇ ਆਪਣਾ ਸਟਾਰ ਪ੍ਰਚਾਰਕ ਬਣਾਇਆ ਹੈ। ਇਹ ਖੁਲਾਸਾ ਪੰਜਾਬ ਕਾਂਗਰਸ ਇੰਚਾਰਜ ਆਸ਼ਾ ਕੁਮਾਰੀ ਨੇ ਕੀਤਾ ਹੈ।55 ਸਾਲਾ ਨਵਜੋਤ ਸਿੰਘ ਸਿੱਧੂ ਪੰਜਾਬ ਵਿੱਚ ਸਥਾਨਕ ਸਰਕਾਰਾਂ ਤੇ ਸੈਰ ਸਪਾਟਾ ਤੇ ਸੱਭਿਆਚਾਰਕ



ਮਾਮਲਿਆਂ ਬਾਰੇ ਮੰਤਰੀ ਆਪਣੇ ਬੇਬਾਕ ਅੰਦਾਜ਼ ਦੇ ਨਾਲ-ਨਾਲ ਵਿਵਾਦ ਵੀ ਲੈ ਕੇ ਚੱਲਦੇ ਹਨ। ਕਰਤਾਰਪੁਰ ਸਾਹਿਬ ਲਾਂਘੇ ਨੂੰ ਖੋਲ੍ਹਣ ਬਾਰੇ ਪਾਕਿਸਤਾਨ ਦੇ ਰਜ਼ਾਮੰਦ ਹੋਣ ਦਾ ਖੁਲਾਸਾ ਕਰਨ ਦੇ ਨਾਲ-ਨਾਲ ਤਾਜ਼ਾ ਪੁਲਵਾਮਾ ਹਮਲੇ ਕਰਕੇ ਵੀ ਚਰਚਾ ਵਿੱਚ ਰਹੇ। ਉਹ ਟੈਲੀਵਿਜ਼ਨ 'ਤੇ ਆਫ ਏਅਰ ਵੀ ਹੋ ਗਏ ਤੇ ਪਾਰਟੀ ਨੇ ਰੈਲੀ ਵਿੱਚ ਵੀ ਉਨ੍ਹਾਂ ਨੂੰ ਬੋਲਣ ਨਹੀਂ ਦਿੱਤਾ।ਚੋਣਾਂ ਵਿੱਚ ਕਾਂਗਰਸ ਨੂੰ ਸਿੱਧੂ ਦੀ ਲੋੜ ਫਿਰ ਤੋਂ ਆਣ ਪਈ ਹੈ ਤੇ ਇਸ ਲਈ ਪਾਰਟੀ ਉਨ੍ਹਾਂ ਨੂੰ ਅੱਗੇ ਲੈ ਕੇ ਆ ਰਹੀ ਹੈ।

## 'ਅਕਾਲ ਪੁਰਖ ਕੀ ਫ਼ੌਜ' ਵਲੋਂ ਹਰਿਮੰਦਰ ਸਾਹਿਬ ਦੇ ਚੌਗਿਰਦੇ ਵਿਚ ਬੂਟੇ ਲਾਉਣ ਦੀ ਮੁਹਿੰਮ

**ਅੰਮ੍ਰਿਤਸਰ/ਏਟੀ ਨਿਊਜ਼ :**
ਸਿੱਖ ਜਥੇਬੰਦੀ 'ਅਕਾਲ ਪੁਰਖ ਕੀ ਫ਼ੌਜ' ਨੇ ਸਿੱਖ ਵਾਤਾਵਰਨ ਦਿਵਸ ਮੌਕੇ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਨੂੰ ਹਰਾ-ਭਰਾ ਬਣਾਉਣ ਲਈ ਛੱਤਾਂ 'ਤੇ ਗਮਲਿਆਂ ਵਿਚ ਬੂਟੇ ਲਾਉਣ ਦੀ ਮੁਹਿੰਮ ਆਰੰਭ ਕੀਤੀ ਹੈ। ਮੁਹਿੰਮ ਦੀ ਆਰੰਭਤਾ ਅਰਦਾਸ ਕਰਕੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ਼ਿਵਦੁਲਾਰ ਸਿੰਘ, ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਅਤੇ ਜਥੇਬੰਦੀ ਦੇ ਮੁਖੀ ਜਸਵਿੰਦਰ ਸਿੰਘ ਐਡਵੋਕੇਟ ਵਲੋਂ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਆਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਚੌਗਿਰਦੇ ਨੂੰ ਪ੍ਰਦੂਸ਼ਣ ਮੁਕਤ ਅਤੇ ਹਰਿਆ ਭਰਿਆ ਬਣਾਉਣ ਦੀ ਮੁਹਿੰਮ 'ਚ ਜ਼ਿਲ੍ਹਾ ਪ੍ਰਸ਼ਾਸਨ



ਵੀ ਸਹਿਯੋਗ ਕਰੇਗਾ। ਇਸ ਮੌਕੇ ਕੁਲਜੀਤ ਸਿੰਘ 'ਸਿੰਘ ਬ੍ਰਦਰਜ਼', ਅਮਰਜੀਤ ਸਿੰਘ ਭਾਟੀਆ, ਗੁਰਵਿੰਦਰ ਸਿੰਘ ਵਾਲੀਆ, ਬਰਿੰਦਰਪਾਲ ਸਿੰਘ, ਸਰਬਜੀਤ ਸਿੰਘ, ਹਰਪ੍ਰੀਤ ਸਿੰਘ ਅਤੇ ਜਥੇਬੰਦੀ ਦੇ ਹੋਰ ਕਾਰਕੁਨ ਹਾਜ਼ਰ ਸਨ।

## ਪੰਜਾਬ ਦੀਆਂ ਜੇਲ੍ਹਾਂ ਦੀ ਹਾਲਤ ਨਰਕ ਭਰਪੂਰ

**ਜਲੰਧਰ/ਏਟੀ ਨਿਊਜ਼ :**
ਜੇਲ੍ਹ 'ਚ ਕੈਦੀਆਂ ਨੂੰ ਜਾਨਵਰਾਂ ਵਾਂਗ ਰੱਖਿਆ ਨਹੀਂ ਜਾ ਸਕਦਾ। ਉਨ੍ਹਾਂ ਨੂੰ ਵੀ ਮਨੁੱਖੀ ਅਧਿਕਾਰ ਹਨ। ਜੇਕਰ ਉਨ੍ਹਾਂ ਨੂੰ ਸਹੀ ਤਰੀਕੇ ਨਾਲ ਰੱਖਿਆ ਨਹੀਂ ਜਾ ਸਕਦਾ ਤਾਂ ਉਨ੍ਹਾਂ ਨੂੰ ਬਾਹਰ ਕਰ ਦਿਓ। 30 ਮਾਰਚ 2018 ਨੂੰ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਇਹ ਟਿੱਪਣੀ ਕੀਤੀ ਸੀ। ਡਿਪਟੀ ਸੁਪਰੀਡੈਂਟ ਜੇਲ੍ਹ ਦੇ ਮੁਤਾਬਿਕ 30 ਸਤੰਬਰ 2018 ਤਕ ਪੰਜਾਬ 'ਚ ਕੁਲ 24 ਜੇਲ੍ਹਾਂ ਹਨ। ਇਸ 'ਚ 9 ਸੇਂਟਰਲ ਜੇਲ੍ਹ, 10 ਓਪਨ ਜੇਲ੍ਹ ਤੇ ਸੱਤ ਸਬ-ਜੇਲ੍ਹ ਸ਼ਾਮਲ ਹਨ। ਦਸੂਹਾ ਤੇ ਫਗਵਾੜਾ ਸਬ-ਜੇਲ੍ਹ ਨੂੰ ਬੰਦ ਕਰ ਦਿੱਤਾ ਗਿਆ ਹੈ। ਪੰਜਾਬ ਦੀਆਂ ਜੇਲ੍ਹਾਂ 'ਚ ਪੰਜ ਸਾਲਾਂ 'ਚ 249 ਕੈਦੀਆਂ ਦੀ ਬਿਮਾਰੀ ਨਾਲ ਮੌਤ ਹੋਈ। 14 ਕੈਦੀਆਂ ਨੇ ਖ਼ੁਦਕੁਸ਼ੀ ਕੀਤੀ।ਆਰਟੀਆਈ ਤੋਂ ਮਿਲੀ ਜਾਣਕਾਰੀ ਅਨੁਸਾਰ, ਮਾਨਸਾ ਜੇਲ੍ਹ 'ਚ ਜਬਰ-ਜਨਾਹ ਦੇ 15 ਕਤਲ ਦੇ 96 ਤੇ ਡਕੈਤੀ ਦੇ 8 ਕੈਦੀ ਹਨ। ਇਥੇ ਗਿਆਰਾਂ ਕੈਦੀਆਂ ਦੀ ਮੌਤ ਬਿਮਾਰੀ ਨਾਲ ਹੋਈ ਹੈ। ਪਟਿਆਲਾ 'ਚ 54 ਜਬਰ-ਜਨਾਹ, 163 ਕਤਲ ਤੇ 4 ਡਕੈਤੀ ਦੇ ਕੈਦੀ ਹਨ। ਇਥੇ 63 ਕੈਦੀਆਂ ਦੀ ਮੌਤ ਬਿਮਾਰੀ ਨਾਲ ਇਲਾਜ ਦੌਰਾਨ ਹੋਈ ਹੈ, ਜਦਕਿ ਪੰਜ ਨੇ ਖ਼ੁਦਕੁਸ਼ੀ ਕਰ ਲਈ।ਗੁਰਦਾਸਪੁਰ 'ਚ ਇਨ੍ਹਾਂ ਪੰਜ ਸਾਲਾਂ ਦੌਰਾਨ ਸੱਭ ਤੋਂ ਜ਼ਿਆਦਾ 59 ਕੈਦੀਆਂ ਦੀ ਮੌਤ ਬਿਮਾਰੀ ਨਾਲ ਹੋਈ ਹੈ। ਹਾਲਾਂਕਿ 2017 ਤੇ 2018 'ਚ ਇਸ ਦੀ ਗਿਣਤੀ ਘੱਟ ਰਹੀ। ਸਾਲ 2017 'ਚ 6 ਤੇ 2018 'ਚ ਸਤੰਬਰ ਤਕ ਚਾਰ ਕੈਦੀਆਂ ਦੀ ਮੌਤ ਬਿਮਾਰੀ ਨਾਲ ਹੋਈ ਹੈ, ਜਦਕਿ 3 ਨੇ ਖ਼ੁਦਕੁਸ਼ੀ ਕਰ ਲਈ। ਕਪੂਰਥਲਾ 'ਚ ਇਲਾਜ ਦੌਰਾਨ 60 ਕੈਦੀਆਂ ਦੀ ਮੌਤ ਹੋ ਗਈ ਹੈ, ਜਦਕਿ ਇਕ ਨੇ ਖ਼ੁਦਕੁਸ਼ੀ ਕਰ ਲਈ ਹੈ।

ਨਾਭਾ ਦੇ ਮੈਕਸਿਮਮ ਸਕਿਉਰਿਟੀ ਜੇਲ੍ਹ 'ਚ ਦੋ ਕੈਦੀਆਂ ਨੇ ਖ਼ੁਦਕੁਸ਼ੀ ਕਰ ਲਈ, ਜਦਕਿ ਇਕ ਕੈਦੀ ਦੀ ਮੌਤ ਜੇਲ੍ਹ 'ਚ ਬਿਮਾਰੀ ਦੇ ਕਾਰਨ ਹੋਈ। ਜਲੰਧਰ 'ਚ ਬਿਮਾਰੀ ਨਾਲ ਇਕ ਕੈਦੀ ਦੀ ਮੌਤ ਹੋ ਗਈ। ਲੁਧਿਆਣਾ ਕੇਂਦਰੀ ਜੇਲ੍ਹ 'ਚ ਬਿਮਾਰੀ ਨਾਲ 39 ਕੈਦੀਆਂ ਦੀ ਮੌਤ ਹੋ ਗਈ, ਜਦਕਿ ਇਕ ਕੈਦੀ ਨੇ ਖ਼ੁਦਕੁਸ਼ੀ ਕਰ ਲਈ ਹੈ।ਲਗਪਗ ਹਰ ਮਾਮਲੇ 'ਚ ਦੋਸ਼ ਲੱਗਦਾ ਰਿਹਾ ਹੈ ਕਿ ਜੇਲ੍ਹ ਦੇ ਹਸਪਤਾਲਾਂ 'ਚ ਸਹੂਲਤਾਂ ਘੱਟ ਹਨ। ਜਦੋਂ ਕੈਦੀ ਨੂੰ ਬਾਹਰ ਦੇ ਜੇਲ੍ਹਾਂ 'ਚ ਲਿਜਾਇਆ ਜਾ ਸਕਦਾ ਹੈ, ਉਦੋਂ ਤਕ ਹਾਲਤ ਕਾਫੀ ਵਿਗੜ ਜਾਂਦੀ ਹੈ। ਸਮੇਂ 'ਤੇ ਸਹੀ ਇਲਾਜ ਨਾ ਮਿਲਣ ਨਾਲ ਬਿਮਾਰੀ ਕੈਦੀਆਂ ਦੀ ਮੌਤ ਹੁੰਦੀ ਹੈ।

**ਬਾਕੀ ਸਫ਼ਾ 29 'ਤੇ**

## ਪੰਥਕ ਤਾਲਮੇਲ ਸੰਗਠਨ ਵੱਲੋਂ ਬੀਬੀ ਖਾਲੜਾ ਦਾ ਸਮਰਥਨ

**ਅੰਮ੍ਰਿਤਸਰ/ਏਟੀ ਨਿਊਜ਼ :** ਲੋਕ ਸਭਾ ਚੋਣਾਂ ਵਾਸਤੇ ਖਡੂਰ ਸਾਹਿਬ ਸੰਸਦੀ ਹਲਕੇ ਤੋਂ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਵੱਲੋਂ ਐਲਾਨੀ ਗਈ ਉਮੀਦਵਾਰ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਪੰਥਕ ਤਾਲਮੇਲ ਸੰਗਠਨ ਨੇ ਸਮਰਥਨ ਦਿੰਦਿਆਂ ਸਿੱਖਾਂ ਨੂੰ ਅਪੀਲ ਕੀਤੀ ਹੈ ਕਿ ਉਸ ਨੂੰ ਪੰਥ ਤੇ ਪੰਜਾਬ ਦੀ ਉਮੀਦਵਾਰ ਵਜੋਂ ਸਵੀਕਾਰ ਕੀਤਾ ਜਾਵੇ। ਸਿੱਖ ਜਥੇਬੰਦੀਆਂ ਦੇ ਮੰਚ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਅਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਸਮੂਹ ਸਿਆਸੀ ਧਿਰਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਸਮਰਥਨ ਦੇਣ ਅਤੇ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦਿਆਂ ਆਪਣੇ ਉਮੀਦਵਾਰ ਮੈਦਾਨ ਵਿਚ ਨਾ ਉਤਾਰਨ।

## ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਲੱਗੇਗੀ ਬਾਲਾ ਹਿਸਾਰ ਕਿਲ੍ਹੇ ਦੀ ਆਰਟ ਗੈਲਰੀ 'ਚ

**ਪੇਸ਼ਾਵਰ/ਏਟੀ ਨਿਊਜ਼ :**
ਸਾਂਝੇ ਦੇਸ ਪੰਜਾਬ ਦੇ ਪਹਿਲੇ ਸਿੱਖ ਬਾਦਸ਼ਾਹ ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਹੁਣ ਪੇਸ਼ਾਵਰ 'ਚ ਮੌਜੂਦ ਬਾਲਾ ਹਿਸਾਰ ਕਿਲ੍ਹੇ ਦੀ ਆਰਟ ਗੈਲਰੀ 'ਚ ਲੱਗੇਗੀ। ਸਥਾਨਕ ਸਿੱਖ ਇਸ ਗੱਲ ਦੀ ਮੰਗ ਕਰ ਰਹੇ ਸੀ। ਖੈਬਰ-ਪਖ਼ਤੂਨਖਵਾ ਸੂਬੇ ਦੇ ਪ੍ਰਸ਼ਾਸਨ ਨੇ ਇਸ ਪ੍ਰਸਤਾਵ ਦੀ ਮਨਜ਼ੂਰੀ ਦੇ ਦਿੱਤੀ ਹੈ।ਇਹ ਫੈਸਲਾ ਮੇਜਰ ਜਨਰਲ ਰਾਹਤ ਨਸੀਮ, ਇੰਸਪੈਕਟਰ ਜਨਰਲ ਫਰੰਟੀਅਰ ਕਾਰਪਸ, ਨੌਰਥ ਰੀਜ਼ਨ ਨੇ ਕੀਤਾ ਹੈ। ਰਾਹਤ ਨਸੀਮ ਨੇ ਸਿੱਖਾਂ ਨੂੰ ਬਾਲਾ ਹਿਸਾਰ ਕਿਲ੍ਹੇ 'ਚ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਦਿਨ ਮਨਾਉਣ ਦੀ ਇਜਾਜ਼ਤ ਵੀ ਦਿੱਤੀ ਹੈ।


DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਬਾਦਲ ਦਲ ਤੇ ਕਾਂਗਰਸ ਦਾ ਸੌਦਾ ਸਾਧ ਤੋਂ ਕਿਨਾਰਾ ਪਰ ਭਾਜਪਾ ਹਾਲਾਂ ਵੀ ਭਰੇਗੀ ਚੌਕੀ

- **ਸੌਦਾ ਸਾਧ ਤੋਂ ਵੋਟਾਂ ਮੰਗਣ ਜੇਲ੍ਹ ਵਿਚ ਜਾਏਗੀ ਭਾਜਪਾ : ਸ਼ਵੇਤ ਮਲਿਕ**
- **ਚੋਣਾਂ ਵਿਚ ਡੇਰਾ ਸਿਰਸਾ ਦੀ ਹਮਾਇਤ ਨਹੀਂ ਲਵਾਂਗੇ : ਜਾਖੜ-ਸੁਖਬੀਰ**
- **ਕੇਂਦਰੀ ਮੰਤਰੀ ਨਿਤਿਨ ਗਡਕਰੀ ਲੋਕ ਸਭਾ ਚੋਣਾਂ 'ਚ ਹਮਾਇਤ ਲੈਣ ਲਈ ਰਾਧਾ ਸੁਆਮੀ ਡੇਰੇ ਪੁੱਜੇ**



**ਜਲੰਧਰ/ਬਿਊਰੋ ਨਿਊਜ਼ :**
ਪੰਜਾਬ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਐਲਾਨ ਕੀਤਾ ਹੈ ਕਿ ਉਹ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਸੌਦਾ ਸਾਧ ਤੋਂ ਵੋਟਾਂ ਦੀ ਮੰਗ ਨਹੀਂ ਕਰਨਗੇ। ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨੇ ਸਪੱਸ਼ਟ ਕੀਤਾ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਮਗਰੋਂ ਪਾਰਟੀ ਲੋਕ ਸਭਾ ਚੋਣਾਂ ਦੌਰਾਨ ਡੇਰਾ ਸਿਰਸਾ ਤੋਂ ਕਿਸੇ ਤਰ੍ਹਾਂ ਦੀ ਕੋਈ ਹਮਾਇਤ ਨਹੀਂ ਲਵੇਗੀ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਉਹ ਇਸ ਬਾਰੇ ਅਕਾਲ ਤਖਤ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਨਗੇ। ਪਰ ਪੰਜਾਬ ਬੀਜੇਪੀ ਦੇ ਪ੍ਰਧਾਨ ਸ਼ਵੇਤ ਮਲਿਕ ਨੇ ਬਿਆਨ ਦਿੱਤਾ ਹੈ ਕਿ ਉਹ ਡੇਰਾ ਮੁਖੀ ਤੋਂ ਵੋਟਾਂ ਮੰਗਣ ਜੇਲ੍ਹ ਵਿੱਚ ਵੀ ਜ਼ਰੂਰ ਜਾਣਗੇ। ਮਲਿਕ ਦਾ ਇਹ ਬਿਆਨ ਉਸ ਵੇਲੇ ਆਇਆ ਹੈ ਜਦੋਂ ਭਾਜਪਾ ਦੀ ਭਾਈਵਾਲ ਪਾਰਟੀ ਸ਼੍ਰੋਮਣੀ ਅਕਾਲੀ ਦਲ ਡੇਰਾ ਪ੍ਰੇਮੀਆਂ ਦੀਆਂ ਵੋਟਾਂ ਹਾਸਲ ਕਰਨ ਲਈ ਉਨ੍ਹਾਂ ਦੇ ਮੁਖੀ ਰਾਮ ਰਹੀਮ ਨੂੰ ਅਕਾਲ ਤਖ਼ਤ ਸਾਹਿਬ ਤੋਂ ਬਿਨਾਂ ਮੰਗਿਆਂ ਹੀ ਮਾਫੀ ਦਿਵਾਉਣ ਅਤੇ ਉਸ ਤੋਂ ਬਾਅਦ ਵਾਪਰੀਆਂ ਬੇਅਦਬੀ ਅਤੇ ਗੋਲੀ ਕਾਂਡ ਦੀਆਂ ਘਟਨਾਵਾਂ ਕਾਰਨ ਨਾ ਸਿਰਫ ਸਿੱਖ ਪੰਥ ਦੇ ਨਿਸ਼ਾਨੇ 'ਤੇ ਹੈ ਬਲਕਿ ਐਸਆਈਟੀ ਇਸ ਪਾਰਟੀ ਦੇ ਅਹਿਮ ਆਗੂਆਂ ਨੂੰ ਆਪਣੇ ਘੇਰੇ ਵਿੱਚ ਲੈਣ ਲਈ ਉਨ੍ਹਾਂ ਵੱਲ ਕਦਮ ਵਧਾਉਂਦੀ ਚਲੀ ਜਾ ਰਹੀ ਹੈ। ਭਾਜਪਾ ਦੇ ਇਸ ਬਿਆਨ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ।

ਇੱਥੇ ਜ਼ਿਕਰਯੋਗ ਹੈ ਕਿ ਡੇਰਾ ਸੌਦਾ ਦੇ ਮੁਖੀ ਨੂੰ ਬਲਾਤਕਾਰ ਅਤੇ ਕਤਲ ਦੇ ਇਲਜ਼ਾਮ ਵਿੱਚ ਸਜ਼ਾ ਹੋ ਜਾਣ ਕਾਰਨ, ਆਉਂਦੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਚੁੱਪੀ ਧਾਰੀ ਬੈਠਾ ਹੈ। ਉਹ ਸਭ ਪਾਰਟੀਆਂ ਤੋਂ ਨਿਰਾਸ਼ ਹੈ ਕਿ ਕਿਸੇ ਨੇ ਵੀ ਡੇਰਾ ਪਰੇਮੀਆਂ ਦੀ ਬਾਂਹ ਨਹੀਂ ਫੜੀ। ਪਤਾ ਲੱਗਿਆ ਹੈ ਕਿ ਇਸ ਵਾਰ ਚੋਣਾਂ ਦੇ ਐਨ ਮੌਕੇ 'ਤੇ ਆ ਕੇ ਡੇਰੇ ਵੱਲੋਂ ਪ੍ਰੇਮੀਆਂ ਨੂੰ ਕਿਹਾ ਜਾਵੇਗਾ ਕਿ ਉਹ ਆਪਣੀ ਬੁੱਧੀ ਦਾ ਇਸਤੇਮਾਲ ਕਰਦਿਆਂ ਜਿਹੜਾ ਉਮੀਦਵਾਰ ਠੀਕ ਲੱਗੇ ਉਸ ਨੂੰ ਵੋਟ ਪਾ ਦੇਣ। ਦੱਸ ਦਈਏ ਕਿ ਡੇਰਾ ਪ੍ਰੇਮੀਆਂ ਵੱਲੋਂ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਪੰਜਾਬ ਦੇ ਮਾਲਵਾ ਬੈਲਟ ਵਿੱਚ ਵਿਧਾਨ ਸਭਾ ਦੀਆਂ 40 ਸੀਟਾਂ ਅੰਦਰ ਪ੍ਰੇਮੀਆਂ ਦੀਆਂ 33 ਲੱਖ ਤੋਂ ਵੱਧ ਵੋਟਾਂ ਹਨ, ਪਰ ਇਹ ਵੋਟਾਂ ਕਿਸ ਪਾਰਟੀ ਦੀ ਬੇੜੀ ਵਿੱਚ ਵੱਟੇ ਪਾਉਣਗੀਆਂ ਇਸ ਗੱਲ ਦਾ ਅੰਦਾਜ਼ਾ ਲਾਉਣਾ ਅਜੇ ਮੁਸ਼ਕਲ ਹੈ। ਡੇਰਾ ਪ੍ਰੇਮੀਆਂ ਦਾ ਵੱਡਾ ਬੈਂਕ ਹੋਣਾ ਇਕ ਗੱਪ ਦੀ ਤਰ੍ਹਾਂ ਹੈ, ਕਿਉਂਕਿ ਇਸ ਕਾਰਨ ਅਕਾਲੀ ਦਲ ਬੁਰੀ ਤਰ੍ਹਾਂ ਹਾਰਿਆ ਹੈ ਤੇ ਪੰਥ ਦੂਰ ਹੋਇਆ ਹੈ। ਇਥੋਂ ਤੱਕ ਕਿ ਉਹ ਵਿਰੋਧੀ ਧਿਰ ਵਿਚ ਵੀ ਨਹੀਂ ਬੈਠ ਸਕਿਆ। ਇਸੇ ਕਰਕੇ ਬਾਦਲ ਦਲ ਡੇਰਾ ਸਿਰਸਾ ਦੀ ਹਮਾਇਤ ਤੋਂ ਤੌਬਾ ਕਰੀ ਬੈਠਾ ਹੈ ਤੇ ਕਾਂਗਰਸ ਵੀ ਸਿੱਖ ਵੋਟ ਬੈਂਕ ਵਲ ਧਿਆਨ ਦੇ ਰਹੀ ਹੈ। ਡੇਰਾ ਪ੍ਰੇਮੀ ਆਪ ਦੇ ਆਗੂਆਂ ਵੱਲੋਂ ਡੇਰੇ ਅਤੇ ਡੇਰਾ ਪ੍ਰੇਮੀਆਂ ਵਿਰੁੱਧ ਦਿੱਤੇ ਗਏ ਭਾਸ਼ਣਾਂ ਤੋਂ ਨਰਾਜ਼ ਹਨ।

**ਪੰਜਾਬ 'ਚ ਡੇਰਿਆਂ ਦੀ ਸਿਆਸਤ-**
ਭਾਰਤ ਵਿਚ ਵੱਡੀ ਗਿਣਤੀ ਵਿਚ ਡੇਰੇ ਹਨ, ਜਿਹੜੇ ਵੱਖ ਵੱਖ ਧਰਮਾਂ, ਫ਼ਿਰਕਿਆਂ ਤੇ ਜਾਤਾਂ ਨਾਲ ਸਬੰਧ ਰੱਖਦੇ ਹਨ। ਸਿਆਸੀ ਆਗੂ ਇਨ੍ਹਾਂ ਡੇਰਿਆਂ 'ਤੇ ਜਾ ਕੇ ਨਤਮਸਤਕ ਹੁੰਦੇ ਹਨ ਅਤੇ ਡੇਰਿਆਂ ਦੇ ਸੰਚਾਲਕਾਂ ਨੂੰ ਆਪਣੀ ਪਾਰਟੀ ਨੂੰ ਵੋਟਾਂ ਪਾਉਣ ਲਈ ਕਹਿੰਦੇ ਹਨ। ਕਈ ਡੇਰਿਆਂ ਦੇ ਬਾਬੇ ਖ਼ੁਦ ਸਿਆਸੀ ਹਨ ਤੇ ਸਿਆਸਤਦਾਨਾਂ ਅੱਗੇ ਮੱਥੇ ਰਗੜਦੇ ਹਨ। 2007 ਵਿਚ ਹੋਏ ਅਧਿਐਨ ਅਨੁਸਾਰ ਪੰਜਾਬ ਵਿਚ ਲਗਭੱਗ 9000 ਡੇਰੇ ਹਨ। ਪੰਥਕ ਤਾਲਮੇਲ ਸੰਗਠਨ ਦੇ ਮੁਖੀ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਡੇਰਿਆਂ ਤੇ ਸਿਆਸਤਦਾਨਾਂ ਦਾ ਗੱਠਜੋੜ ਜਮਹੂਰੀਅਤ ਲਈ ਖ਼ਤਰਾ ਹੈ। ਇਸ 'ਤੇ ਚੋਣ ਕਮਿਸ਼ਨ ਨੂੰ ਨੋਟਿਸ ਲੈਣਾ ਚਾਹੀਦਾ ਹੈ।

**ਗਡਕਰੀ ਬਿਆਸ ਦੇ ਡੇਰੇ 'ਚ ਪਹੁੰਚੇ-**
ਕੇਂਦਰੀ ਸੜਕੀ ਆਵਾਜਾਈ ਤੇ ਰਾਜ ਮਾਰਗ ਮੰਤਰੀ ਨਿਤਿਨ ਗਡਕਰੀ ਰਾਜ ਗਾਇਕ ਹੰਸ ਰਾਜ ਹੰਸ ਨਾਲ ਲੋਕ ਸਭਾ ਚੋਣਾਂ ਲਈ ਹਮਾਇਤ ਪ੍ਰਾਪਤ ਕਰਨ ਲਈ ਡੇਰਾ ਬਿਆਸ ਪੁੱਜੇ। ਉਨ੍ਹਾਂ ਡੇਰਾ ਰਾਧਾ ਸੁਆਮੀ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਮੁਲਾਕਾਤ ਕੀਤੀ। ਜ਼ਿਕਰਯੋਗ ਹੈ ਕਿ ਡੇਰਾ ਬਿਆਸ ਦੁਨੀਆ ਭਰ ਵਿਚ ਵੱਡਾ ਵੋਟ ਬੈਂਕ ਮੰਨਿਆ ਜਾਂਦਾ ਹੈ, ਜਿਸ ਕਾਰਨ ਇਸ ਵੋਟ ਬੈਂਕ ਨੂੰ ਆਪਣੇ ਹੱਕ ਵਿਚ ਕਰਨ ਤੇ ਡੇਰੇ ਦਾ ਆਸ਼ੀਰਵਾਦ ਲੈਣ ਲਈ ਅਕਸਰ ਹੀ ਭਾਜਪਾ, ਅਕਾਲੀ ਦਲ, ਕਾਂਗਰਸ ਅਤੇ ਆਪ ਆਦਿ ਪਾਰਟੀਆਂ ਤੋਂ ਇਲਾਵਾ ਹੋਰਨਾਂ ਪਾਰਟੀਆਂ ਦੇ ਕੇਂਦਰ ਤੇ ਸੂਬਾ ਪੱਧਰ ਦੇ ਆਗੂ ਇੱਥੇ ਅਕਸਰ ਆਉਂਦੇ ਰਹਿੰਦੇ ਹਨ।

**ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਤਾੜਨਾ-**
ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿਆਸੀ ਪਾਰਟੀਆਂ ਨੂੰ ਡੇਰਾ ਸਿਰਸਾ ਨਾਲ ਕਿਸੇ ਵੀ ਕਿਸਮ ਦਾ ਸਬੰਧ ਨਾ ਰੱਖਣ ਸਬੰਧੀ ਜਾਰੀ ਹੁਕਮਾਂ ਦੀ ਹਰ ਹਾਲਤ ਵਿੱਚ ਪਾਲਣਾ ਕਰਨ ਦੀ ਤਾੜਨਾ ਕੀਤੀ ਹੈ।

## ਸੌਦਾ ਸਾਧ ਨੇ ਛੱਤਰਪਤੀ ਕੇਸ ਵਿਚ ਸਜ਼ਾ ਨੂੰ ਦਿੱਤੀ ਚੁਣੌਤੀ

**ਚੰਡੀਗੜ੍ਹ/ਏਟੀ ਨਿਊਜ਼ :** ਸਾਧਵੀਆਂ ਨਾਲ ਜਬਰ-ਜਨਾਹ ਦੇ ਦੋਸ਼ੀ ਸੌਦਾ ਸਾਧ ਨੇ ਪੱਤਰਕਾਰ ਛਤਰਪਤੀ ਕਤਲ ਕੇਸ ਵਿਚ ਪੰਚਕੂਲਾ ਸੀ.ਬੀ.ਆਈ. ਅਦਾਲਤ ਵਲੋਂ ਉਸ ਨੂੰ ਸੁਣਾਈ ਸਜ਼ਾ ਨੂੰ ਹਾਈਕੋਰਟ ਵਿਚ ਚੁਣੌਤੀ ਦਿੱਤੀ ਹੈ। ਹਾਈਕੋਰਟ ਨੇ ਸੁਣਵਾਈ ਲਈ ਅਪੀਲ ਦਾਖ਼ਲ ਕਰ ਲਈ ਹੈ। ਰਾਮ ਰਹੀਮ ਨੂੰ ਕੋਈ ਵੱਡੀ ਰਾਹਤ ਇਸ ਮਾਮਲੇ ਵਿਚ ਨਹੀਂ ਮਿਲੀ ਹੈ ਪਰ ਹੇਠਲੀ ਅਦਾਲਤ ਵਲੋਂ ਉਸ ਨੂੰ ਲਗਾਏ ਗਏ 50 ਹਜ਼ਾਰ ਰੁਪਏ ਦੇ ਜੁਰਮਾਨੇ 'ਤੇ ਰੋਕ ਲਗਾ ਦਿੱਤੀ ਗਈ ਹੈ। ਇਸ ਮਾਮਲੇ ਵਿਚ ਰਾਮ ਰਹੀਮ ਨੂੰ ਉਮਰ ਕੈਦ ਤੇ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਸੀ।

**ਬਾਦਲਾਂ ਦਾ ਸੰਘੀਆਂ ਨੂੰ ਇਕ ਹੋਰ ਤੋਹਫਾ**

# ਭਾਜਪਾ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਦਿੱਲੀ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਬਣਾਇਆ

**ਨਵੀਂ ਦਿੱਲੀ/ਏਟੀ ਨਿਊਜ਼ :** ਆਖਿਰਕਾਰ ਅਕਾਲੀ ਦਲ ਉਤੇ ਕਬਜ਼ਾ ਜਮਾਈ ਬੈਠੇ ਬਾਦਲਕਿਆਂ ਨੇ ਆਪਣੇ ਰਾਜਸੀ ਮੁਫਾਦ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਵੀ ਅਸਿੱਧੇ ਰੂਪ ਵਿਚ ਭਾਜਪਾ ਅੱਗੇ ਗੋਡੇ ਟੇਕ ਦਿੱਤੇ ਹਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਦੀ ਚੋਣ ਵਿੱਚ ਸਿੱਖ ਪੰਥ ਦੇ ਵਿਰੋਧ ਦੇ ਬਾਵਜੂਦ ਭਾਜਪਾ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਕਮੇਟੀ ਦਾ ਪ੍ਰਧਾਨ ਬਣ ਗਿਆ। ਉਹ ਪਿਛਲੇ 6 ਸਾਲਾਂ ਤੋਂ ਕਮੇਟੀ ਦੇ ਜਨਰਲ ਸਕੱਤਰ ਵਜੋਂ ਸੇਵਾਵਾਂ ਨਿਭਾਉਂਦਾ ਆ ਰਿਹਾ ਸੀ।

ਸਿਰਸਾ ਦਾ ਨਾਂ ਅਵਤਾਰ ਸਿੰਘ ਹਿੱਤ ਨੇ ਪੇਸ਼ ਕੀਤਾ ਅਤੇ ਜਗਦੀਪ ਸਿੰਘ ਕਾਹਲੋਂ ਨੇ ਇਸ ਦੀ ਤਾਈਦ ਕੀਤੀ। ਇਸ ਮਗਰੋਂ ਸਰਬਸੰਮਤੀ ਨਾਲ ਰਣਜੀਤ ਕੌਰ ਨੂੰ ਸੀਨੀਅਰ ਮੀਤ ਪ੍ਰਧਾਨ, ਕੁਲਵੰਤ ਸਿੰਘ ਬਾਠ ਨੂੰ ਜੂਨੀਅਰ ਮੀਤ ਪ੍ਰਧਾਨ, ਹਰਮੀਤ ਸਿੰਘ ਕਾਲਕਾ ਨੂੰ ਜਨਰਲ ਸਕੱਤਰ ਅਤੇ ਹਰਵਿੰਦਰ ਸਿੰਘ ਕੇਪੀ ਨੂੰ ਸੰਯੁਕਤ ਸਕੱਤਰ ਚੁਣਿਆ ਗਿਆ। ਕਮੇਟੀ ਦੀ ਕਾਰਜਕਾਰਨੀ ਵਿਚ ਹਰਿੰਦਰਪਾਲ ਸਿੰਘ, ਮਹਿੰਦਰਪਾਲ ਸਿੰਘ ਚੱਢਾ, ਪਰਮਜੀਤ ਸਿੰਘ ਚੰਡੋਕ, ਪਰਮਜੀਤ ਸਿੰਘ ਰਾਣਾ, ਕੁਲਦੀਪ ਸਿੰਘ ਸਾਹਨੀ, ਜਗਦੀਪ ਸਿੰਘ ਕਾਹਲੋਂ, ਭੁਪਿੰਦਰ ਸਿੰਘ ਭੁੱਲਰ, ਵਿਕਰਮ ਸਿੰਘ ਰੋਹਿਣੀ, ਮਲਕਿੰਦਰ ਸਿੰਘ ਅਤੇ ਜਤਿੰਦਰ ਸਿੰਘ ਸਾਹਨੀ ਨੂੰ ਸਰਬਸੰਮਤੀ ਨਾਲ ਮੈਂਬਰ ਬਣਾਇਆ ਗਿਆ ਹੈ।

ਇੱਥੇ ਜ਼ਿਕਰਯੋਗ ਹੈ ਕਿ ਸਿਰਸਾ ਇਸ ਵੇਲੇ ਅਕਾਲੀ ਕੋਟੇ ਤੋਂ ਭਾਜਪਾ ਦੀ ਟਿਕਟ 'ਤੇ ਰਾਜੌਰੀ ਗਾਰਡਨ ਹਲਕੇ ਤੋਂ ਵਿਧਾਇਕ ਹੈ।

**15 ਸਾਲ ਬਾਅਦ ਔਰਤ ਮੈਂਬਰ ਨੂੰ ਮਿਲੀ ਨੁਮਾਇੰਦਗੀ-** ਦਿੱਲੀ ਕਮੇਟੀ ਦੇ 5 ਮੁੱਖ ਅਹੁਦਿਆਂ ਵਿਚ ਬੀਬੀ ਰਣਜੀਤ ਕੌਰ ਨੂੰ ਸ਼ਾਮਿਲ ਕਰਦੇ ਹੋਏ ਉਨ੍ਹਾਂ ਨੂੰ ਸੀਨੀਅਰ ਮੀਤ ਪ੍ਰਧਾਨ ਚੁਣਿਆ ਗਿਆ ਹੈ। ਅਜਿਹਾ 15 ਸਾਲ ਬਾਅਦ ਹੋਇਆ ਹੈ ਜਦੋਂ ਕਿਸੇ ਮਹਿਲਾ ਮੈਂਬਰ ਨੂੰ ਮੁੱਖ ਅਹੁਦੇਦਾਰਾਂ ਵਿਚ ਨੁਮਾਇੰਦਗੀ ਦਿੱਤੀ ਗਈ ਹੋਵੇ। ਇਸ ਤੋਂ ਪਹਿਲਾਂ ਸਾਲ 2004 ਦੌਰਾਨ ਬੀਬੀ ਦਲਜੀਤ ਕੌਰ ਜੁਆਇੰਟ ਸਕੱਤਰ ਦੇ ਅਹੁਦੇ ਲਈ ਚੁਣੇ ਗਏ ਸਨ ਅਤੇ ਉਨ੍ਹਾਂ 2005 ਤੱਕ ਆਪਣੇ ਅਹੁਦੇ ਦੀ ਜ਼ਿੰਮੇਵਾਰੀ ਨਿਭਾਈ ਸੀ।



### ਭਾਜਪਾ ਤੇ ਆਰਐੱਸਐੱਸ. ਨਾਲ ਮੇਰਾ ਕੋਈ ਵਾਸਤਾ ਨਹੀਂ -ਸਿਰਸਾ

**ਨਵੀਂ ਦਿੱਲੀ/ਏਟੀ ਨਿਊਜ਼ :** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਹੈ ਕਿ ਉਨ੍ਹਾਂ ਦਾ ਭਾਜਪਾ ਤੇ ਆਰਐਸਐਸ ਦੀਆਂ ਨੀਤੀਆਂ ਨਾਲ ਕੋਈ ਸਬੰਧ ਨਹੀਂ ਹੈ। ਉਨ੍ਹਾਂ ਨੂੰ ਵਿਧਾਇਕ ਦੀ ਸੀਟ ਕੇਵਲ ਇਕ ਰਾਜਨੀਤਕ ਸਮਝੌਤੇ ਤਹਿਤ ਅਕਾਲੀ ਦਲ ਤੇ ਕੋਟੇ ਵਿਚੋਂ ਮਿਲੀ ਹੋਈ ਹੈ। ਉਨ੍ਹਾਂ ਪਿਛਲੇ 6 ਸਾਲਾਂ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ 1984 ਕਤਲੇਆਮ ਦੀ ਯਾਦਗਾਰ, ਬੰਗਲਾ ਸਾਹਿਬ ਬਾਬਾ ਬਘੇਲ ਸਿੰਘ ਦਾ ਆਜਾਇਬ ਘਰ, 3 ਮਹਾਨ ਯੋਧਿਆਂ ਦੇ ਬੁੱਤ ਪੱਛਮੀ ਦਿੱਲੀ ਵਿਖੇ ਸਥਾਪਿਤ ਕਰਨ ਤੇ ਸ਼ਤਾਬਦੀਆਂ ਮਨਾਉਣ, ਅਨੰਦ ਮੈਰਿਜ ਐਕਟ ਦੇ 23 ਸੂਬਿਆਂ ਵਿਚ ਲਾਗੂ ਕਰਾਉਣ, ਹੁੱਕਾਬਾਰ ਬੰਦ ਕਰਨ ਦੀ ਕਾਮਯਾਬੀ ਲਈ ਪਿਛਲੀ ਕਮੇਟੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਦੀ ਕਮੇਟੀ ਆਈ ਸੀ ਤਾਂ ਉਸ ਸਮੇਂ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ 19 ਹਜ਼ਾਰ ਸੀ ਜੋ ਅੱਜ 42 ਹਜ਼ਾਰ ਤੱਕ ਪੁੱਜੀ ਹੈ। ਉਨ੍ਹਾਂ ਆਉਣ ਵਾਲੇ ਸਮੇਂ 550ਵੇਂ ਪ੍ਰਕਾਸ਼ ਗੁਰਪੁਰਬ ਦੇ ਮਨਾਉਣ ਪ੍ਰਤੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਨਵੰਬਰ ਤੱਕ ਅੱਧੀ ਦਿੱਲੀ ਨੂੰ ਗੁਰਸਿੱਖੀ ਨਾਲ ਜੋੜਨਗੇ। ਸਰਦਾਰ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਉਨ੍ਹਾਂ ਦੇ ਚੋਣ ਮੈਨਫ਼ੈਸਟੋ ਵਿਚ ਬਾਲਾ ਸਾਹਿਬ ਹਸਪਤਾਲ ਚਾਲੂ ਕਰਨ ਦੀ ਪਹਿਲੀ ਮੰਗ ਹੈ ਅਤੇ ਬਾਬਾ ਬਚਨ ਸਿੰਘ ਕਾਰਸੇਵਾ ਦੇ ਸਹਿਯੋਗ ਨਾਲ ਇਹ ਕੰਮ ਸ਼ੁਰੂ ਕੀਤਾ ਜਾਵੇਗਾ। ਕੁਲਵੰਤ ਸਿੰਘ ਬਾਠ ਤੇ ਪਰਮਜੀਤ ਸਿੰਘ ਸਰਨਾ ਤੇ ਸੰਗਤਾਂ ਨੂੰ ਗੁੰਮਰਾਹ ਕਰਨ ਦਾ ਦੋਸ਼ ਲਗਾਇਆ। ਅਵਤਾਰ ਸਿੰਘ ਹਿੱਤ ਨੇ ਕਿਹਾ ਜਿਨ੍ਹਾਂ ਨੇ ਗਲਤੀਆਂ ਕੀਤੀਆਂ ਹਨ, ਉਨ੍ਹਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

**ਸੁਖਬੀਰ ਦੀ ਸ਼ਹਿ 'ਤੇ ਸਫ਼ਲ ਹੋਇਆ ਸਿਰਸਾ-**
ਬੀਤੇ ਇਕ ਹਫ਼ਤੇ ਦੌਰਾਨ ਹੀ ਪਰਮਜੀਤ ਸਿੰਘ ਸਰਨਾ ਵਲੋਂ ਦਸਤਾਵੇਜ਼ੀ ਸਬੂਤਾਂ ਦੇ ਆਧਾਰ 'ਤੇ ਸਿਰਸਾ 'ਤੇ ਕਰੋੜਾਂ ਰੁਪਏ ਕਥਿਤ ਘੁਟਾਲੇ ਦੇ ਦੋਸ਼ ਲਾਏ ਗਏ ਅਤੇ ਸਿਰਸਾ ਖਿਲਾਫ਼ ਪੁਲਿਸ ਥਾਣੇ ਵਿਚ ਸ਼ਿਕਾਇਤ ਵੀ ਦਰਜ ਕਰਵਾਈ ਗਈ ਸੀ ਅਤੇ ਰਹਿਤ ਮਰਿਆਦਾ ਦੀ ਉਲੰਘਣਾ ਦਾ ਹਵਾਲਾ ਦੇ ਕੇ ਸਿਰਸਾ ਖ਼ਿਲਾਫ਼ ਅਕਾਲ ਤਖਤ 'ਤੇ ਵੀ ਸ਼ਿਕਾਇਤ ਕੀਤੀ ਗਈ ਸੀ ਪਰ ਇਸ ਦੇ ਬਾਵਜੂਦ ਸਿਰਸਾ ਪ੍ਰਧਾਨਗੀ ਦਾ ਅਹੁਦਾ ਪ੍ਰਾਪਤ ਕਰਨ ਵਿਚ ਕਾਮਯਾਬ ਰਿਹਾ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੀ ਇਹੋ ਮਨਸ਼ਾ ਸੀ।

**ਕਮੇਟੀ ਦੇ ਭਗਵਾਂਕਰਨ ਦਾ ਮਸਲਾ ਭਖਿਆ-**
ਭ੍ਰਿਸ਼ਟਾਚਾਰ ਦੇ ਵਿਵਾਦ ਤੋਂ ਬਾਅਦ ਹੁਣ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ ਮਨਜਿੰਦਰ ਸਿੰਘ ਸਿਰਸਾ ਬਾਰੇ ਵਿਵਾਦ ਛਿੜ ਗਿਆ ਹੈ। ਵਿਰੋਧੀ ਇਸ ਟੀਮ ਦੀ ਚੋਣ ਉਤੇ ਵੀ ਸਵਾਲ ਚੁੱਕ ਰਹੇ ਹਨ। ਕਈ ਸਿੱਖ ਆਗੂਆਂ ਨੇ ਭਾਜਪਾ ਵਿਧਾਇਕ ਨੂੰ ਦਿੱਲੀ ਦੇ ਗੁਰੂ ਘਰਾਂ ਦਾ ਪ੍ਰਬੰਧ ਸੌਂਪਣ ਤੇ ਸਵਾਲ ਚੁੱਕੇ ਹਨ ਜਦੋਂਕਿ ਕਾਂਗਰਸੀ ਸਾਂਸਦ ਰਵਨੀਤ ਬਿੱਟੂ ਦਾ ਕਹਿਣਾ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਦੀ ਨਵੀਂ ਟੀਮ ਦੀ ਚੋਣ ਵੀ ਪਾਰਟੀ ਸਿਸਟਮ ਨਾਲ ਹੋਈ ਹੈ ਜੋ ਹਮੇਸ਼ਾ ਦੀ ਤਰ੍ਹਾਂ ਬਾਦਲਾਂ ਦੇ ਜੇਬ ਚੋਂ ਹੀ ਨਿਕਲਦੀ ਹੈ। ਵਿਰੋਧੀ ਬੇਸ਼ੱਕ ਸਵਾਲ ਚੁੱਕੇ ਰਹੇ ਹਨ ਪਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਮੁਤਾਬਕ ਦਿੱਲੀ ਗੁਰਦੁਆਰਾ ਕਮੇਟੀ ਦੀ ਇਹ ਟੀਮ ਦਿੱਲੀ ਦੀ ਸਿੱਖ ਸੰਗਤ ਨੇ ਚੁਣੀ ਹੈ ਅਤੇ ਇਹ ਚੋਣ ਪ੍ਰਕਿਰਿਆ ਹਮੇਸ਼ਾ ਵਾਂਗ ਭਾਰਤੀ ਚੋਣ ਕਮਿਸ਼ਨ ਦੀ ਨਿਗਰਾਨੀ ਵਿਚ ਹੋਈ ਹੈ।

ਜ਼ਿਕਰਯੋਗ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਪਿਛਲੇ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਸਨ ਤੇ ਕਈ ਕਾਨੂੰਨੀ ਅੜਚਣਾਂ ਦੇ ਬਾਅਦ ਇਹ ਚੋਣ 15 ਮਾਰਚ ਨੂੰ ਨੇਪਰੇ ਚੜ੍ਹ ਗਈ। ਨਵੀਂ ਚੁਣੀ ਗਈ ਟੀਮ ਅਗਲੇ 2 ਸਾਲ ਇਹ ਸੇਵਾ ਨਿਭਾਏਗੀ। ਦੱਸ ਦਈਏ ਕਿ ਪਿਛਲੇ ਸਾਲ ਦਸੰਬਰ ਵਿਚ ਭ੍ਰਿਸ਼ਟਾਚਾਰ ਦੇ ਇਲਜ਼ਾਮ ਲੱਗਣ 'ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਅਸਤੀਫ਼ਾ ਦੇ ਦਿੱਤਾ ਸੀ ਤੇ ਫਿਰ ਕਮੇਟੀ ਦੀ ਕਾਰਜਕਾਰਨੀ ਵੀ ਭੰਗ ਕਰ ਦਿੱਤੀ ਗਈ ਸੀ, ਪਰ ਹੁਣ ਇਸ ਨਵੀਂ ਟੀਮ ਦੇ ਗਠਨ ਦੇ ਨਾਲ ਹੀ ਨਵੇਂ ਵਿਵਾਦ ਵੀ ਛਿੜ ਗਏ ਹਨ। ਸਿਰਸਾ ਦਿੱਲੀ ਦੇ ਮੋਹਰੀ ਅਕਾਲੀ ਲੀਡਰ ਹਨ ਪਰ ਉਹ ਦਿੱਲੀ ਦੀ ਰਾਜੌਰੀ ਗਾਰਡਨ ਸੀਟ ਤੋਂ ਭਾਰਤੀ ਜਨਤਾ ਪਾਰਟੀ ਦੇ ਚੋਣ ਨਿਸ਼ਾਨ ਤੋਂ ਵਿਧਾਇਕ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਤੇ ਅਕਾਲੀ ਨੇਤਾ ਕਿਰਨਜੋਤ ਕੌਰ ਨੇ ਵੀ ਮਨਜਿੰਦਰ ਸਿਰਸਾ ਨੂੰ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਣਾਏ ਜਾਣ ਤੇ ਸਵਾਲ ਚੁੱਕੇ ਹਨ। ਕਿਰਨਜੋਤ ਕੌਰ ਦਾ ਕਹਿਣਾ ਹੈ ਕਿ ਜੇਕਰ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਿਹੇ ਵੱਡੇ ਅਹੁਦੇ ਤੇ ਬੈਠਣਗੇ ਤਾਂ ਫਿਰ ਪੰਥ ਕਿੱਥੇ ਜਾਵੇਗਾ।

**ਸ੍ਰੀ ਅਕਾਲ ਤਖ਼ਤ 'ਤੇ ਸ਼ਿਕਾਇਤ ਕਰਾਂਗੇ : ਬਲਦੇਵ ਸਿਰਸਾ**
ਦਲ ਖਾਲਸਾ ਦੇ ਕਿਸਾਨ ਵਿੰਗ ਦੇ ਨੇਤਾ ਬਲਦੇਵ ਸਿੰਘ ਸਿਰਸਾ ਨੇ ਕਿਹਾ ਕਿ ਮਨਜਿੰਦਰ ਸਿੰਘ ਸਿਰਸਾ ਕਾਫ਼ੀ ਸਮੇਂ ਤੋਂ ਦਾੜ੍ਹੀ ਰੰਗਦੇ ਆ ਰਹੇ ਹਨ। ਇਸ ਖ਼ਿਲਾਫ਼ ਉਨ੍ਹਾਂ ਵੱਲੋਂ ਪਹਿਲਾਂ ਵੀ ਸ਼ਿਕਾਇਤ ਕੀਤੀ ਸੀ। ਹੁਣ ਦੁਬਾਰਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਿਰਸਾ ਖ਼ਿਲਾਫ ਸ਼ਿਕਾਇਤ ਦੇਣਗੇ। ਜੇ ਐੱਸਜੀਪੀਸੀ ਸਿਰਸਾ ਨੂੰ ਸਨਮਾਨਿਤ ਕਰਦੀ ਹੈ ਤਾਂ ਅਸੀਂ ਇਸ ਦਾ ਵਿਰੋਧ ਕਰਾਂਗੇ।

**ਬਾਦਲਾਂ ਦਾ ਰਾਜਨੀਤਕ ਅੰਤ : ਜਰਨੈਲ ਸਿੰਘ**
ਅਕਾਲੀ ਦਲ ਅੰਮ੍ਰਿਤਸਰ ਦੇ ਜਨਰਲ ਸਕੱਤਰ ਜਰਨੈਲ ਸਿੰਘ ਸਖੀਰਾ ਤੇ ਦਫਤਰ ਸਕੱਤਰ ਹਰਬੀਰ ਸਿੰਘ ਨੇ ਕਿਹਾ ਕਿ ਦਾੜ੍ਹੀ ਰੰਗਣ ਵਾਲੇ ਭਾਜਪਾ ਵਿਧਾਇਕ ਨੂੰ ਦਿੱਲੀ ਕਮੇਟੀ ਦਾ ਪ੍ਰਧਾਨ ਬਣਾਇਆ ਬਾਦਲ ਧੜੇ ਦੇ ਰਾਜਨੀਤਕ ਅੰਤ ਨੂੰ ਦਰਸਾਉਂਦਾ ਹੈ। ਅਸੀਂ ਸ਼ੁਰੂ ਤੋਂ ਹੀ ਇਸ ਦਾ ਵਿਰੋਧ ਕਰਦੇ ਆ ਰਹੇ ਹਨ।

### ਸੀਬੀਆਈ ਵੱਲੋਂ ਸੱਜਣ ਕੁਮਾਰ ਦੀ ਜ਼ਮਾਨਤ ਅਰਜ਼ੀ ਦਾ ਵਿਰੋਧ

**ਨਵੀਂ ਦਿੱਲੀ/ਏਟੀ ਨਿਊਜ਼ :** ਸੀਬੀਆਈ ਨੇ ਸੁਪਰੀਮ ਕੋਰਟ ਵਿਚ ਦੋਸ਼ ਲਾਇਆ ਕਿ ਕਾਂਗਰਸ ਦੇ ਸਾਬਕਾ ਆਗੂ ਸੱਜਣ ਕੁਮਾਰ ਨੇ ਆਪਣੇ ਸਿਆਸੀ ਰੁਤਬੇ ਦੀ ਵਰਤੋਂ ਕਰਦਿਆਂ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਕੇਸਾਂ ਨੂੰ ਲੀਹੋਂ ਲਾਉਣ ਅਤੇ ਗਵਾਹਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ। ਸੀਬੀਆਈ ਨੇ ਮੰਗ ਕੀਤੀ ਕਿ ਉਸ ਦੀ ਉਮਰ ਕੈਦ ਦੀ ਸਜ਼ਾ ਬਹਾਲ ਰੱਖੀ ਜਾਵੇ। ਦਿੱਲੀ ਹਾਈ ਕੋਰਟ ਨੇ ਸੱਜਣ ਕੁਮਾਰ ਨੂੰ ਪਿਛਲੇ ਸਾਲ 17 ਦਸੰਬਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਸਜ਼ਾ ਰੱਦ ਕਰਾਉਣ ਅਤੇ ਜ਼ਮਾਨਤ ਲਈ ਉਸ ਵੱਲੋਂ ਸੁਪਰੀਮ ਕੋਰਟ ਵਿਚ ਅਰਜ਼ੀ ਦਾਖ਼ਲ ਕੀਤੀ ਗਈ ਹੈ। ਸੀਬੀਆਈ ਨੇ ਕਿਹਾ ਕਿ ਉਹ ਗਵਾਹਾਂ ਨੂੰ ਪ੍ਰਭਾਵਿਤ ਕਰਨ ਅਤੇ ਉਨ੍ਹਾਂ ਨੂੰ ਡਰਾਉਣ ਦੀ ਸਮਰੱਥਾ ਰੱਖਦਾ ਹੈ ਅਤੇ ਜੇਕਰ ਉਸ ਨੂੰ ਜ਼ਮਾਨਤ ਦੇ ਦਿੱਤੀ ਜਾਂਦੀ ਹੈ ਤਾਂ ਉਸ ਖ਼ਿਲਾਫ਼ ਬਕਾਇਆ ਪਏ ਕੇਸ ਵਿਚ ਨਿਰਪੱਖ ਢੰਗ ਨਾਲ ਮੁਕੱਦਮਾ ਚਲਾਉਣਾ ਮੁਸ਼ਕਲ ਹੋਵੇਗਾ। ਦੋਸ਼ੀ ਨਾਲ ਕੋਈ ਨਰਮੀ ਨਹੀਂ ਵਰਤੀ ਜਾਣੀ ਚਾਹੀਦੀ ਹੈ।

# ਹਰਿੰਦਰ ਸਿੰਘ ਖਾਲਸਾ ਦੀ ਬਿੱਲੀ ਥੈਲਿਓਂ ਬਾਹਰ

## *ਚੋਣ ਮੈਦਾਨ 'ਚੋਂ ਹਟੇ, ਮੋਦੀ ਦੇ ਹੱਕ ਵਿਚ ਕਰਨਗੇ ਪ੍ਰਚਾਰ*



**ਲੁਧਿਆਣਾ/ਏਟੀ ਨਿਊਜ਼ :** ਲੋਕ ਸਭਾ ਚੋਣਾਂ 2014 ਵਿਚ ਹਲਕਾ ਫਤਿਹਗੜ੍ਹ ਸਾਹਿਬ ਤੋਂ ਜੇਤੂ ਰਹੇ ਆਮ ਆਦਮੀ ਪਾਰਟੀ (ਆਪ) ਦੇ ਬਾਗ਼ੀ ਲੋਕ ਸਭਾ ਮੈਂਬਰ ਹਰਿੰਦਰ ਸਿੰਘ ਖਾਲਸਾ ਇਸ ਵਾਰ ਚੋਣ ਮੈਦਾਨ ਵਿਚ ਨਹੀਂ ਉਤਰਨਗੇ। ਆਮ ਆਦਮੀ ਪਾਰਟੀ ਨਾਲ ਰਿਸ਼ਤਿਆਂ ਵਿਚ ਆਈ ਦਰਾਰ ਤੋਂ ਬਾਅਦ ਖਾਲਸਾ ਦੀਆਂ ਨਜ਼ਦੀਕੀਆਂ ਭਾਜਪਾ ਨਾਲ ਵਧ ਗਈਆਂ ਸਨ ਤੇ ਚਰਚਾ ਸੀ ਕਿ ਉਹ ਭਾਜਪਾ ਦੀ ਟਿਕਟ 'ਤੇ ਕਿਤੋਂ ਚੋਣ ਲੜ ਸਕਦੇ ਹਨ ਜਾਂ ਫਿਰ ਫਤਿਹਗੜ੍ਹ ਸਾਹਿਬ ਸੀਟ ਤੋਂ ਬਤੌਰ ਆਜ਼ਾਦ ਉਮੀਦਵਾਰ ਚੋਣ ਲੜ ਸਕਦੇ ਹਨ, ਪਰ ਖ਼ਾਲਸਾ ਨੇ ਸਪੱਸ਼ਟ ਕੀਤਾ ਹੈ ਕਿ ਉਹ ਲੋਕ ਸਭਾ ਲਈ ਕਿਸੇ ਸੀਟ ਤੋਂ ਚੋਣ ਨਹੀਂ ਲੜਨਗੇ। ਜਦੋਂ ਇਸ ਬਾਰੇ ਹਰਿੰਦਰ ਸਿੰਘ ਖਾਲਸਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਉਮਰ 72 ਸਾਲ ਹੋ ਚੁੱਕੀ ਹੈ ਤੇ ਉਹ ਆਪਣੇ ਪਰਿਵਾਰ ਨੂੰ ਪੂਰਾ ਸਮਾਂ ਨਹੀਂ ਦੇ ਪਾ ਰਹੇ। ਉਹ ਆਪਣੀ ਆਤਮ ਕਥਾ ਲਿਖਣਾ ਚਾਹੁੰਦੇ ਹਨ। ਇਸ ਕਾਰਨ ਉਹ ਚੋਣ ਨਹੀਂ ਲੜਨਗੇ। ਉਨ੍ਹਾਂ ਕਿਹਾ ਕਿ ਉਹ ਚੋਣਾਂ ਵਿਚ ਖੁੱਲ੍ਹ ਕੇ ਮੋਦੀ ਸਰਕਾਰ ਦੀ ਮਦਦ ਕਰਨਗੇ ਤੇ ਉਨ੍ਹਾਂ ਲਈ ਪ੍ਰਚਾਰ ਵੀ ਕਰਨਗੇ।

# 'ਆਪ' ਆਗੂ ਨੂੰ ਮਾਰੀ ਗੋਲੀ

**ਤਰਨਤਾਰਨ/ਏਟੀ ਨਿਊਜ਼ :** ਤਰਨਤਾਰਨ 'ਚ ਬਦਮਾਸ਼ਾਂ ਨੇ 'ਆਪ' ਆਗੂ ਚੇਤਨ ਸਿੰਘ ਨੂੰ ਮਾਰੀ ਗੋਲੀ ਹੈ। ਇਸ ਆਗੂ ਨੇ ਇਕ ਕੁੜੀ ਨੂੰ ਅਗਵਾ ਕਰ ਰਹੇ ਬਦਮਾਸ਼ਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਸੀ। ਇਸ ਤੋਂ ਬਾਅਦ ਬਦਮਾਸ਼ਾਂ ਨੇ ਉਨ੍ਹਾਂ ਦੇ ਗੋਲੀ ਮਾਰ ਦਿੱਤੀ। ਚੇਤਨ ਸਿੰਘ ਹਸਪਤਾਲ 'ਚ ਜ਼ੇਰੇ ਇਲਾਜ ਹੈ।

## ਬੱਬੀ ਬਾਦਲ ਤਾਏ ਦੀ ਪਾਰਟੀ ਛੱਡ ਕੇ ਬਣਿਆਂ ਟਕਸਾਲੀ

**ਚੰਡੀਗੜ੍ਹ/ਏਟੀ ਨਿਊਜ਼ :** ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਉਸ ਸਮੇਂ ਵੱਡਾ ਝਟਕਾ ਲੱਗਿਆ, ਜਦੋਂ ਸੁਖਬੀਰ ਬਾਦਲ ਦੀ ਸੱਜੀ ਬਾਂਹ ਸਮਝੇ ਜਾਣ ਵਾਲੇ ਆਗੂ ਬੱਬੀ ਬਾਦਲ ਅਕਾਲੀ ਦਲ (ਟਕਸਾਲੀ) 'ਚ ਸ਼ਾਮਲ ਹੋ ਗਏ। ਉਹ ਬਾਦਲ ਪਰਿਵਾਰ ਦੇ ਸ਼ਰੀਕੇ ਵਿਚੋਂ ਹੀ ਹਨ।

# *ਜੱਗੋਂ ਤੇਰ੍ਹਵੀਂ :* ਬਾਦਲ ਦਲ ਹੋਇਆ ਗਰੀਬ

## *ਜਥੇਦਾਰਾਂ ਦੀਆਂ ਜੇਬ੍ਹਾਂ 'ਚੋਂ ਕੱਢੇ ਜਾਣਗੇ ਪੈਸੇ*



**ਚੰਡੀਗੜ੍ਹ/ਏਟੀ ਨਿਊਜ਼ :** ਲੋਕ ਸਭਾ ਚੋਣਾਂ ਸਿਰ 'ਤੇ ਹਨ ਪਰ ਸਿਆਸੀ ਸੰਕਟ ਦਾ ਸ਼ਿਕਾਰ ਸ਼੍ਰੋਮਣੀ ਅਕਾਲੀ ਦਲ ਹੁਣ ਵਿੱਤੀ ਮੁਸੀਬਤ ਵਿੱਚ ਘਿਰ ਗਿਆ ਹੈ। ਪਾਰਟੀ ਕੋਲ ਚੋਣਾਂ ਲਈ ਫੰਡਾਂ ਦੀ ਘਾਟ ਹੈ। ਇਸ ਲਈ ਚੰਡੀਗੜ੍ਹ ਵਿੱਚ ਹੋਈ ਕੋਰ ਕਮੇਟੀ ਦੀ ਮੀਟਿੰਗ ਵਿੱਚ ਜਥੇਦਾਰਾਂ ਤੋਂ ਫੰਡ ਇਕੱਠਾ ਕਰਨ ਦਾ ਫੈਸਲਾ ਕੀਤਾ ਗਿਆ। ਸੂਤਰਾਂ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਤੇ ਜ਼ਿਲ੍ਹਾ ਜਥੇਦਾਰਾਂ ਵੱਲੋਂ ਇੱਕ-ਇੱਕ ਲੱਖ ਰੁਪਏ ਦਾ ਚੰਦਾ ਪਾਰਟੀ ਨੂੰ ਦਿੱਤਾ ਜਾਵੇਗਾ। ਇਸੇ ਤਰ੍ਹਾਂ ਹਰੇਕ ਜਨਰਲ ਸਕੱਤਰ, ਮੀਤ ਪ੍ਰਧਾਨ ਤੇ ਸਿਆਸੀ ਮਾਮਲਿਆਂ ਬਾਰੇ ਕਮੇਟੀ ਦੇ ਮੈਂਬਰ ਵੱਲੋਂ 50-50 ਹਜ਼ਾਰ ਰੁਪਏ ਦਿੱਤੇ ਜਾਣਗੇ। ਇਸੇ ਤਰ੍ਹਾਂ ਵਰਕਿੰਗ ਕਮੇਟੀ ਮੈਂਬਰ 21 ਹਜ਼ਾਰ ਰੁਪਏ ਦਾ ਯੋਗਦਾਨ ਪਾਵੇਗਾ ਤੇ ਜਨਰਲ ਕੌਂਸਲ ਦੇ ਹਰ ਇੱਕ ਮੈਂਬਰ ਨੂੰ 5 ਹਜ਼ਾਰ ਰੁਪਏ ਦੇਣ ਲਈ ਕਿਹਾ ਗਿਆ ਹੈ। ਪਾਰਟੀ ਵੱਲੋਂ ਪਹਿਲੀ ਅਪਰੈਲ ਤੋਂ ਮੈਂਬਰਸ਼ਿਪ ਦੀ ਭਰਤੀ ਵੀ ਸ਼ੁਰੂ ਕੀਤੀ ਜਾਵੇਗੀ ਤੇ ਮੈਂਬਰਸ਼ਿਪ ਰਾਹੀਂ ਵੀ ਫੰਡ ਉਪਲਬਧ ਹੋਵੇਗਾ।

# ਭਾਜਪਾ ਦੀ ਟਿਕਟ 'ਤੇ ਲੋਕ ਸਭਾ ਚੋਣ ਚੋਣ ਲੜਨੀ ਚਾਹੁੰਦੀ ਏ ਪੂਨਮ ਢਿੱਲੋਂ



**ਨਵੀਂ ਦਿੱਲੀ :** ਬੀਤੇ ਜ਼ਮਾਨੇ ਦੀ ਮਸ਼ਹੂਰ ਫਿਲਮ ਅਦਾਕਾਰਾ ਤੇ 1977 'ਚ ਫੈਮਿਨਾ ਮਿਸ ਇੰਡੀਆ ਰਹੀ ਪੂਨਮ ਢਿੱਲੋਂ ਇਸ ਵਾਰ ਭਾਜਪਾ ਦੀ ਟਿਕਟ 'ਤੇ ਚੋਣ ਲੜਨੀ ਚਾਹੁੰਦੀ ਹੈ। ਪਿਛਲੇ 15 ਸਾਲਾਂ ਤੋਂ ਸਿਆਸਤ 'ਚ ਸਰਗਰਮ ਪੂਨਮ ਫਿਲਹਾਲ ਮੁੰਬਈ ਭਾਜਪਾ ਦੀ ਉਪ ਪ੍ਰਧਾਨ ਹੈ ਤੇ 2004 ਤੋਂ ਹੀ ਪਾਰਟੀ ਲਈ ਵੱਖ-ਵੱਖ ਇਲਾਕਿਆਂ 'ਚ ਸਟਾਰ ਪ੍ਰਚਾਰਕ ਰਹੀ ਹੈ। ਦੋ ਦਿਨ ਪਹਿਲਾਂ ਉਨ੍ਹਾਂ ਨੇ ਪੰਜਾਬ ਭਾਜਪਾ ਦੇ ਇੰਚਾਰਜ ਤੇ ਹਰਿਆਣਾ ਦੇ ਵਿੱਤ ਮੰਤਰੀ ਕੈਪਟਨ ਅਭਿਮੰਨਿਊ ਨਾਲ ਵੀ ਮੁਲਾਕਾਤ ਕੀਤੀ ਸੀ। ਪੂਨਮ ਨੇ ਗੁਰਦਾਸਪੁਰ ਤੇ ਅੰਮ੍ਰਿਤਸਰ ਸੀਟ ਤੋਂ ਲੋਕ ਸਭਾ ਚੋਣ ਲੜਨ ਦੀ ਇੱਛਾ ਪ੍ਰਗਟ ਕੀਤੀ ਹੈ। ਦਿੱਲੀ ਵਿਚ ਪੂਨਮ ਨੇ ਕੇਂਦਰੀ ਮੰਤਰੀ ਅਰੁਣ ਜੇਤਲੀ ਤੇ ਨਿਤਿਨ ਗਡਕਰੀ ਨਾਲ ਮੁਲਾਕਾਤ ਕੀਤੀ ਹੈ। ਗੁਰਦਾਸਪੁਰ ਸੀਟ ਤੋਂ ਸੰਸਦ ਮੈਂਬਰ ਰਹੇ ਵਿਨੋਦ ਖੰਨਾ ਦੇ ਦੇਹਾਂਤ ਤੋਂ ਬਾਅਦ ਹੋਈ ਜ਼ਿਮਨੀ ਚੋਣ 'ਚ ਇਸ ਸੀਟ 'ਤੇ ਫਿਲਹਾਲ ਕਾਂਗਰਸ ਦਾ ਕਬਜ਼ਾ ਹੈ ਤੇ ਨਵਜੋਤ ਸਿੱਧੂ ਦੇ ਕਾਂਗਰਸ ਵਿਚ ਜਾਣ ਤੋਂ ਬਾਅਦ ਅੰਮ੍ਰਿਤਸਰ ਸੀਟ 'ਤੇ ਵੀ ਭਾਜਪਾ ਨਵੇਂ ਉਮੀਦਵਾਰ ਦੀ ਭਾਲ ਵਿਚ ਹੈ। ਪੂਨਮ ਦਾ ਕਹਿਣਾ ਹੈ ਕਿ ਉਹ ਪੰਜਾਬ ਨਾਲ ਸਬੰਧ ਰੱਖਦੇ ਹਨ ਤੇ ਅਦਾਕਾਰੀ ਦੌਰਾਨ ਵੀ ਪੰਜਾਬ ਨਾਲ ਉਨ੍ਹਾਂ ਦਾ ਸੰਪਰਕ ਬਣਿਆ ਰਿਹਾ। ਇਸ ਲਈ ਉਹ ਬਿਹਤਰ ਉਮੀਦਵਾਰ ਹੋ ਸਕਦੇ ਹਨ।

# ਲੌਂਗੋਵਾਲ ਡੇਰਾ ਪ੍ਰੇਮੀਆਂ ਨਾਲ ਧਰਨੇ ਦੇ ਮਾਮਲੇ 'ਚ ਕਸੂਤੇ ਘਿਰੇ

## *30 ਸਿੱਖ ਜਥੇਬੰਦੀਆਂ ਨੇ ਖੋਲ੍ਹਿਆ ਮੋਰਚਾ*



**ਜਲੰਧਰ/ਏਟੀ ਨਿਊਜ਼ :** ਸਿੱਖਾਂ ਦੀਆਂ ਵੱਖ-ਵੱਖ 30 ਜਥੇਬੰਦੀਆਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੋਂ ਅਸਤੀਫ਼ੇ ਦੀ ਮੰਗ ਕੀਤੀ ਹੈ। ਲੌਂਗੋਵਾਲ 'ਤੇ ਇਲਜ਼ਾਮ ਲਾਇਆ ਜਾ ਰਿਹਾ ਹੈ ਕਿ ਸਾਲ 2005 ਵਿੱਚ ਜਦ ਡੇਰਾ ਪ੍ਰੇਮੀ ਗੁਰਮੀਤ ਰਾਮ ਰਹੀਮ 'ਤੇ ਸੀਬੀਆਈ ਕਾਰਵਾਈ ਸਬੰਧੀ ਰੋਸ ਪ੍ਰਦਰਸ਼ਨ ਕਰ ਰਹੇ ਸਨ ਤਾਂ ਗੋਬਿੰਦ ਸਿੰਘ ਲੌਂਗੋਵਾਲ ਉੱਥੇ ਮੌਜੂਦ ਸਨ। ਸੰਸਥਾ ਦਰਬਾਰ-ਏ-ਖ਼ਾਲਸਾ ਦੇ ਨੁਮਾਇੰਦੇ, ਸੁਖਦੇਵ ਸਿੰਘ ਫਗਵਾੜਾ ਤੇ ਹਰਜਿੰਦਰ ਸਿੰਘ ਮਾਝੀ ਨੇ 21 ਸਤੰਬਰ, 2005 ਨੂੰ ਛਪੇ ਅੰਗ੍ਰੇਜ਼ੀ ਅਖ਼ਬਾਰ ਦੀਆਂ ਕਾਪੀਆਂ ਵੀ ਦਿਖਾਈਆਂ ਤੇ ਇਲਜ਼ਾਮ ਲਾਇਆ ਕਿ ਸੰਗਰੂਰ ਵਿੱਚ ਡੇਰਾ ਪ੍ਰੇਮੀਆਂ ਵੱਲੋਂ ਦਿੱਤੇ ਗਏ ਧਰਨੇ ਵਿੱਚ ਲੌਂਗੋਵਾਲ ਵੀ ਪਹੁੰਚੇ ਸਨ। ਡੇਰਾ ਪ੍ਰੇਮੀਆਂ ਵੱਲੋਂ ਇਹ ਧਰਨਾ ਰਾਮ ਰਹੀਮ ਖ਼ਿਲਾਫ਼ ਕੇਸਾਂ ਦੀ ਜਾਂਚ ਸੀਬੀਆਈ ਨੂੰ ਸੌਂਪਣ ਦੇ ਵਿਰੋਧ ਵਿੱਚ ਦਿੱਤਾ ਗਿਆ ਸੀ। ਦਰਬਾਰ-ਏ-ਖ਼ਾਲਸਾ ਦੀ ਅਗਵਾਈ ਵਿੱਚ ਜਥੇਬੰਦੀਆਂ ਨੇ ਅਕਾਲ ਤਖ਼ਤ ਨੂੰ ਕਮੇਟੀ ਪ੍ਰਧਾਨ ਦਾ ਸਟੈਂਡ ਪਰਖਣ ਲਈ ਤਲਬ ਕਰਨ ਦੀ ਮੰਗ ਵੀ ਕੀਤੀ। ਜਥੇਬੰਦੀਆਂ ਚਾਹੁੰਦੀਆਂ ਹਨ ਕਿ ਅਕਾਲ ਤਖ਼ਤ ਵਿਖੇ ਆ ਕੇ ਐਸਜੀਪੀਸੀ ਪ੍ਰਧਾਨ ਲੌਂਗੋਵਾਲ ਸਾਬਤ ਕਰਨ ਕਿ ਉਹ ਸਿੱਖ ਕੌਮ ਨਾਲ ਖੜ੍ਹੇ ਹਨ ਜਾਂ ਡੇਰਾ ਸਿਰਸਾ ਦੇ ਸਮਰਥਕਾਂ ਨਾਲ।

ਹਾਲਾਂਕਿ, ਲੌਂਗੋਵਾਲ 'ਤੇ ਵਿਧਾਨ ਸਭਾ ਚੋਣਾਂ ਦੌਰਾਨ ਡੇਰਾ ਸਿਰਸਾ ਜਾਣ ਦਾ ਦੋਸ਼ ਲੱਗਾ ਸੀ ਤੇ ਪਹਿਲੀ ਵਾਰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਨ 'ਤੇ ਇਹ ਮੁੱਦਾ ਵੀ ਉੱਠਿਆ ਸੀ। ਹਾਲਾਂਕਿ, ਲੌਂਗੋਵਾਲ ਇਸ ਨੂੰ ਨਕਾਰ ਚੁੱਕੇ ਹਨ ਪਰ ਇਸ ਇਲਜ਼ਾਮ ਬਾਰੇ ਹਾਲੇ ਉਨ੍ਹਾਂ ਕੋਈ ਸਫਾਈ ਨਹੀਂ ਦਿੱਤੀ।


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776



When tired of all treatments for any disease at any age Try

HOMEOPATHIC

Experienced Consultant Physician since 1973

American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!



Office Hours
Mon-Fri
9am-6pm
Saturday
9am-5pm

CST. REG #2092042-40

We Also Have Special Vacation Packages

President : Avtar Singh

Contact any time from anywhere

Tel 707.302.0512, 916.340.8100 • Fax 707.425.4260

Email: bsonstravel@yahoo.com

1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

ਅੰਮ੍ਰਿਤਸਰ ਟਾਈਮਜ਼ AMRITSAR TIMES
20 ਮਾਰਚ 2019 ਤੋਂ 26 ਮਾਰਚ 2019

*।। ਔਰਨ ਕੀ ਹੋਲੀ ਮਮ ਹੋਲਾ ।।*

# ਖਾਲਸੇ ਦਾ ਹੋਲਾ-ਮਹੱਲਾ

**ਮਨਜੀਤ ਸਿੰਘ ਟਿਵਾਣਾ**

ਸਿੱਖਾਂ ਦੇ ਦਸ ਗੁਰੂ ਸਾਹਿਬਾਨਾਂ ਨੇ ਆਪੋ-ਆਪਣੇ ਜੀਵਨ-ਕਾਲ ਵਿਚ ਆਪਣੇ ਸਿੱਖਾਂ ਨੂੰ ਜ਼ਿੰਦਗੀ ਦੇ ਹਰ ਪੱਖ ਤੋਂ ਨਿਆਰਾਪਣ, ਆਜ਼ਾਦ ਹਸਤੀ, ਵੱਖਰੀ ਪਹਿਚਾਣ ਤੇ ਗੁਰਮਤਿ ਦੀ ਸੋਝੀ ਵਰਗੀਆਂ ਨਿਆਮਤਾਂ ਨਾਲ ਨਿਵਾਜਿਆ ਹੈ। ਗੁਰੂ ਸਾਹਿਬਾਨਾਂ ਦੀਆਂ ਬਖਸ਼ੀਆਂ ਅਜਿਹੀਆਂ ਅਨੇਕਾਂ ਜੀਵਨ-ਜੁਗਤਾਂ ਵਿਚੋਂ ਹੀ ਦਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਗੁਰੂ ਦੇ ਖਾਲਸੇ ਨੂੰ ਬਖਸ਼ਿਆ ਗਿਆ ਹੋਲਾ-ਮਹੱਲਾ ਦਾ ਪੁਰਬ ਵੀ ਹੈ। ਭਾਵੇਂ ਅਜੋਕੇ ਸਮੇਂ ਵਿਚ ਸਿੱਖਾਂ ਦੀ ਨਵੀਂ ਪੀੜ੍ਹੀ ਸ਼ਾਨਾਂਮੱਤੇ ਸਿੱਖ ਇਤਿਹਾਸ, ਗੌਰਵਮਈ ਵਿਰਸੇ, ਜੰਗਾਂ-ਯੁੱਧਾਂ ਵਿਚ ਸ਼ਕਤੀ ਦੇ ਪ੍ਰਦਰਸ਼ਨ ਤੇ ਬੀਰ-ਰਸੀ ਰਵਾਇਤਾਂ ਨੂੰ ਭੁੱਲਦੀ ਜਾ ਰਹੀ ਹੈ ਅਤੇ ਸਿੱਖਾਂ ਦਾ ਸ਼ਸਤਰਾਂ ਪ੍ਰਤੀ ਪਿਆਰ ਵੀ ਘਟਦਾ ਜਾ ਰਿਹਾ ਹੈ ਪਰ ਸਿੱਖ ਕੌਮ ਦਾ ਇਤਿਹਾਸ ਇਸ ਗੱਲ ਦਾ ਵੀ ਲਖਾਇਕ ਹੈ ਕਿ ਇਹ ਆਪਣੇ ਵਿਰਸੇ ਪ੍ਰਤੀ ਜਾਗਰੂਕ ਹੋ ਕੇ ਮੁੜ ਉਭਰਨ ਦਾ ਵੱਲ ਵੀ ਜਾਣਦੀ ਹੈ। ਬਸ ਸਾਨੂੰ ਆਪਣੇ ਸ਼ਾਨਾਂਮੱਤੇ ਇਤਿਹਾਸ ਦੀਆਂ ਬਾਤਾਂ ਪੀੜ੍ਹੀ-ਦਰ-ਪੀੜ੍ਹੀ ਪਾਉਂਦੇ ਰਹਿਣ ਦੀ ਰਵਾਇਤ ਨੂੰ ਬਰਕਰਾਰ ਰੱਖਣਾ ਹੋਵੇਗਾ। ਅਜਿਹੀ ਹੀ ਪਿਰਤ ਨੂੰ ਮੁੜ ਦੁਹਰਾਉਣ ਅਤੇ ਗੁਰੂ ਪਿਤਾ ਦੀ ਮਹਾਨ ਕੁਰਬਾਨੀ ਨੂੰ ਸਿਜਦਾ ਕਰਨ ਲਈ ਖਾਲਸਾ ਪੰਥ ਦੀ ਨਿਆਰੀ ਹੋਂਦ ਨੂੰ ਦਰਸਾਉਂਦਾ ਇਹ ਹੋਲਾ-ਮਹੱਲਾ ਦਾ ਕੌਮੀ ਤਿਉਹਾਰ ਪ੍ਰੇਰਨਾ ਸਰੋਤ ਬਣਦਾ ਆ ਰਿਹਾ ਹੈ।

ਇਤਿਹਾਸਕਾਰਾਂ ਮੁਤਾਬਿਕ ਹੋਲੇ ਮਹੱਲੇ ਦਾ ਆਰੰਭ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੇਤ ਵਦੀ ਇਕ ਸੰਮਤ 1757 ਬਿਕ੍ਰਮੀ ਵਾਲੇ ਦਿਨ, ਸ੍ਰੀ ਅਨੰਦਪੁਰ ਸਾਹਿਬ ਵਿਖੇ ਕਿਲ੍ਹਾ ਹੋਲਗੜ੍ਹ ਦੇ ਸਥਾਨ 'ਤੇ ਕੀਤਾ ਸੀ। ਹੋਲਾ ਮਹੱਲਾ ਮਨਾਉਣ ਦਾ ਮੁੱਖ ਮੰਤਵ ਗੁਰਸਿੱਖਾਂ ਅੰਦਰ 'ਫ਼ਤਹਿ' ਦੇ ਅਨੁਭਵ ਨੂੰ ਦ੍ਰਿੜ੍ਹ ਕਰਨਾ ਤੇ ਇਸ ਵਾਸਤੇ ਮਰ-ਮਿਟਣ ਦੀ ਭਾਵਨਾ ਨੂੰ ਪ੍ਰਚੰਡ ਕਰਨਾ ਸੀ। ਤਵਾਰੀਖ ਦੱਸਦੀ ਹੈ ਕਿ ਸਦੀਆਂ ਦੀ ਗੁਲਾਮੀ ਤੋਂ ਅਜ਼ਾਦੀ ਪ੍ਰਾਪਤ ਕਰਨ ਲਈ ਲੋਕਾਈ ਵਿਚ ਜੋਸ਼ ਪੈਦਾ ਕਰਨ ਦੀ ਜ਼ਰੂਰਤ ਸੀ। ਸਾਰੇ ਸਿੱਖ ਗੁਰੂ ਸਾਹਿਬਾਨਾਂ ਸਮੇਤ ਕਲਗੀਧਰ ਦਸਮੇਸ਼ ਪਿਤਾ ਜੀ ਨੇ ਇਸ ਕਾਰਜ ਲਈ ਉਸ ਵੇਲੇ ਦੇ ਗੁਲਾਮ ਮਾਨਸਿਕਤਾ ਕਾਰਨ ਅਪਾਹਜ ਹੋ ਚੁੱਕੇ ਸਮਾਜ ਨੂੰ ਹਰ ਪੱਧਰ ਉਤੇ ਹਲੂਣਾ ਦਿੱਤਾ। ਉਹਨਾਂ ਦੇ ਰਹਿਣ-ਸਹਿਣ, ਖਾਣ-ਪੀਣ, ਰੀਤੀ-ਰਿਵਾਜ਼ਾਂ ਅਤੇ ਤਿਉਹਾਰ ਮਨਾਉਣ ਦੇ ਢੰਗਾਂ ਵਿਚ ਇਨਕਲਾਬੀ ਤਬਦੀਲੀਆਂ ਕੀਤੀਆਂ ਗਈਆਂ। ਇਸ ਨਾਲ ਸਿੱਖਾਂ ਵਿਚ ਇਕ ਨਰੋਈ ਤੇ ਅਗਾਂਹਵਧੂ ਸੋਚ ਨੇ ਹੁਲਾਰਾ ਖਾਧਾ। ਸਮਾਜ ਨੂੰ ਮੁੱਢੋਂ ਗੇੜਾ ਦੇਣ ਦੀ ਇਸੇ ਲੜੀ ਤਹਿਤ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਦੀ ਵੈਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਾਜਨਾ ਕੀਤੀ। ਸਿੱਖ ਪੰਥ ਵਿਚ ਆਈ ਇਸ ਮਹਾਨ ਤੇ ਕ੍ਰਾਂਤੀਕਾਰੀ ਤਬਦੀਲੀ ਨੇ ਸਿੱਖਾਂ ਨੂੰ ਇਕ ਵੱਖਰੀ ਪਹਿਚਾਣ ਪ੍ਰਦਾਨ ਕੀਤੀ। ਗੁਰੂ ਜੀ ਨੇ ਖਾਲਸਾ ਪੰਥ ਵਿਚ ਦਲੇਰੀ ਅਤੇ ਜ਼ੁਰਅਤ ਭਰਨ ਲਈ ਉਸ ਸਮੰ ਦੇ ਰਵਾਇਤੀ ਤਿਉਹਾਰਾਂ ਨੂੰ ਮਨਾਉਣ ਦੇ ਰੰਗ-ਢੰਗ ਵੀ ਬਦਲੇ। ਉਸ ਸਮੇਂ ਸਮਾਜ ਵਿਚ ਰੰਗਾਂ ਦੇ ਤਿਉਹਾਰ ਹੋਲੀ ਨੂੰ ਮਨਾਉਣ ਦਾ ਤਰੀਕਾ ਬਹੁਤ ਹੀ ਕੋਹਝਾ ਤੇ ਔਰਤਾਂ ਲਈ ਅਪਮਾਨ ਭਰਿਆ ਹੋ ਗਿਆ ਸੀ। ਲੋਕ ਨਸ਼ਾ ਕਰਦੇ ਤੇ ਇਕ ਦੂਜੇ 'ਤੇ ਰੰਗ ਸੁੱਟ ਕੇ ਇਕ ਤਰ੍ਹਾਂ ਨਾਲ ਆਪਣੀ ਮਾਨਸਿਕ ਗੁਲਾਮੀ ਦਾ ਬਹੁਤ ਹੀ ਫੂਹੜ ਕਿਸਮ ਨਾਲ ਕਥਾਰਸਿਸ ਕਰਦੇ। ਸਤਿਗੁਰਾਂ ਨੇ 'ਹੋਲੀ' ਨੂੰ 'ਹੋਲੇ ਮਹੱਲੇ' ਦਾ ਰੂਪ ਦੇ ਕੇ ਇਸ ਨੂੰ ਮਨਾਉਣ ਦਾ ਰੰਗ-ਢੰਗ ਹੀ ਬਦਲ ਦਿੱਤਾ। ਇਹ ਤਿਉਹਾਰ ਸਿੱਖ ਕੌਮ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਬਣ ਗਿਆ। ਇਸ ਕਰ ਕੇ ਖ਼ਾਲਸਾ-ਪੰਥ ਦੇ ਇਤਿਹਾਸ ਵਿਚ 'ਹੋਲਾ ਮਹੱਲਾ' ਤਿਉਹਾਰ ਦੇ ਮੰਤਵ ਤੇ ਉਦੇਸ਼ ਬੜੇ ਉਸਾਰੂ ਤੇ ਸਾਰਥਿਕ ਹਨ। ਸਿੱਖ ਵਿਕੀਪੀਡੀਆ ਮੁਤਾਬਿਕ, "ਹੋਲਾ ਤੇ ਮਹੱਲਾ ਦੋ ਵੱਖ-ਵੱਖ ਸ਼ਬਦ ਹਨ। 'ਹੋਲਾ' ਅਰਬੀ ਭਾਸ਼ਾ ਅਤੇ 'ਮਹੱਲਾ' ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਹੋਲ, ਹੂਲ ਤੇ ਹੋਲਾ ਮਹੱਲਾ ਆਦਿ ਰਲਦੇ-ਮਿਲਦੇ ਸ਼ਬਦ ਹਨ। ਅਰਬੀ ਭਾਸ਼ਾ ਦਾ ਇਕ ਸ਼ਬਦ ਹੈ 'ਹੂਲ' ਜਿਸ ਦੇ ਅਰਥ ਨੇਕ ਅਤੇ ਭਲੇ ਕੰਮਾਂ ਲਈ ਜੂਝਣਾ, ਸੀਸ ਤਲੀ 'ਤੇ ਧਰ ਕੇ ਲੜਨਾ, ਤਲਵਾਰ ਦੀ ਧਾਰ 'ਤੇ ਚੱਲਣਾ ਕੀਤੇ ਜਾਂਦੇ ਹਨ। ਦਸਮੇਸ਼ ਪਿਤਾ ਜੀ ਨੇ ਨਿਘਾਰ ਵੱਲ ਜਾ ਚੁੱਕੇ ਸਮਾਜ ਦੇ ਦੱਬੇ-ਕੁਚਲੇ ਅਤੇ ਲਿਤਾੜੇ ਜਾ ਰਹੇ ਮਨੁੱਖਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਤੇ ਸਵੈਮਾਣ ਮਹਿਸੂਸ ਕਰਵਾਉਣ ਲਈ ਉਨ੍ਹਾਂ ਵਿਚ ਨਿਡਰਤਾ ਤੇ ਨਿਰਭੈਤਾ ਭਰਨ ਅਤੇ ਸੂਰਬੀਰ ਯੋਧੇ ਬਣਾਉਣ ਲਈ ਖਾਲਸਾ ਪੰਥ ਦੀ ਸਥਾਪਨਾ ਕੀਤੀ। ਇਸ ਲਈ ਉਨ੍ਹਾਂ ਨੇ ਚਰਨ-ਪਾਹੁਲ ਦੀ ਥਾਂ ਖੰਡੇ-ਬਾਟੇ ਦਾ ਅੰਮ੍ਰਿਤ ਤੇ ਹੋਲੀ ਦੀ ਥਾਂ ਹੋਲਾ-ਮਹੱਲਾ ਪ੍ਰਚਲਿਤ ਕੀਤਾ। " ਡਾ. ਵਣਜਾਰਾ ਬੇਦੀ ਨੇ 'ਮੁਹੱਲਾ' ਨੂੰ ਅਰਬੀ ਦੇ ਸ਼ਬਦ ਮਹਲੱਹੇ ਦਾ ਤਦਭਵ ਦੱਸਿਆ ਹੈ। ਇਸ ਦਾ ਭਾਵ ਉਸ ਸਥਾਨ ਤੋਂ ਹੈ ਜਿੱਥੇ 'ਫ਼ਤਹਿ' ਕਰਨ ਤੋਂ ਬਾਅਦ ਟਿਕਾਣਾ ਕੀਤਾ ਜਾਵੇ। ਖ਼ਾਲਸੇ ਵਲੋਂ ਹੋਲਾ ਤਲਵਾਰਾਂ, ਬਰਛਿਆਂ ਅਤੇ ਨੇਜ਼ਿਆਂ ਨਾਲ ਖੇਡਿਆ ਜਾਂਦਾ ਹੈ। ਹੋਲੀ ਦਾ ਇਹ ਬਦਲ ਹੋਲੇ-ਮਹੱਲੇ ਦੇ ਰੂਪ ਵਿਚ ਦਰਅਸਲ ਭਵਿੱਖ ਵਿਚ ਹੋਣ ਵਾਲੀ ਆਜ਼ਾਦੀ ਦੀ ਉਸ ਜੰਗ ਦੇ ਅਭਿਆਸ ਵੱਜੋਂ ਸੀ, ਜੋ ਗੁਰੂ ਪਿਤਾ ਦੀ 'ਲੰਮੀ-ਨਦਰਿ' ਬਹੁਤ ਦੂਰੋਂ ਦੇਖ ਰਹੀ ਸੀ। ਮੁਗਲਈਆ ਸਲਤਨਤ ਤੋਂ ਆਜ਼ਾਦੀ ਵਾਸਤੇ ਖਾਲਸੇ ਨੂੰ ਯੁੱਧ-ਵਿੱਦਿਆ ਵਿਚ ਪ੍ਰਬੀਨ ਹੋਣਾ ਪੈਣਾ ਸੀ। ਇਸ ਲਈ ਗੁਰੂ ਦੇ ਦਰਬਾਰ ਵਿਚ ਦੀਵਾਨ ਸਜਦੇ, ਕਥਾ ਕੀਰਤਨ ਹੁੰਦਾ, ਬੀਰ ਰਸੀ ਵਾਰਾਂ ਗਾਈਆਂ ਜਾਂਦੀਆਂ ਅਤੇ ਅਨੇਕ ਤਰ੍ਹਾਂ ਦੀਆਂ ਫੌਜੀ ਮਸ਼ਕਾਂ ਹੁੰਦੀਆਂ। ਹਰ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹਿਣਾ ਲਾਜ਼ਮੀ ਸੀ। ਗੁਰੂ ਸਾਹਿਬ ਇਨ੍ਹਾਂ ਸਾਰੀਆਂ ਕਾਰਵਾਈਆਂ ਵਿਚ ਖੁਦ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸ਼ਾਹ ਵਧਾਉਂਦੇ। ਇਸ ਵਿਚ ਪੈਦਲ ਅਤੇ ਘੋੜ-ਸਵਾਰ ਸ਼ਸਤਰਧਾਰੀ ਸਿੰਘ ਦੋ ਦਲ ਬਣਾ ਕੇ ਇਕ ਖਾਸ ਥਾਂ ਉਤੇ ਹਮਲਾ ਕਰਦੇ ਅਤੇ ਅਨੇਕ ਪ੍ਰਕਾਰ ਦੇ ਜੰਗੀ ਕਰਤੱਬ ਦਿਖਾਉਂਦੇ ਸਨ। ਗੁਰੂ ਕਾਲ ਤੋਂ ਚਲੀ ਆ ਰਹੀ ਇਹੋ ਰਵਾਇਤ ਅੱਜ ਵੀ ਗੁਰੂ ਦੇ ਖਾਲਸੇ ਵਿਚ ਚੜ੍ਹਦੀ ਕਲਾ ਦਾ ਸੰਚਾਰ ਕਰਦੀ ਆ ਰਹੀ ਹੈ। ਸਿੱਖ ਕੌਮ ਦੀ ਹਮੇਸ਼ਾ ਆਜ਼ਾਦੀ ਲਈ ਤਾਂਘ ਤੇ ਪਾਤਸ਼ਾਹੀ ਦਾਅਵੇਦਾਰੀ ਇਸ ਤਿਉਹਾਰ ਨੂੰ ਜਾਹੋ-ਜਲਾਲ ਨਾਲ ਮਨਾਉਣ ਦੇ ਰੂਪ ਵਿਚ ਅੱਜ ਵੀ ਰੂਪਮਾਨ ਹੁੰਦੀ ਹੈ। ਹਰ ਸਾਲ ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਪੁੱਜ ਕੇ ਬੜੇ ਉਤਸ਼ਾਹ ਤੇ ਜੋਸ਼ ਨਾਲ ਇਹ ਪਵਿੱਤਰ ਤਿਉਹਾਰ ਮਨਾਉਂਦੀਆਂ ਹਨ। ਖਾਲਸੇ ਦੇ ਇਸ ਜੰਗਜੂ ਤਿਉਹਾਰ ਮੌਕੇ ਦੇਸ਼-ਵਿਦੇਸ਼ ਵਿਚ ਵਸਦੇ ਖਾਲਸਾ ਪੰਥ ਨੂੰ ਮੁਬਾਰਕਵਾਦ ਦੇਣ ਦੇ ਨਾਲ-ਨਾਲ ਗੁਰੂ ਪਿਤਾ ਵੱਲੋਂ ਦ੍ਰਿੜ੍ਹਾਏ ਗਏ ਸਬਕ ਦੀ ਯਾਦ ਦਿਵਾਈ ਜਾਣੀ ਵੀ ਲਾਜ਼ਮੀ ਬਣਦੀ ਹੈ। ਆਪਣੇ ਸ਼ਾਨਾਂਮੱਤੇ ਇਤਿਹਾਸ ਅਤੇ ਗੌਰਵਮਈ ਕੁਰਬਾਨੀਆਂ ਵਾਲੇ ਵਿਰਸੇ ਦੀ ਲੋਅ ਵਿਚ ਹੀ ਮੰਜ਼ਿਲ ਵੱਲ ਅੱਗੇ ਵਧਿਆ ਜਾ ਸਕਦਾ ਹੈ।

# ਭਾਰਤੀ ਲੋਕਤੰਤਰ ਨੂੰ ਬਰਬਾਦ ਕਰ ਦੇਵੇਗਾ ਮੀਡੀਆ ਦਾ ਇਹ ਰੂਪ

**ਰਵੀਸ਼ ਕੁਮਾਰ ਇੱਕ ਭਾਰਤੀ ਟੀਵੀ ਐਂਕਰ, ਲੇਖਕ ਅਤੇ ਪੱਤਰਕਾਰ ਹੈ, ਜੋ ਭਾਰਤੀ ਰਾਜਨੀਤੀ ਤੇ ਸਮਾਜ ਬਾਰੇ ਵਿਸ਼ਿਆਂ ਨੂੰ ਗੰਭੀਰਤਾ ਨਾਲ ਲੈਂਦਾ ਹੈ।ਉਹ ਬਿਹਾਰ ਦੇ ਪੂਰਬੀ ਚੰਪਾਰਨ" ਨਾਮਕ ਇੱਕ ਛੋਟੇ ਜਿਹੇ ਜ਼ਿਲ੍ਹੇ ਵਿੱਚ ਪੈਦਾ ਹੋਇਆ ਸੀ। ਉਸ ਨੇ ਲੋਯੋਲਾ ਹਾਈ ਸਕੂਲ, ਪਟਨਾ ਤੋਂ ਪੜ੍ਹਾਈ ਕੀਤੀ ਅਤੇ ਬਾਅਦ ਵਿੱਚ ਆਪਣੀ ਉੱਚ ਪੜ੍ਹਾਈ ਕਰਨ ਲਈ ਦਿੱਲੀ ਆ ਗਿਆ। ਉਸ ਨੇ ਦਿੱਲੀ ਯੂਨੀਵਰਸਿਟੀ ਤੋਂ ਡਿਗਰੀ ਪ੍ਰਾਪਤ ਕੀਤੀ ਅਤੇ ਭਾਰਤੀ ਜਨ ਸੰਚਾਰ ਸੰਸਥਾਨ ਤੋਂ ਪੱਤਰਕਾਰਤਾ ਵਿੱਚ ਪੋਸ ਗ੍ਰੈਜੁਏਟ ਡਿਪਲੋਮਾ ਪ੍ਰਾਪਤ ਕੀਤਾ।ਰਵੀਸ਼ ਕੁਮਾਰ ਨੂੰ 2014 ਵਿੱਚ ਰਾਸ਼ਟਰਪਤੀ ਵਲੋਂ 2010 ਲਈ ਗਣੇਸ਼ ਸ਼ੰਕਰ ਵਿਦਿਅਰਥੀ ਪੁਰਸਕਾਰ ਨਾਲ ਨਿਵਾਜਿਆ ਜਾ ਚੁੱਕਾ ਹੈ। ਹਾਲ ਹੀ ਵਿਚ ਉਨ੍ਹਾਂ ਵੱਲੋਂ ਭਾਰਤੀ ਖਾਸਕਰ ਭਗਵੇਂਵਾਦੀ ਮੀਡੀਆ ਦੀ ਅਨਾਰਕੀ ਖਿਲਾਫ ਬਹੁਤ ਹੀ ਭਾਵਪੂਰਤ ਟਿੱਪਣੀਆਂ ਕੀਤੀਆਂ ਗਈਆਂ ਹਨ ਜੋ ਅਸੀਂ 'ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ - ਸੰਪਾਦਕ**

**ਰਵੀਸ਼ ਕੁਮਾਰ**

ਮੈਂ ਇਹ ਗੱਲ ਪਹਿਲਾਂ ਤੋਂ ਕਹਿੰਦਾ ਰਿਹਾ ਹਾਂ। ਮੈਂ ਜਾਣਦਾ ਹਾਂ ਕਿ ਤੁਸੀਂ ਐਨੀ ਆਸਾਨੀ ਨਾਲ ਮੂਰਖਤਾ ਦੇ ਇਸ ਨਸ਼ੇ ਵਿਚੋਂ ਬਾਹਰ ਨਹੀਂ ਆ ਸਕਦੇ ਪਰ ਇਕ ਵਾਰ ਫਿਰ ਅਪੀਲ ਕਰਦਾ



ਹਾਂ ਕਿ ਬਸ ਇਹ ਢਾਈ ਮਹੀਨਿਆਂ ਦੇ ਲਈ ਨਿਊਜ਼ ਚੈਨਲਾਂ ਨੂੰ ਵੇਖਣਾ ਬੰਦ ਕਰ ਦਿਓ। ਜੋ ਇਸ ਸਮੇਂ ਤੁਸੀਂ ਚੈਨਲਾਂ 'ਤੇ ਵੇਖ ਰਹੇ ਹੋ ਉਹ ਸਨਕ ਦੀ ਦੁਨੀਆ ਹੈ, ਪਾਗਲਪਨ ਦਾ ਸੰਸਾਰ ਹੈ, ਇਨ੍ਹਾਂ ਦੀ ਇਹੀ ਫ਼ਿਤਰਤ ਹੋ ਗਈ ਹੈ। ਪਹਿਲੀ ਵਾਰ ਅਜਿਹਾ ਨਹੀਂ ਹੋ ਰਿਹਾ। ਜਦ ਪਾਕਿਸਤਾਨ ਨਾਲ ਤਣਾਅ ਨਹੀਂ ਹੁੰਦਾ ਉਦੋਂ ਇਹ ਚੈਨਲ ਮੰਦਰ ਨੂੰ ਲੈ ਕੇ ਤਣਾਅ ਪੈਦਾ ਕਰਦੇ ਹਨ, ਜਦ ਮੰਦਰ ਦਾ ਤਣਾਅ ਨਹੀਂ ਹੁੰਦਾ ਉਦੋਂ ਇਹ ਚੈਨਲ ਪਦਮਾਵਤੀ ਫ਼ਿਲਮ ਨੂੰ ਲੈ ਕੇ ਤਣਾਅ ਪੈਦਾ ਕਰਦੇ ਹਨ, ਜਦ ਫ਼ਿਲਮ ਦਾ ਤਣਾਅ ਨਹੀਂ ਹੁੰਦਾ ਤਾਂ ਇਹ ਚੈਨਲ ਕੈਰਾਨਾ ਦੇ ਝੂਠ ਨੂੰ ਲੈ ਕੇ ਹਿੰਦੂ-ਮੁਸਲਮਾਨ ਵਿਚ ਤਣਾਅ ਪੈਦਾ ਕਰਦੇ ਹਨ, ਜਦੋਂ ਕੁਝ ਵੀ ਨਹੀਂ ਹੁੰਦਾ ਤਾਂ ਇਹ ਫਰਜ਼ੀ ਸਰਵਿਆਂ 'ਤੇ ਘੰਟਿਆਂਬੱਧੀ ਪ੍ਰੋਗਰਾਮ ਕਰਦੇ ਹਨ ਜਿਨ੍ਹਾਂ ਦਾ ਕੋਈ ਮਤਲਬ ਨਹੀਂ ਹੁੰਦਾ।

ਕੀ ਤੁਸੀਂ ਸਮਝ ਪਾਉਂਦੇ ਹੋ ਕਿ ਇਹ ਸਭ ਕਿਉਂ ਹੋ ਰਿਹਾ ਹੈ? ਕੀ ਤੁਸੀਂ ਪਬਲਿਕ ਦੇ ਤੌਰ 'ਤੇ ਇਨ੍ਹਾਂ ਚੈਨਲਾਂ ਵਿਚ ਪਬਲਿਕ ਨੂੰ ਦੇਖ ਪਾਉਂਦੇ ਹੋ? ਇਨ੍ਹਾਂ ਚੈਨਲਾਂ ਨੇ ਤੁਹਾਨੂੰ ਆਮ ਲੋਕਾਂ ਨੂੰ ਹਟਾ ਦਿੱਤਾ ਹੈ, ਕੁਚਲ ਦਿੱਤਾ ਹੈ। ਆਮ ਲੋਕਾਂ ਦੇ ਸਵਾਲ ਨਹੀਂ ਹਨ। ਚੈਨਲਾਂ ਦੇ ਸਵਾਲ ਆਮ ਲੋਕਾਂ ਦੇ ਸਵਾਲ ਬਣਾਏ ਜਾ ਰਹੇ ਹਨ। ਇਹ ਐਨੀ ਵੀ ਬਾਰੀਕ ਗੱਲ ਨਹੀਂ ਕਿ ਤੁਸੀਂ ਸਮਝ ਨਹੀਂ ਸਕਦੇ। ਲੋਕ ਪ੍ਰੇਸ਼ਾਨ ਹਨ। ਉਹ ਚੈਨਲ-ਚੈਨਲ ਘੁੰਮ ਕੇ ਵਾਪਸ ਚਲੇ ਜਾਂਦੇ ਹਨ ਪਰ ਉਨ੍ਹਾਂ ਦੀ ਥਾਂ ਕਿਤੇ ਨਹੀਂ ਹੁੰਦੀ। ਨੌਜਵਾਨਾਂ ਦੇ ਤਮਾਮ ਸਵਾਲਾਂ ਲਈ ਥਾਂ ਨਹੀਂ ਹੁੰਦੀ ਪਰ ਚੈਨਲ ਆਪਣਾ ਸਵਾਲ ਫੜਾ ਕੇ ਉਨ੍ਹਾਂ ਨੂੰ ਮੂਰਖ ਬਣਾ ਰਹੇ ਹਨ। ਚੈਨਲਾਂ ਕੋਲ ਇਹ ਸਵਾਲ ਕਿੱਥੋਂ ਆਉਂਦੇ ਹਨ, ਇਹ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ। ਇਹ ਚੈਨਲ ਜੋ ਕੁਝ ਵੀ ਕਰਦੇ ਹਨ, ਉਹ ਤਣਾਅ ਦੇ ਲਈ ਕਰਦੇ ਹਨ ਜਿਹੜਾ ਇਕ ਨੇਤਾ ਦੇ ਲਈ ਰਾਹ ਬਣਾਉਂਦਾ ਹੈ, ਜਿਸ ਦਾ ਨਾਂਅ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੈ।

ਨਿਊਜ਼ ਚੈਨਲਾਂ, ਸਰਕਾਰ, ਭਾਜਪਾ ਅਤੇ ਮੋਦੀ ਦਾ ਆਪਸ ਵਿਚ ਰਲੇਵਾਂ ਹੋ ਚੁੱਕਾ ਹੈ। ਇਹ ਰਲੇਵਾਂ ਐਨਾ ਬਿਹਤਰੀਨ ਹੈ ਕਿ ਤੁਸੀਂ ਫ਼ਰਕ ਨਹੀਂ ਕਰ ਪਾਉਗੇ ਕਿ ਪੱਤਰਕਾਰਿਤਾ ਹੈ ਜਾਂ ਪ੍ਰੋਪੇਗੰਡਾ ਹੈ। ਤੁਸੀਂ ਇਕ ਨੇਤਾ ਨੂੰ ਪਸੰਦ ਕਰਦੇ ਹੋ, ਇਹ ਸੁਭਾਵਿਕ ਹੈ ਅਤੇ ਬਹੁਤ ਹੱਦ ਤੱਕ ਜ਼ਰੂਰੀ ਵੀ। ਪਰ ਉਸ ਪਸੰਦ ਦਾ ਲਾਭ ਉਠਾ ਕੇ ਇਨ੍ਹਾਂ ਚੈਨਲਾਂ ਦੁਆਰਾ ਜੋ ਕੀਤਾ ਜਾ ਰਿਹਾ ਹੈ, ਉਹ ਖ਼ਤਰਨਾਕ ਹੈ। ਭਾਜਪਾ ਦੇ ਵੀ ਜ਼ਿੰਮੇਵਾਰ ਸਮਰਥਕਾਂ ਨੂੰ ਸਹੀ ਸੂਚਨਾ ਦੀ ਜ਼ਰੂਰਤ ਹੁੰਦੀ ਹੈ। ਸਰਕਾਰ ਅਤੇ ਮੋਦੀ ਦੀ ਭਗਤੀ ਵਿਚ ਪ੍ਰੋਪੇਗੰਡਾ ਨੂੰ ਪਰੋਸਣਾ ਉਸ ਸਮਰਥਕ ਦਾ ਵੀ ਅਪਮਾਨ ਹੈ। ਉਸ ਨੂੰ ਮੂਰਖ ਸਮਝਣਾ ਹੈ ਜਦ ਕਿ ਉਹ ਆਪਣੇ ਅੱਗੇ ਦੇ ਬਦਲਾਂ ਦੀਆਂ ਸੂਚਨਾਵਾਂ ਦੇ ਆਧਾਰ 'ਤੇ ਕਿਸੇ ਦਾ ਸਮਰਥਨ ਕਰਦਾ ਹੈ। ਅੱਜ ਦੇ ਨਿਊਜ਼ ਚੈਨਲ ਨਾ ਸਿਰਫ਼ ਆਮ ਨਾਗਰਿਕਾਂ ਦਾ ਅਪਮਾਨ ਕਰਦੇ ਹਨ, ਸਗੋਂ ਇਸ ਦੇ ਨਾਲ ਹੀ ਭਾਜਪਾ ਦੇ ਸਮਰਥਕਾਂ ਦਾ ਵੀ ਅਪਮਾਨ ਕਰ ਰਹੇ ਹਨ। ਮੈਂ ਭਾਜਪਾ ਸਮਰਥਕਾਂ ਨੂੰ ਵੀ ਅਪੀਲ ਕਰਦਾ ਹਾਂ ਕਿ ਤੁਸੀਂ ਇਨ੍ਹਾਂ ਚੈਨਲਾਂ ਨੂੰ ਨਾ ਦੇਖੋ। ਤੁਸੀਂ ਭਾਰਤ ਦੇ ਲੋਕਤੰਤਰ ਦੀ ਬਰਬਾਦੀ ਵਿਚ ਸ਼ਾਮਿਲ ਨਾ ਹੋਵੋ। ਕੀ ਤੁਸੀਂ ਇਨ੍ਹਾਂ ਘਟੀਆ ਚੈਨਲਾਂ ਤੋਂ ਬਗੈਰ ਨਰਿੰਦਰ ਮੋਦੀ ਦਾ ਸਮਰਥਨ ਨਹੀਂ ਕਰ ਸਕਦੇ? ਕੀ ਇਹ ਜ਼ਰੂਰੀ ਹੈ ਕਿ ਮੋਦੀ ਦਾ ਸਮਰਥਨ ਕਰਨ ਲਈ ਪੱਤਰਕਾਰਿਤਾ ਦੇ ਪਤਨ ਦਾ ਵੀ ਸਮਰਥਨ ਕੀਤਾ ਜਾਵੇ? ਫਿਰ ਤੁਸੀਂ ਇਕ ਇਮਾਨਦਾਰ ਰਾਜਨੀਤਕ ਸਮਰਥਕ ਨਹੀਂ ਹੋ। ਕੀ ਉੱਚ ਪੱਤਰਕਾਰਿਤਾ ਦੇ ਮਿਆਰ ਦੇ ਨਾਲ ਮੋਦੀ ਦਾ ਸਮਰਥਨ ਕਰਨਾ ਅਸੰਭਵ ਹੋ ਚੁੱਕਾ ਹੈ? ਭਾਜਪਾ ਸਮਰਥਕੋ, ਤੁਸੀਂ ਭਾਜਪਾ ਨੂੰ ਚੁਣਿਆ ਸੀ, ਇਨ੍ਹਾਂ ਚੈਨਲਾਂ ਨੂੰ ਨਹੀਂ। ਮੀਡੀਆ ਦਾ ਪਤਨ ਰਾਜਨੀਤੀ ਦਾ ਵੀ ਪਤਨ ਹੈ। ਇਕ ਵਧੀਆ ਸਮਰਥਕ ਦਾ ਵੀ ਪਤਨ ਹੈ। ਚੈਨਲ ਤੁਹਾਡੀ ਨਾਗਰਿਕਤਾ 'ਤੇ ਹਮਲਾ ਕਰ ਰਹੇ ਹਨ। ਲੋਕਤੰਤਰ ਵਿਚ ਨਾਗਰਿਕ ਹਵਾ ਵਿਚ ਨਹੀਂ ਬਣਦਾ। ਸਿਰਫ਼ ਕਿਸੇ ਭੂਗੋਲਿਕ ਪ੍ਰਦੇਸ਼ ਵਿਚ ਪੈਦਾ ਹੋ ਜਾਣ ਨਾਲ ਤੁਸੀਂ ਨਾਗਰਿਕ ਨਹੀਂ ਹੁੰਦੇ। ਸਹੀ ਸੂਚਨਾ ਅਤੇ ਸਹੀ ਸਵਾਲ ਤੁਹਾਡੀ ਨਾਗਰਿਕਤਾ ਦੇ ਲਈ ਜ਼ਰੂਰੀ ਹੈ। ਇਨ੍ਹਾਂ ਨਿਊਜ਼ ਚੈਨਲਾਂ ਦੇ ਕੋਲ ਇਹ ਦੋਵੇਂ ਨਹੀਂ ਹਨ। ਪ੍ਰਧਾਨ ਮੰਤਰੀ ਮੋਦੀ ਪੱਤਰਕਾਰਿਤਾ ਦੇ ਇਸ ਪਤਨ ਦੇ ਸਰਪ੍ਰਸਤ ਹਨ, ਰੱਖਿਅਕ ਹਨ। ਉਨ੍ਹਾਂ ਦੀ ਭਗਤੀ ਵਿਚ ਚੈਨਲਾਂ ਨੇ ਖ਼ੁਦ ਨੂੰ ਭੰਡ ਬਣਾ ਦਿੱਤਾ ਹੈ। ਇਹ ਪਹਿਲਾਂ ਵੀ ਭੰਡ ਸਨ ਪਰ ਹੁਣ ਇਹ ਤੁਹਾਨੂੰ ਭੰਡ ਬਣਾ ਰਹੇ ਹਨ। ਤੁਹਾਡਾ ਭੰਡ ਬਣ ਜਾਣਾ ਲੋਕਤੰਤਰ ਦਾ ਮਿਟ ਜਾਣਾ ਹੋਵੇਗਾ। ਭਾਰਤ-ਪਾਕਿਸਤਾਨ ਤਣਾਅ ਦੇ ਬਹਾਨੇ ਇਨ੍ਹਾਂ ਨੂੰ ਦੇਸ਼ (ਰਾਸ਼ਟਰ) ਭਗਤ ਹੋਣ ਦਾ ਮੌਕਾ ਮਿਲ ਗਿਆ ਹੈ। ਇਨ੍ਹਾਂ ਦੇ ਕੋਲ ਦੇਸ਼ ਨੂੰ ਲੈ ਕੇ ਕੋਈ ਭਗਤੀ ਨਹੀਂ ਹੈ। ਭਗਤੀ ਹੁੰਦੀ ਤਾਂ ਲੋਕਤੰਤਰ ਦੇ ਜ਼ਰੂਰੀ ਥੰਮ੍ਹ ਪੱਤਰਕਾਰਿਤਾ ਦੇ ਉੱਚ ਮਿਆਰ ਨੂੰ ਬਣਾਉਂਦੇ। ਚੈਨਲਾਂ 'ਤੇ ਜਿਸ ਤਰ੍ਹਾਂ ਦਾ ਹਿੰਦੁਸਤਾਨ ਬਣਾਇਆ ਗਿਆ ਹੈ, ਉਨ੍ਹਾਂ ਦੇ ਰਾਹੀਂ ਤੁਹਾਡੇ ਅੰਦਰ ਜਿਸ ਤਰ੍ਹਾਂ ਦਾ ਹਿੰਦੁਸਤਾਨ ਬਣਾਇਆ ਗਿਆ ਹੈ, ਉਹ ਸਾਡਾ ਹਿੰਦੁਸਤਾਨ ਨਹੀਂ ਹੈ। ਉਹ ਇਕ ਨਕਲੀ ਹਿੰਦੁਸਤਾਨ ਹੈ। ਦੇਸ਼ ਨਾਲ ਪਿਆਰ ਦਾ ਅਰਥ ਹੁੰਦਾ ਹੈ ਕਿ ਅਸੀਂ ਸਾਰੇ ਆਪਣਾ ਆਪਣਾ ਕੰਮ ਉੱਚ ਆਦਰਸ਼ਾਂ ਅਤੇ ਮਿਆਰ ਦੇ ਹਿਸਾਬ ਨਾਲ ਕਰੀਏ। ਹਿੰਮਤ ਦੇਖੋ ਕਿ ਝੂਠੀਆਂ ਸੂਚਨਾਵਾਂ ਅਤੇ ਪੁੱਠੇ-ਸਿੱਧੇ ਨਾਅਰਿਆਂ ਅਤੇ ਵਿਸ਼ਲੇਸ਼ਣਾਂ ਨਾਲ ਤੁਹਾਡੀ ਦੇਸ਼ ਭਗਤੀ ਬਣਾਈ ਜਾ ਰਹੀ ਹੈ। ਤੁਹਾਡੇ ਅੰਦਰ ਦੇਸ਼ ਭਗਤੀ ਦੇ ਕੁਦਰਤੀ ਚੈਨਲ ਨੂੰ ਖ਼ਤਮ ਕਰ ਕੇ ਇਹ ਨਿਊਜ਼ ਚੈਨਲ ਬਨਾਵਟੀ ਚੈਨਲ ਬਣਾਉਣਾ ਚਾਹੁੰਦੇ ਹਨ, ਤਾਂ ਜੋ ਤੁਸੀਂ ਇਕ ਮੁਰਦਾ ਰੋਬੋਟ ਬਣ ਕੇ ਰਹਿ ਜਾਵੋ।

ਇਸ ਸਮੇਂ ਦੇ ਅਖ਼ਬਾਰ ਅਤੇ ਚੈਨਲ ਤੁਹਾਡੀ ਨਾਗਰਿਕਤਾ ਅਤੇ ਨਾਗਰਿਕ ਅਧਿਕਾਰਾਂ ਦੇ ਖ਼ਾਤਮੇ ਦਾ ਐਲਾਨ ਕਰ ਰਹੇ ਹਨ। ਤੁਹਾਨੂੰ ਅੱਗਿਓਂ ਨਜ਼ਰ ਆ ਜਾਣਾ ਚਾਹੀਦਾ ਹੈ ਕਿ ਇਹ ਹੋਣ ਵਾਲਾ ਨਹੀਂ, ਸਗੋਂ ਹੋ ਚੁੱਕਾ ਹੈ। ਅਖ਼ਬਾਰਾਂ ਦੇ ਹਾਲ ਵੀ ਉਹੀ ਹਨ। ਹਿੰਦੀ ਦੇ ਅਖ਼ਬਾਰਾਂ ਨੇ ਤਾਂ ਪਾਠਕਾਂ ਦੀ ਹੱਤਿਆ ਦੀ ਫਿਰੌਤੀ ਲੈ ਲਈ ਹੈ। ਗ਼ਲਤ ਅਤੇ ਕਮਜ਼ੋਰ ਸੂਚਨਾਵਾਂ ਦੇ ਆਧਾਰ 'ਤੇ ਪਾਠਕਾਂ ਦੀ ਹੱਤਿਆ ਹੋ ਰਹੀ ਹੈ। ਅਖ਼ਬਾਰਾਂ ਦੇ ਪੰਨੇ ਵੀ ਧਿਆਨ ਨਾਲ ਦੇਖੋ। ਇਹ ਸਰਕਾਰ ਨਹੀਂ ਚਾਹੁੰਦੀ ਕਿ ਤੁਸੀਂ ਸਹੀ ਸੂਚਨਾਵਾਂ ਨਾਲ ਪਰਪੱਕ ਨਾਗਰਿਕ ਬਣੋ। ਚੈਨਲਾਂ ਨੇ ਵਿਰੋਧੀ ਧਿਰ ਬਣਨ ਦੀ ਹਰ ਸੰਭਾਵਨਾ ਨੂੰ ਖ਼ਤਮ ਕੀਤਾ ਹੈ। ਤੁਹਾਡੇ ਅੰਦਰ ਜੇਕਰ ਸਰਕਾਰ ਦਾ ਵਿਰੋਧ ਨਾ ਬਣੇ ਤਾਂ ਤੁਸੀਂ ਸਰਕਾਰ ਦੇ ਸਮਰਥਕ ਵੀ ਨਹੀਂ ਬਣ ਸਕਦੇ। ਹੋਸ਼ ਨਾਲ ਸਮਰਥਨ ਕਰਨਾ ਅਤੇ ਨਸ਼ੇ ਦਾ ਟੀਕਾ ਲਾ ਕੇ ਸਮਰਥਨ ਕਰਵਾਉਣਾ ਦੋਵੇਂ ਵੱਖਰੀਆਂ ਗੱਲਾਂ ਹਨ, ਪਹਿਲੀ ਵਿਚ ਤੁਹਾਡਾ ਸਵੈਮਾਨ ਝਲਕਦਾ ਹੈ ਤੇ ਦੂਜੀ ਵਿਚ ਤੁਹਾਡਾ ਅਪਮਾਨ। ਕੀ ਤੁਸੀਂ ਬੇਇੱਜ਼ਤ ਹੋ ਕੇ ਇਨ੍ਹਾਂ ਨਿਊਜ਼ ਚੈਨਲਾਂ ਨੂੰ ਦੇਖਣਾ ਚਾਹੁੰਦੇ ਹੋ, ਇਨ੍ਹਾਂ ਦੇ ਰਾਹੀਂ ਸਰਕਾਰ ਦਾ ਸਮਰਥਨ ਕਰਨਾ ਚਾਹੁੰਦੇ ਹੋ? ਮੈਂ ਜਾਣਦਾ ਹਾਂ ਕਿ ਮੇਰੀ ਇਹ ਗੱਲ ਨਾ ਕਰੋੜਾਂ ਲੋਕਾਂ ਤੱਕ ਪਹੁੰਚੇਗੀ ਅਤੇ ਨਾ ਹੀ ਕਰੋੜਾਂ ਲੋਕ ਨਿਊਜ਼ ਚੈਨਲ ਦੇਖਣਾ ਛੱਡਣਗੇ। ਪਰ ਮੈਂ ਤੁਹਾਨੂੰ ਸੁਚੇਤ ਕਰਦਾ ਹਾਂ ਕਿ ਜੇਕਰ ਇਹੀ ਚੈਨਲਾਂ ਦੀ ਪੱਤਰਕਾਰਿਤਾ ਹੈ ਤਾਂ ਭਾਰਤ ਵਿਚ ਲੋਕਤੰਤਰ ਦਾ ਭਵਿੱਖ ਚੰਗਾ ਨਹੀਂ ਹੈ। ਨਿਊਜ਼ ਚੈਨਲ ਇਕ ਅਜਿਹੀ ਪਬਲਿਕ ਬਣਾ ਰਹੇ ਹਨ ਜੋ ਗ਼ਲਤ ਅਤੇ ਸੀਮਤ ਸੂਚਨਾਵਾਂ 'ਤੇ ਆਧਾਰਿਤ ਹੋਵੇਗੀ। ਚੈਨਲ ਆਪਣੀ ਬਣਾਈ ਹੋਈ ਇਸ ਪਬਲਿਕ ਤੋਂ ਉਸ ਪਬਲਿਕ ਨੂੰ ਹਰਾ ਦੇਣਗੇ ਜਿਸ ਨੂੰ ਸੂਚਨਾਵਾਂ ਦੀ ਜ਼ਰੂਰਤ ਹੁੰਦੀ ਹੈ, ਜਿਸ ਦੇ ਕੋਲ ਸਵਾਲ ਹੁੰਦੇ ਹਨ। ਸਵਾਲ ਅਤੇ ਸੂਚਨਾ ਦੇ ਬਿਨਾ ਲੋਕਤੰਤਰ ਨਹੀਂ ਹੁੰਦਾ, ਲੋਕਤੰਤਰ ਵਿਚ ਨਾਗਰਿਕ ਨਹੀਂ ਹੁੰਦਾ।

ਸੱਚ ਅਤੇ ਤੱਥ ਦੀ ਹਰ ਸੰਭਾਵਨਾ ਖ਼ਤਮ ਕਰ ਦਿੱਤੀ ਗਈ ਹੈ। ਮੈਂ ਹਰ ਰੋਜ਼ ਪਬਲਿਕ ਨੂੰ ਧੱਕਿਆ ਜਾਂਦਾ ਵੇਖਦਾ ਹਾਂ। ਚੈਨਲ ਪਬਲਿਕ ਨੂੰ ਝੂਠ ਅਤੇ ਪ੍ਰੋਪੇਗੰਡੇ ਦੇ ਸਮੁੰਦਰ ਵਿਚਕਾਰ ਧੱਕ ਕੇ ਰੱਖਣਾ ਚਾਹੁੰਦੇ ਹਨ, ਜਿੱਥੇ ਰਾਜਨੀਤੀ ਆਪਣਾ ਵਾ-ਵਾਰੋਲਾ ਰਚ ਰਹੀ ਹੈ। ਰਾਜਨੀਤਕ ਦਲਾਂ ਦੇ ਬਾਹਰ ਦੇ ਮਸਲਿਆ ਦੀ ਜਗ੍ਹਾ ਨਹੀਂ ਬਚੀ ਹੈ, ਨਾ ਜਾਣੇ ਕਿੰਨੇ ਮਸਲੇ ਇੰਤਜ਼ਾਰ ਕਰ ਰਹੇ ਹਨ। ਚੈਨਲਾਂ ਨੇ ਆਪਣੇ ਸੰਪਰਕ ਵਿਚ ਆਏ ਲੋਕਾਂ ਨੂੰ, ਲੋਕਾਂ ਦੇ ਖਿਲਾਫ਼ ਤਿਆਰ ਕੀਤਾ ਹੈ। ਤੁਹਾਡੀ ਹਾਰ ਦਾ ਐਲਾਨ ਹੈ ਇਨ੍ਹਾਂ ਚੈਨਲਾਂ ਦੀ ਬਾਦਸ਼ਾਹਤ। ਤੁਹਾਡੀ ਗੁਲਾਮੀ ਹੈ ਇਨ੍ਹਾਂ ਦੀ ਜਿੱਤ। ਇਨ੍ਹਾਂ ਦੇ ਅਸਰ ਤੋਂ ਕੋਈ ਐਨੀ ਆਸਾਨੀ ਨਾਲ ਨਹੀਂ ਨਿਕਲ ਸਕਦਾ। ਤੁਸੀਂ ਇਕ ਦਰਸ਼ਕ ਹੋ। ਤੁਸੀਂ ਇਕ ਨੇਤਾ ਦਾ ਸਮਰਥਨ ਕਰਨ ਲਈ ਪੱਤਰਕਾਰਿਤਾ ਦੇ ਪਤਨ ਦਾ ਸਮਰਥਨ ਨਾ ਕਰੋ। ਸਿਰਫ਼ ਢਾਈ ਮਹੀਨਿਆਂ ਦੀ ਗੱਲ ਹੈ, ਨਿਊਜ਼ ਚੈਨਲਾਂ ਨੂੰ ਦੇਖਣਾ ਬੰਦ ਕਰ ਦਿਓ।

(ਲੇਖਕ ਐਨਡੀਟੀਵੀ. ਦੇ ਸੀਨੀਅਰ ਐਂਕਰ ਹਨ)

## ਖ਼ਾਲਿਸਤਾਨ ਸਟੇਸ਼ਨ ਹੋਵੇਗਾ ਕਰਤਾਰਪੁਰ ਦਾ ਨਾਮ : ਪਾਕਿ ਰੇਲ ਮੰਤਰੀ

**ਇਸਲਾਮਾਬਾਦ/ਏਟੀ ਨਿਊਜ਼ :**
ਪਾਕਿਸਤਾਨ ਦੇ ਰੇਲ ਮੰਤਰੀ ਸ਼ੇਖ ਰਾਸ਼ਿਦ ਅਹਿਮਦ ਨੇ ਬਿਆਨ ਦਿੱਤਾ ਹੈ ਕਿ ਪਾਕਿ ਸਥਿਤ ਕਰਤਾਰਪੁਰ ਸਾਹਿਬ ਗਲਿਆਰਾ ਯੋਜਨਾ ਨੂੰ ਸਿਰੇ ਚਾੜ੍ਹਨ ਲਈ ਉੱਥੇ ਆਉਣ ਵਾਲੇ ਸਿੱਖ ਤੀਰਥ ਯਾਤਰੀਆਂ ਲਈ ਬਣਾਏ ਜਾ ਰਹੇ ਰੇਲਵੇ ਸਟੇਸ਼ਨ ਦਾ ਨਾਮ ਖ਼ਾਲਿਸਤਾਨ ਸਟੇਸ਼ਨ ਰੱਖਿਆ ਜਾਵੇਗਾ। ਸ਼ੇਖ ਰਾਸ਼ਿਦ ਅਹਿਮਦ ਨੇ ਇਹ ਬਿਆਨ ਪਾਕਿਸਤਾਨ 'ਚ ਚਲਦੇ ਇੱਕ ਟੀ.ਵੀ. ਚੈਨਲ ਦੇ ਪੱਤਰਕਾਰ ਨਾਲ ਗੱਲਬਾਤ ਦੌਰਾਨ ਦਿੱਤਾ। ਰਾਸ਼ਿਦ ਨੇ ਖ਼ਾਲਿਸਤਾਨ ਦੇ ਪੱਖ ਵਿਚ ਬੋਲਦਿਆਂ ਇੱਥੋਂ ਤੱਕ ਕਹਿ ਦਿੱਤਾ ਕਿ ਉਹ ਇਸ ਸਬੰਧੀ ਆਪਣੇ ਵਿਦੇਸ਼ ਮੰਤਰਾਲੇ ਨਾਲ ਵੀ ਗੱਲਬਾਤ ਕਰਨ ਜਾ ਰਹੇ ਹਨ।

ਦੱਸ ਦੇਈਏ ਕਿ ਭਾਰਤ ਸਰਕਾਰ ਇਸ ਗੱਲ ਨੂੰ ਲੈ ਕੇ ਪਹਿਲਾਂ ਹੀ ਕਹਿ ਚੁੱਕੀ ਹੈ ਕਿ ਪਾਕਿ ਖ਼ੁਫੀਆ ਏਜੰਸੀ ਆਈਐਸਆਈ ਅਤੇ ਉੱਥੋਂ ਦੇ ਲੋਕ ਸਿੱਖ ਸ਼ਰਧਾਲੂਆਂ ਤਕ ਪਹੁੰਚ ਬਣਾ ਕੇ ਉਨ੍ਹਾਂ ਦੇ ਮਨਾਂ ਵਿੱਚ ਖਾਲਿਸਤਾਨ ਪ੍ਰਤੀ ਜੋਸ਼ ਭਰਨ ਦੀ ਕੋਸ਼ਿਸ਼ ਨਾ ਕਰਨ। ਖ਼ਬਰ ਹੈ ਕਿ ਭਾਰਤ ਪਾਕਿਸਤਾਨ ਕੋਲ ਇਹ ਮੁੱਦਾ ਵੀ ਚੁੱਕੇਗਾ ਕਿ ਉੱਥੇ ਸ਼ਰਧਾਲੂਆਂ ਦੀ ਵਰਤੋਂ ਭਾਰਤ ਵਿਰੋਧੀ ਤੱਤਾਂ ਨੂੰ ਫਾਇਦਾ ਪਹੁੰਚਾਉਣ ਲਈ ਨਾ ਕੀਤੀ ਜਾਵੇ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਕਰਤਾਪੁਰ ਗ਼ਲਿਆਰਾ ਯੋਜਨਾ ਨੂੰ ਸਿਰੇ ਚਾੜ੍ਹਨ ਲਈ ਪਿਛਲੇ ਸਾਲ ਪਾਕਿਸਤਾਨ ਦੇ ਰੇਲ ਮੰਤਰੀ ਸ਼ੇਖ ਰਾਸ਼ਿਦ ਅਹਿਮਦ ਨੇ ਇਹ ਐਲਾਨ ਕੀਤਾ ਸੀ ਕਿ ਨਨਕਾਣਾ ਸਾਹਿਬ, ਨਾਰੋਵਾਲ ਅਤੇ ਕਰਤਾਰਪੁਰ ਸਾਹਿਬ ਦੇ ਸ਼ਰਧਾਲੂਆਂ ਵਾਸਤੇ ਰੇਲਵੇ ਸਟੇਸ਼ਨ ਬਣਾਉਣ ਲਈ ਸਿੱਖ ਜਥੇਬੰਦੀਆਂ ਨੂੰ 10-10 ਏਕੜ ਜ਼ਮੀਨ ਅਲਾਟ ਕੀਤੀ ਜਾਵੇਗੀ।

ਆਪਣੇ ਇਸ ਬਿਆਨ ਵਿਚ ਸ਼ੇਖ ਨੇ ਕਿਹਾ ਹੈ ਕਿ ਜੇਕਰ ਉਹ ਪੁਰਾਣੇ ਸ਼ੇਖ ਰਾਸ਼ਿਦ ਅਹਿਮਦ ਹੁੰਦੇ ਤਾਂ ਉਨ੍ਹਾਂ ਨੇ ਹੁਣ ਤੱਕ ਇਸ ਸਟੇਸ਼ਨ ਦਾ ਨਾਮ ਖਾਲਿਸਤਾਨ ਸਟੇਸ਼ਨ ਰੱਖ ਦਿੱਤਾ ਹੁੰਦਾ, ਪਰ ਹੁਣ ਉਹ ਇੱਕ ਜ਼ਿੰਮੇਵਾਰ ਅਹੁਦੇ 'ਤੇ ਹਨ, ਲਿਹਾਜਾ ਹੁਣ ਉਹ ਇਸ ਸਬੰਧੀ ਪਾਕਿਸਤਾਨ ਵਿਦੇਸ਼ ਮੰਤਰਾਲੇ ਨਾਲ ਗੱਲਬਾਤ ਕਰਨ ਜਾ ਰਹੇ ਹਨ।

ਗੌਰਤਲਬ ਹੈ ਕਿ ਪੁਲਵਾਮਾ ਹਮਲੇ ਤੋਂ ਬਾਅਦ ਭਾਰਤ ਵੱਲੋਂ ਕਾਰਵਾਈ ਕਰਦਿਆਂ ਬਾਲਕੋਟ ਵਿੱਚ ਬੰਬ ਸੁੱਟਣ ਤੇ ਪਾਕਿਸਤਾਨ ਵੱਲੋਂ ਭਾਰਤ 'ਤੇ ਵਾਪਸੀ ਹਮਲਾ ਕਰਨ ਨਾਲ ਪਹਿਲਾਂ ਹੀ ਪਾਕਿਸਤਾਨ ਵਿਰੋਧੀ ਭਾਵਨਾਵਾਂ ਨੂੰ ਹਿੰਦੁਸਤਾਨ ਵਿਚ ਚੋਣਾਂ ਮੌਕੇ ਹਵਾ ਦਿੱਤੀ ਜਾ ਰਹੀ ਹੈ ਦੂਜੇ ਪਾਸੇ ਪੰਜਾਬ ਅੰਦਰ ਕਰਤਾਪੁਰ ਸਾਹਿਬ ਗ਼ਲਿਆਰਾ ਯੋਜਨਾ ਸਿਰੇ ਚਾੜ੍ਹਨ ਦਾ ਸਿਹਰਾ ਇੱਕ ਦੂਜੇ ਤੋਂ ਖੋਹ-ਖੋਹ ਕੇ ਆਪਣੇ ਮੱਥੇ 'ਤੇ ਬੰਨ੍ਹਣ ਦੇ ਚੱਕਰਾਂ ਵਿੱਚ ਸਿਆਸਤਦਾਨ ਪਾਕਿਸਤਾਨ ਵਿਰੁੱਧ ਬਿਆਨ ਦੇ ਕੇ ਇਹ ਲਾਂਘਾ ਖੁੱਲ੍ਹਣ ਦੇ ਰਾਹ ਵਿੱਚ ਪਹਿਲਾਂ ਹੀ ਕਾਫੀ ਰੋੜੇ ਅਟਕਾ ਚੁੱਕੇ ਹਨ। ਅਜਿਹੇ ਵਿੱਚ ਪਾਕਿਸਤਾਨ ਦੇ ਰੇਲ ਮੰਤਰੀ ਵੱਲੋਂ ਇਸ ਗ਼ਲਿਆਰੇ ਨਾਲ ਜੋੜ ਕੇ ਦਿੱਤਾ ਗਿਆ ਬਿਆਨ ਅੱਗੇ ਕੀ ਰੰਗ ਲਿਆਵੇਗਾ ਇਹ ਤਾਂ ਪਤਾ ਨਹੀਂ ਪਰ ਸਿੱਖ ਸੰਗਤਾਂ ਦੇ ਮਨਾਂ ਅੰਦਰ ਇਹ ਹੌਲ ਜ਼ਰੂਰ ਪੈਣ ਲੱਗ ਪਏ ਹਨ ਕਿ ਕਿਤੇ ਅਜਿਹੇ ਬਿਆਨ ਦਾ ਬਹਾਨਾ ਬਣਾ ਕੇ ਹਿੰਦੁਸਤਾਨੀ ਹਕੂਮਤ ਇਹ ਲਾਂਘਾ ਖੁੱਲ੍ਹਦਾ ਖੁੱਲ੍ਹਦਾ ਬੰਦ ਨਾ ਕਰ ਦੇਵੇ।

# ਪੱਕਾ ਨਹੀਂ ਕਿ ਮਜੀਠੀਏ ਨੂੰ ਗ੍ਰਿਫਤਾਰ ਕੀਤਾ ਜਾਵੇਗਾ : ਅਮਰਿੰਦਰ ਸਿੰਘ

### *ਕਿਹਾ ਨਵਜੋਤ ਸਿੱਧੂ ਭੋਲਾ ਹੈ ਜਿਹੜਾ ਪਾਕਿਸਤਾਨ ਦੀ ਭਾਸ਼ਾ ਬੋਲ ਰਿਹੈ*

**ਚੰਡੀਗੜ੍ਹ/ ਏਟੀ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਵਜੋਤ ਸਿੰਘ ਸਿੱਧੂ ਦੇ ਮੁੱਦੇ 'ਤੇ ਬੋਲਦਿਆਂ ਕਿਹਾ ਕਿ ਸਿੱਧੂ ਭੋਲਾ ਆਦਮੀ ਹੈ ਜਿਹੜਾ ਪਾਕਿਸਤਾਨ ਦੀ ਭਾਸ਼ਾ ਬੋਲ ਰਿਹਾ ਹੈ, ਪਰ ਇਸ ਦੇ ਬਾਵਜੂਦ ਉਸ 'ਤੇ ਰਾਸ਼ਟਰ ਵਿਰੋਧੀ ਹੋਣ ਦਾ ਦੋਸ਼ ਨਹੀਂ ਲਾਇਆ ਜਾ ਸਕਦਾ। ਕੈਪਟਨ ਅਮਰਿੰਦਰ ਸਿੰਘ ਇੱਥੇ ਮੀਡੀਆ ਦੇ ਇੱਕ ਖ਼ਾਸ ਫਿਰਕੇ ਨਾਲ ਗੱਲਬਾਤ ਕਰ ਰਹੇ ਸਨ। ਇਸ ਮੌਕੇ ਜਦੋਂ ਮੁੱਖ ਮੰਤਰੀ ਨੂੰ ਇਹ ਸਵਾਲ ਕੀਤਾ ਗਿਆ ਕਿ ਸੱਤਾ 'ਚ ਆਉਣ ਤੋਂ ਪਹਿਲਾਂ ਉਨ੍ਹਾਂ ਨੇ ਇਹ ਵਾਅਦਾ ਕੀਤਾ ਸੀ ਕਿ ਉਹ ਉਨ੍ਹਾਂ ਅਕਾਲੀ ਆਗੂਆਂ ਖ਼ਿਲਾਫ ਕਾਰਵਾਈ ਕਰਨਗੇ ਜਿਹੜੇ ਨਸ਼ੇ ਦੇ ਕਾਰੋਬਾਰ 'ਚ ਸ਼ਾਮਲ ਹਨ ਤੇ ਇਸ ਦੌਰਾਨ ਉਹ ਅਕਸਰ ਬਿਕਰਮ ਸਿੰਘ ਮਜੀਠੀਆ ਦਾ ਨਾਮ ਲੈਂਦੇ ਸਨ, ਪਰ ਇਸ ਦੇ ਬਾਵਜੂਦ ਉਨ੍ਹਾਂ ਨੇ ਕਿਸੇ ਵੀ ਵੱਡੇ ਅਕਾਲੀ ਆਗੂ 'ਤੇ ਕਾਰਵਾਈ ਕਿਉਂ ਨਹੀਂ ਕੀਤੀ ਤਾਂ ਕੈਪਟਨ ਅਮਰਿੰਦਰ ਸਿੰਘ ਨੇ ਤੁਰੰਤ ਜਵਾਬ ਦਿੱਤਾ ਕਿ, ' ਮੈਂ ਕੋਈ ਨਾਮ ਲਿਆ ਹੈ ਇਹ ਮੈਨੂੰ ਯਾਦ ਨਹੀਂ, ਹਾਂ ! ਇਨਾ ਜ਼ਰੂਰ ਹੈ ਕਿ ਜਦੋਂ ਕਦੀ ਲੋਕਾਂ ਨੇ ਅਜਿਹੇ ਮਾਮਲੇ ਵਿੱਚ ਮਜੀਠੀਏ ਦਾ ਨਾਮ ਲਿਆ ਤਾਂ ਮੈਂ ਇਹ ਕਿਹਾ ਸੀ ਕਿ ਜੇਕਰ ਅਜਿਹੇ ਘਿਨੌਣੇ ਅਪਰਾਧ ਪਿੱਛੇ ਮਜੀਠੀਆ ਹੈ ਤਾਂ ਉਸ ਨੂੰ ਇਸ ਦੇ ਨਤੀਜੇ ਭੁਗਤਣੇ ਪੈਣਗੇ।

ਕੈਪਟਨ ਅਨੁਸਾਰ ਉਨ੍ਹਾਂ ਦੀ ਸਰਕਾਰ ਨੇ ਵੱਡੀ ਤਦਾਦ ਵਿੱਚ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਹੈ ਪਰ ਇਸ ਦੇ ਬਾਵਜੂਦ ਵੱਡੀਆਂ ਮੱਛੀਆਂ ਅਜੇ ਵੀ ਫਰਾਰ ਹਨ ਜਿਨ੍ਹਾਂ ਵਿੱਚੋਂ ਜਿਆਦਾਤਰ ਪੰਜਾਬ ਵਿੱਚ ਬਾਹਰ ਭੱਜ ਗਈਆਂ ਹਨ ਤੇ ਕੁਝ ਵਿਦੇਸ਼ਾਂ ਵਿੱਚ ਜਾ ਲੁਕੀਆਂ ਹਨ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਵੀ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਤੇ ਉਹ ਵੀ ਅਪੀਲ ਕਰਦੇ ਹਨ ਕਿ ਉਹ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੂੰ ਹੁਕਮ



ਦੇਵੇ ਕਿ ਅਜਿਹੇ ਮੁਜ਼ਰਮਾਂ ਨੂੰ ਗ੍ਰਿਫਤਾਰ ਕੀਤਾ ਜਾਵੇ। ਨਵਜੋਤ ਸਿੱਧੂ ਵੱਲੋਂ ਪਾਕਿਸਤਾਨ ਦੇ ਵਿਦੇਸ਼ ਮੰਤਰਾਲਿਆ ਵਾਲੀ ਭਾਸ਼ਾ ਬੋਲਣ ਦੇ ਲੱਗ ਰਹੇ ਦੋਸ਼ਾਂ ਬਾਰੇ ਕੈਪਟਨ ਨੇ ਖੁਲਾਸਾ ਕੀਤਾ ਕਿ ਸਿੱਧੂ ਹਾਲਾਤ ਨੂੰ ਸੰਭਾਲਣ ਅਤੇ ਬਿਆਨ ਦੇਣ ਦੇ ਮਾਮਲੇ ਵਿੱਚ ਭੋਲੇ ਹਨ ਪਰ ਉਨ੍ਹਾਂ ਨੂੰ ਰਾਸ਼ਟਰ ਵਿਰੋਧੀ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਕਿਹਾ ਕਿ ਬੇਸ਼ੱਕ ਉਹ ਪਾਕਿਸਤਾਨ ਦੀ ਭਾਸ਼ਾ ਬੋਲ ਰਹੇ ਹਨ ਪਰ ਅਜਿਹਾ ਇਸ ਲਈ ਹੋ ਰਿਹਾ ਹੈ ਕਿਉਂਕਿ ਉਹ ਇਨ੍ਹਾਂ ਹਾਲਤਾਂ ਨੂੰ ਇੱਕ ਸਿਆਸਤਦਾਨ ਜਾਂ ਫੌਜੀ ਦੇ ਨਜ਼ਰੀਏ ਨਾਲ ਦੇਖਣ ਦੀ ਬਜਾਏ ਇੱਕ ਖਿਡਾਰੀ ਦੇ ਨਜ਼ਰੀਏ ਨਾਲ ਦੇਖਣ ਦੀ ਗਲਤੀ ਕਰ ਰਹੇ ਹਨ, ਜੋ ਕਿ ਸਮਝ ਦੀ ਕਮੀ ਤਾਂ ਦਿਖਾ ਸਕਦਾ ਹੈ ਪਰ ਇਸ ਨੂੰ ਰਾਸ਼ਟਰ ਵਿਰੋਧੀ ਨਹੀਂ ਕਿਹਾ ਜਾ ਸਕਦਾ।

ਹੱਥ ਵਿੱਚ ਗੁਟਕਾ ਸਾਹਿਬ ਚੁੱਕ ਕੇ 4 ਹਫਤਿਆਂ 'ਚ ਪੰਜਾਬ ਵਿੱਚੋਂ ਨਸ਼ਾ ਖ਼ਤਮ ਕਰਨ ਦਾ ਵਾਅਦਾ ਕਰਨ ਦੇ ਮਾਮਲੇ 'ਤੇ ਕੈਪਟਨ ਨੇ ਕਿਹਾ ਕਿ, ' ਮੈਂ ਨਸ਼ਾਂ ਤਸਕਰਾਂ ਦਾ ਲੱਕ ਤੋੜਨ ਦਾ ਵਾਅਦਾ ਕੀਤਾ ਸੀ ਤੇ ਉਸ ਵਿੱਚ ਅਸੀਂ ਕਾਫੀ ਹੱਦ ਤੱਕ ਕਾਮਯਾਬ ਵੀ ਰਹੇ ਹਾਂ। ਸਾਨੂੰ ਕੋਈ ਇਹ ਨਹੀਂ ਕਹਿ ਸਕਦਾ ਕਿ ਅਸੀਂ ਅਜਿਹਾ ਨਹੀਂ ਕੀਤਾ। ਜਿਹੜੇ ਨੌਜਵਾਨ ਮਰ ਰਹੇ ਹਨ ਉਹ ਨਸ਼ਿਆਂ ਕਾਰਨ ਨਹੀਂ ਉਨ੍ਹਾਂ ਦਵਾਈਆਂ ਕਾਰਨ ਮਰ ਰਹੇ ਹਨ ਜਿਹੜੀਆਂ ਉਨ੍ਹਾਂ ਦੇ ਇਲਾਜ ਲਈ ਵਰਤੀਆਂ ਜਾ ਰਹੀਆਂ ਹਨ ਜਿਹੜਾ ਕਿ ਪੀੜਤਾਂ ਦੇ ਪਰਿਵਾਰਾਂ ਅੰਦਰ ਜਾਗਰੂਕਤਾ ਦੀ ਕਮੀ ਦਰਸਾਉਂਦਾ ਹੈ। ਕੈਪਟਨ ਨੇ ਕਿਹਾ ਕਿ ਇਹ ਸਮੱਸਿਆ ਬੜੀ ਗੰਭੀਰ ਹੈ ਇਸ ਨੂੰ ਹੱਲ ਕਰਨ ਲਈ ਸਮਾਂ ਲੱਗੇਗਾ ਪਰ ਇਹ ਜ਼ਰੂਰ ਖ਼ਤਮ ਹੋਵੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਨਸ਼ਿਆਂ ਦੇ ਕਾਰੋਬਾਰ ਦਾ ਲੱਕ ਤੋੜਨ ਦਾ ਆਪਣਾ ਵਾਅਦਾ ਪੂਰਾ ਕੀਤਾ ਹੈ ਤੇ ਹੁਣ ਉਹ ਵਾਅਦਾ ਕਰਦੇ ਹਨ ਕਿ ਹੁਣ ਸਾਡੇ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਉਹ ਨਸ਼ਿਆਂ ਤੋਂ ਛੁਟਕਾਰਾ ਦਿਵਾਉਣ ਲਈ ਜੋ ਕੀਤਾ ਜਾ ਸਕੇਗਾ ਉਹ ਕਰਨਗੇ। ਕਿਸਾਨਾਂ ਦੀ ਵਧ ਰਹੀਆਂ ਆਤਮ ਹੱਤਿਆਵਾਂ ਦੇ ਸਵਾਲ 'ਤੇ ਬੋਲਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਸੱਤਾ ਵਿੱਚ ਆਉਂਦਿਆਂ ਹੀ ਕਿਸਾਨ ਆਤਮ ਹੱਤਿਆਵਾਂ ਵਿੱਚ ਭਾਰੀ ਕਮੀ ਆਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਇੱਕ ਖੋਜ ਅਨੁਸਾਰ ਸਾਲ 2007 ਤੋਂ 2017 ਦੌਰਾਨ ਅਜਿਹੀਆਂ ਆਤਮ ਹੱਤਿਆਵਾਂ ਦੀ ਗਿਣਤੀ 9155 ਸੀ ਜੋ ਕਿ 915 ਆਤਮ ਹੱਤਿਆਵਾਂ ਪ੍ਰਤੀ ਸਾਲ ਦਾ ਹੈਰਾਨੀਜਨਕ ਅੰਕੜਾ ਬਣਦਾ ਹੈ ਜਦਕਿ 2017 ਤੋਂ ਹੁਣ ਤੱਕ ਕਿਸਾਨ ਆਤਮ ਹੱਤਿਆਵਾਂ ਦੇ ਅੰਕੜੇ 2 ਸਾਲਾਂ 'ਚ 140 ਰਹਿ ਗਏ ਹਨ ਤੇ ਇਹ 70 ਮਾਮਲੇ ਪ੍ਰਤੀ ਸਾਲ ਬਣਦਾ ਹੈ ਜੋ ਕਿ 84 ਪ੍ਰਤੀਸ਼ਤ ਕਮੀ ਦਰਸਾਉਂਦਾ ਹੈ। ਪਰ ਉਹ ਅਜੇ ਵੀ ਇਨ੍ਹਾਂ ਅੰਕੜਿਆਂ ਤੋਂ ਸੰਤੁਸ਼ਟ ਨਹੀਂ ਹਨ ਕਿਉਂਕਿ ਜਦੋਂ ਤੱਕ ਸੂਬੇ ਦਾ ਇੱਕ ਕਿਸਾਨ ਵੀ ਆਰਥਿਕ ਮੰਦਹਾਲੀ ਕਾਰਨ ਆਪਣੀ ਜਾਨ ਗਵਾਉਂਦਾ ਹੈ, ਉਦੋਂ ਤੱਕ ਉਹ ਸੰਤੁਸ਼ਟ ਨਹੀਂ ਹੋ ਸਕਦੇ।

### *ਖੂਹ ਦੀ ਮਿੱਟੀ ਖੂਹ ਨੂੰ ਲੱਗੂ*

# ਕਾਂਗਰਸ 'ਚ ਜਾਣ ਲਈ ਤਰਲੋਮੱਛੀ ਦਿੱਲੀ ਦੀ ਐਮਐਲਏ ਅਲਕਾ ਲਾਂਬਾ

**ਨਵੀਂ ਦਿੱਲੀ/ਏਟੀ ਨਿਊਜ਼ :** ਲੋਕ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਆਮ ਆਦਮੀ ਪਾਰਟੀ ਦੀ ਦਿੱਲੀ ਦੀ ਇੱਕ ਵਿਧਾਇਕ ਅਲਕਾ ਲਾਂਬਾ ਨੇ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਆਪ ਅੰਦਰ ਰਹਿਣਾ ਸਮਾਂ ਖਰਾਬ ਕਰਨ ਦੇ ਬਰਾਬਰ ਹੈ। ਗੌਰਤਲਬ ਹੈ ਕਿ ਅਲਕਾ ਲਾਂਬਾ ਕਿਸੇ ਵੇਲੇ ਕਾਂਗਰਸ ਪਾਰਟੀ ਵਿੱਚੋਂ ਆਮ ਆਦਮੀ ਪਾਰਟੀ ਵਿਚ ਆ ਕੇ ਹੀ ਐਮਐਲਏ ਬਣ ਸਕੀ ਸੀ। ਦਿੱਲੀ ਦੇ ਚਾਂਦਨੀ ਚੌਕ ਹਲਕੇ ਦੀ ਵਿਧਾਇਕ ਅਲਕਾ ਲਾਂਬਾ ਨੇ 'ਆਪ' ਦੀ ਵਿਰੋਧੀ ਪਾਰਟੀ ਕਾਂਗਰਸ ਦੀ ਖੁੱਲ੍ਹ ਕੇ ਤਰੀਫ ਕਰਦਿਆਂ ਕਿਹਾ ਹੈ ਕਿ ਉਹ ਹੁਣ 'ਆਪ' 'ਚ ਰਹਿ ਕੇ ਹੋਰ ਸਮਾਂ ਬਰਬਾਦ ਨਹੀਂ ਕਰੇਗੀ ਤੇ ਜਿਉਂ ਹੀ ਉਨ੍ਹਾਂ ਨੂੰ ਕਾਂਗਰਸ ਵੱਲੋਂ ਸੱਦਾ ਆਉਂਦਾ ਹੈ, ਉਹ ਉਸੇ ਵੇਲੇ ਆਮ ਆਦਮੀ ਪਾਰਟੀ ਦਾ ਸਾਥ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋ ਜਾਣਗੇ।

ਵਿਧਾਇਕਾ ਅਨੁਸਾਰ ਹਿੰਦੁਸਤਾਨ ਵਿਚ ਕਾਂਗਰਸ ਪਾਰਟੀ ਲਗਾਤਾਰ ਮਜ਼ਬੂਤੀ ਵੱਲ ਵੱਧ ਰਹੀ ਹੈ ਤੇ ਅਜਿਹੇ ਸਮੇਂ ਉਹ ਇਸ ਪਾਰਟੀ 'ਚ ਸ਼ਾਮਲ ਹੋ ਕੇ ਆਪਣਾ ਯੋਗਦਾਨ ਵੀ ਪਾਉਣਾ ਚਾਹੁੰਦੇ ਹਨ। ਲਾਂਬਾ ਨੇ ਦਾਅਵਾ ਕੀਤਾ ਕਿ ਇਸ ਵਾਰ ਦੇਸ਼ ਵਿੱਚ ਕਾਂਗਰਸ ਦੀ ਲਹਿਰ ਚੱਲ ਰਹੀ ਹੈ ਤੇ ਇਸ ਲਹਿਰ ਕਾਰਨ ਭਾਰਤ ਵਿੱਚੋਂ ਬੀਜੇਪੀ ਦਾ ਸਫਾਇਆ ਹੋ ਜਾਵੇਗਾ। ਅਲਕਾ ਲਾਂਬਾ ਨੇ ਕਾਂਗਰਸ ਦੀਆਂ ਤਰੀਫਾਂ ਦੇ ਪੁਲ ਬੰਨ੍ਹਦਿਆਂ ਕਿਹਾ ਕਿ ਨਾ ਸਿਰਫ ਦਿੱਲੀ, ਬਲਕਿ ਸਾਰੇ ਦੇਸ਼ ਅੰਦਰ ਬੀਜੇਪੀ ਦਾ ਸਫਾਇਆ ਹੋ ਜਾਵੇਗਾ। ਅਲਕਾ ਅਨੁਸਾਰ ਇਹ ਗਲਤ ਹੈ ਕਿ ਕਾਂਗਰਸ ਆਮ ਆਦਮੀ ਪਾਰਟੀ ਨਾਲ ਗੱਠਜੋੜ ਦੇ ਖਿਲਾਫ ਹੈ। ਇਸ ਪਾਰਟੀ ਦੇ ਆਗੂ ਸਿਰਫ ਇਨਾ ਚਾਹੁੰਦੇ ਹਨ ਕਿ ਉਹ ਗੱਠਜੋੜ ਸਬੰਧੀ ਜਿਹੜਾ ਵੀ ਫੈਸਲਾ ਲੈਣ ਆਪਣੇ ਵਰਕਰਾਂ ਨੂੰ ਪੁੱਛ ਕੇ ਲੈਣ ਤੇ ਅਜਿਹੇ ਵਿੱਚ ਇੱਕ ਗੱਲ ਬੜੀ ਤੇਜ਼ੀ ਨਾਲ ਨਿਕਲ ਕੇ ਸਾਹਮਣੇ ਆਈ ਹੈ ਕਿ ਆਮ ਆਦਮੀ ਪਾਰਟੀ ਵਿਚ ਅਜਿਹਾ ਕੁਝ ਨਹੀਂ ਕਿ ਕਾਂਗਰਸ ਉਸ ਨਾਲ ਗੱਠਜੋੜ ਕਰੇ। ਚਾਂਦਨੀ ਚੌਕ ਦੀ ਵਿਧਾਇਕ ਅਲਕਾ ਲਾਂਬਾ ਨੇ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਦੀ ਹਾਲਤ ਇਸ ਵੇਲੇ ਪਤਲੀ ਹੈ, ਜਿਸ ਦੀ ਵਜ੍ਹਾ ਇਹ ਹੈ ਕਿ 'ਆਪ' ਅੰਦਰ ਜਿਹੜੇ ਵੀ ਫੈਸਲੇ ਲਏ ਜਾ ਰਹੇ ਹਨ ਉਹ ਲੋਕਤੰਤਰਿਕ ਤਰੀਕੇ ਨਾਲ ਨਹੀਂ ਲਏ ਜਾ ਰਹੇ। ਉਨ੍ਹਾਂ ਕਿਹਾ ਕਿ ਜਿਸ ਵੇਲੇ 'ਆਪ' ਨੇ ਵਿਧਾਨ ਸਭਾ 'ਚ ਰਾਜੀਵ ਗਾਂਧੀ ਤੋਂ ਭਾਰਤ ਰਤਨ ਵਾਪਸ ਲੈਣ ਦਾ ਮਤਾ ਰੱਖਿਆ ਗਿਆ ਸੀ ਤਾਂ ਉਸ ਨੂੰ ਦੇਖ ਕੇ ਉਨ੍ਹਾਂ ਦੇ ਮਨ ਨੂੰ ਬਹੁਤ ਸੱਟ ਲੱਗੀ ਸੀ। ਉਨ੍ਹਾਂ ਕਿਹਾ ਕਿ ਇਹ ਸਭ ਕੁਝ ਕਾਂਗਰਸ 'ਤੇ ਦਬਾਅ ਪਾਉਣ ਲਈ ਇੱਕ ਰਣਨੀਤੀ ਤਹਿਤ ਕੀਤਾ ਗਿਆ ਸੀ। ਲਾਂਬਾ ਨੇ ਕਿਹਾ ਕਿ ਉਨ੍ਹਾਂ ਨੂੰ ਵੀ ਇਸ ਮਤੇ ਦਾ ਸਮਰਥਨ ਕਰਨ ਲਈ ਹੁਕਮ ਦਿੱਤੇ ਗਏ ਸਨ ਪਰ ਉਨ੍ਹਾਂ ਨੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ। ਲਾਂਬਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕਈ ਵਿਧਾਇਕ 'ਆਪ' ਦੀਆਂ ਨੀਤੀਆਂ ਤੋਂ ਨਾਖ਼ੁਸ਼ ਹੋ ਕੇ ਲਗਾਤਾਰ ਕਾਂਗਰਸ ਪਾਰਟੀ ਨਾਲ ਰਾਬਤਾ ਕਾਇਮ ਕਰੀ ਬੈਠੇ ਹਨ। ਅਜਿਹੇ ਵਿਚ ਕਾਂਗਰਸ ਪਾਰਟੀ ਨੂੰ ਜਿੰਨੀ ਜਲਦੀ ਹੋ ਸਕੇ ਆਪਣੀ ਤਾਕਤ ਦਾ ਅਹਿਸਾਸ ਕਰ ਲੈਣਾ ਚਾਹੀਦਾ ਹੈ।

# ਜੇ ਚੱਲਿਓਂ ਪਰਦੇਸ...

**-ਰਾਜਨ ਸ਼ਰਮਾ, ਲੈਕਚਰਾਰ** , (ਮੋ:098142-77132)

ਮੌਜੂਦਾ ਚੱਕਾਚੌਂਧ ਦੀ ਦੁਨੀਆ ਵਿੱਚ ਪੰਜਾਬ ਦੇ ਬਹੁਤੇ ਵਿਦਿਆਰਥੀ, ਨੌਕਰੀਪੇਸ਼ਾ, ਬੇਰੁਜ਼ਗਾਰ ਤੇ ਇੱਥੋਂ ਤੱਕ ਕਿ ਕਈ ਬਜ਼ੁਰਗ ਵੀ ਚਾਹੁੰਦੇ ਹਨ ਕਿ ਉਹ ਕਿਸੇ ਬਾਹਰਲੇ ਮੁਲਕ ਚਲੇ ਜਾਣ। ਬਾਹਰਲੇ ਮੁਲਕ ਦੀ ਚਾਹਤ ਰੱਖਣ ਵਾਲੇ ਕਈ ਤਾਂ ਇੱਥੋਂ ਦੀ ਜ਼ਿੰਦਗੀ ਤੋਂ ਔਕਿਆ ਹੋਇਆ ਮਹਿਸੂਸ ਕਰ ਰਹੇ ਹਨ। ਇਹਨਾਂ ਦੀ ਬਾਹਰਲੇ ਮੁਲਕ ਜਾਣ ਦੀ ਲਾਲਸਾ ਹੱਦਾਂ ਪਾਰ ਕਰ ਚੱਕੀ ਹੈ। ਕਈ ਰੋਜ਼ੀ ਕਮਾਉਣ ਲਈ ਤੇ ਕਈ ਘੁੰਮਣ ਫਿਰਨ ਲਈ ਜਹਾਜ਼ ਦੀ ਸਵਾਰੀ ਕਰਨ ਲਈ ਉਤਾਵਲੇ ਹਨ। ਕਈ ਤਾਂ ਆਪਣੇ ਧੀਆਂ-ਪੁੱਤਾਂ ਦੇ ਵਿਦੇਸ਼ੀਆਂ ਨਾਲ ਹੱਥ ਪੀਲੇ ਕਰਨ 'ਚ ਕਈ ਤਰ੍ਹਾਂ ਦੀਆਂ ਸਮਾਜਿਕ ਮਾਣ ਮਰਿਆਦਾ ਦੀਆਂ ਹੱਦਾਂ ਵੀ ਟੱਪ ਜਾਂਦੇ ਹਨ। ਵਿਦੇਸ਼ ਜਾਣ ਵਿਚ ਕੋਈ ਹਰਜ਼ ਵੀ ਨਹੀਂ ਹੈ। ਪਰ ਸਾਨੂੰ ਵਿਦੇਸ਼ ਜਾਣ ਲਈ ਅਖੌਤੀ ਏਜੰਟਾਂ ਦੀ ਚੁੰਗਲ ਤੋਂ ਬਚਣਾ ਚਾਹੀਦਾ ਹੈ। ਚਾਹੇ ਵਿਦੇਸ਼ ਜਾਣ ਲਈ ਕੁਝ ਜ਼ਿਆਦਾ ਸਮਾਂ ਲੱਗੇ, ਬਿਲਕੁੱਲ ਸਹੀ ਤਰੀਕੇ ਨਾਲ ਹੀ ਜਾਣਾ ਚਾਹੀਦਾ ਹੈ। ਕਈ ਵਾਰ ਕੁੱਝ ਮਾਪੇ ਆਪਣੇ ਬੱਚਿਆਂ ਨੂੰ ਲੱਖਾਂ ਰੁਪਇਆਂ ਲਗਾ ਕੇ ਵਿਦੇਸ਼ ਤਾਂ ਭੇਜ ਦਿੰਦੇ ਹਨ ਪਰ ਉੱਥੇ ਜਾ ਕੇ ਉਹ ਕਨੂੰਨ ਦੇ ਸ਼ਿਕੰਜੇ ਵਿੱਚ ਆ ਕੇ, ਨਾ ਘਰ ਦੇ ਰਹਿੰਦੇ ਹਨ ਨਾ ਘਾਟ ਦੇ। ਕੁੱਝ ਲੋਕ ਉੱਥੇ ਪਹੁੰਚ ਕੇ ਆਪਣੇ ਆਪ ਨੂੰ ਉਸ ਵਾਤਾਵਰਨ ਦੇ ਮੁਤਾਬਕ ਢਾਲ ਨਹੀਂ ਸਕਦੇ ਤੇ ਫਿਰ ਵਾਪਸ ਵਤਨ ਪਰਤ ਆਉਂਦੇ ਹਨ। ਵਿਦੇਸ਼ਾਂ ਦੇ ਬਹੁਤ ਸਾਰੇ ਮੁਲਕਾਂ ਵਿੱਚ ਪੈਸੇ ਦੀ ਕਮੀ ਨਹੀਂ ਤੇ ਮਿਹਨਤਕਸ਼ਾਂ ਲਈ ਕੰਮ ਦੀ ਵੀ ਕਮੀ ਨਹੀਂ। ਜੋ ਲੋਕ ਸਹੀ ਤਰੀਕੇ ਨਾਲ ਵਿਦੇਸ਼ ਜਾਂਦੇ ਹਨ, ਉਹ ਉੱਥੇ ਮਿਹਨਤ ਕਰਕੇ ਚੰਗੀ ਕਮਾਈ ਕਰਦੇ ਹਨ। ਯੂਰਪੀ ਮੁਲਕਾਂ ਵਿਚ ਕੋਈ ਕਿਸੇ ਕੰਮ ਦੀ ਸ਼ਰਮ ਨਹੀਂ ਕਰਦਾ। ਜਿਹੜੇ ਕੰਮ ਨੂੰ ਸਾਡੇ ਨੌਜਵਾਨ ਪੰਜਾਬ ਵਿੱਚ ਨੱਕ ਬੁੱਲ੍ਹ ਮਾਰਦੇ ਹਨ, ਉਹ ਉੱਥੇ ਜਾ ਕੇ ਕਰਦੇ ਹਨ, ਉਹਨਾਂ ਨੂੰ ਵਾਧੂ ਉਜਰਤ ਵੀ ਮਿਲਦੀ ਹੈ। ਕਈ ਵਿਦੇਸ਼ ਜਾ ਕੇ ਵੀ ਮਿਹਨਤ ਨਹੀਂ ਕਰਦੇ, ਸਗੋਂ ਉਲਟ ਮਾਪਿਆਂ ਤੋਂ ਪੈਸੇ ਮੰਗਵਾਉਂਦੇ ਹਨ, ਲੜਾਈਆਂ ਝਗੜੇ ਕਰ ਕੇ ਪੰਜਾਬ ਦਾ ਨਾਂ ਵੀ ਖਰਾਬ ਕਰ ਦੇ ਹਨ। ਅਜਿਹੇ ਲੋਕ ਆਪਣੇ ਮਾਪਿਆਂ ਦੇ ਸੁਪਨੇ ਤਾਂ ਤੋੜਦੇ ਹੀ ਹਨ, ਸਗੋਂ ਆਪਣਾ ਜੀਵਨ ਵੀ ਔਖਾ ਕਰ ਲੈਂਦੇ ਹਨ। ਅਸੀਂ ਕਨੂੰਨ ਕਾਇਦੇ ਵਿੱਚ ਰਹਿ ਕੇ ਵਿਦੇਸ਼ ਜਾਈਏ ਤਾਂ ਅਸੀਂ ਬਿਨਾ ਕਿਸੇ ਡਰ ਤੋਂ ਪੈਸਾ ਕਮਾ ਕੇ ਚੰਗੀ ਜ਼ਿੰਦਗੀ ਜਿਊ ਸਕਦੇ ਹਾਂ ਤੇ ਆਪਣੇ ਪੰਜਾਬ ਨੂੰ ਵੀ ਖ਼ੁਸ਼ਹਾਲ ਬਣਾ ਸਕਦੇ ਹਾਂ। ਸੋ ਭਾਵੇਂ ਜੰਮ ਜੰਮ ਵਿਦੇਸ਼ ਜਾਈਏ ਪਰ ਪਰਾਈਆਂ ਧਰਤੀਆਂ ਉਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਮਹਾਨ ਵਿਰਸੇ ਦੇ ਅਲੰਬਰਦਾਰ ਬਣ ਕੇ ਰਹੀਏ। ਦੁਨੀਆ ਸਾਡੇ ਉਤੇ ਮਾਣ ਕਰੇ, ਨਾ ਕਿ ਸਾਨੂੰ ਬੋਝ ਸਮਝੇ।



# ਅੰਮ੍ਰਿਤਸਰ ਹਵਾਈ ਅੱਡੇ 'ਤੇ ਯਾਤਰੀਆਂ ਦੀ ਗਿਣਤੀ ਵਧੀ

**ਅੰਮ੍ਰਿਤਸਰ/ਏਟੀ ਨਿਊਜ਼ :** ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਮੁਹਿੰਮ ਦੇ ਕਨਵੀਨਰ ਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸਕੱਤਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਹਾਲ ਹੀ ਵਿਚ ਏਅਰਪੋਰਟ ਅਥਾਰਿਟੀ ਆਫ ਇੰਡੀਆ ਵੱਲੋਂ ਜਾਰੀ ਜਨਵਰੀ, 2019 ਦੇ ਅੰਕੜਿਆਂ ਦਾ ਵਿਸ਼ਲੇਸ਼ਣ ਇਹ ਦਰਸਾਉਂਦਾ ਹੈ ਕਿ ਅੰਮ੍ਰਿਤਸਰ ਹਵਾਈ ਅੱਡੇ ਦੇ ਚਾਲੂ ਵਿੱਤੀ ਸਾਲ 2018-19 ਦੇ ਪਹਿਲੇ ਦਸ ਮਹੀਨਿਆਂ (ਅਪਰੈਲ ਤੋਂ ਜਨਵਰੀ) ਵਿਚ ਅੰਤਰਰਾਸ਼ਟਰੀ ਯਾਤਰੀਆਂ ਦੀ ਆਵਾਜਾਈ ਵਿਚ 28.7 ਫ਼ੀਸਦੀ ਵਾਧਾ ਹੋਇਆ ਹੈ। ਇਥੋਂ ਇਸ ਵਰ੍ਹੇ ਹੁਣ ਤਕ ਅੰਤਰਰਾਸ਼ਟਰੀ ਮੁਸਾਫ਼ਰਾਂ ਦੀ ਗਿਣਤੀ ਤਕਰੀਬਨ 6.48 ਲੱਖ ਹੋ ਗਈ ਹੈ, ਜੋ ਪਿਛਲੇ ਸਾਲ ਇਸ ਅਰਸੇ ਦੌਰਾਨ 5.03 ਲੱਖ ਸੀ। ਗੁਮਟਾਲਾ ਨੇ ਕਿਹਾ ਕਿ ਪੰਜਾਬੀਆਂ ਲਈ ਮਾਣ ਵਾਲੀ ਗੱਲ ਹੈ ਕਿ ਜਨਵਰੀ 2019 ਵਿਚ ਅੰਤਰਰਾਸ਼ਟਰੀ ਯਾਤਰੀਆਂ ਦੀ ਗਿਣਤੀ ਜਨਵਰੀ 2018 ਦੇ ਮੁਕਾਬਲੇ 47.6 ਫ਼ੀਸਦੀ ਵਧੀ ਹੈ, ਜਿਸ ਨਾਲ ਹਵਾਈ ਅੱਡਾ ਦੇਸ਼ ਦੇ ਸਾਰੇ ਅੰਤਰਰਾਸ਼ਟਰੀ ਹਵਾਈ ਅੱਡਿਆਂ ਵਿਚੋਂ ਦੂਜੇ ਸਥਾਨ 'ਤੇ ਰਿਹਾ। ਜਨਵਰੀ 2018 ਵਿਚ ਇਹ ਗਿਣਤੀ 59,256 ਯਾਤਰੀ ਸੀ ਤੇ ਜਨਵਰੀ 2019 ਵਿਚ ਵਧ ਕੇ 87,462 ਹੋ ਗਈ ਹੈ, ਜਿਸ ਨੇ ਕਿ ਪਿਛਲੇ ਮਹੀਨੇ ਦਸੰਬਰ 2018 ਵਿਚ 83,276 ਦੇ ਅੰਕੜੇ ਨੂੰ ਵੀ ਮਾਤ ਦੇ ਦਿੱਤੀ ਹੈ।

### 19 ਮਾਰਚ, ਜੋਤੀ ਜੋਤ ਦਿਵਸ 'ਤੇ ਵਿਸ਼ੇਸ਼

# ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਜੀ

**ਪ੍ਰਮਿੰਦਰ ਸਿੰਘ ਪ੍ਰਵਾਨਾ**



ਗੁਰੂ ਨਾਨਕ ਦੇਵ ਜੀ ਦੇ ਚਲਾਏ ਪੰਥ ਦੇ ਸੰਕਲਪ ਨੂੰ ਪੂਰਾ ਕਰਨ ਲਈ ਸਿੱਖ ਗੁਰੂਆਂ ਨੇ ਧਰਮ ਪ੍ਰਚਾਰ ਦੇ ਦੌਰੇ ਕੀਤੇ। ਗੁਰੂ ਅਰਜਨ ਦੇਵ ਜੀ ਨੇ ਕਾਫ਼ੀ ਲੰਮਾ ਸਮਾਂ ਦੌਰੇ ਕੀਤੇ। ਪ੍ਰਿਥੀ ਚੰਦ ਦੇ ਗੁਰਗੱਦੀ ਤੋਂ ਵਾਂਝੇ ਰਹਿਣ ਦੀ ਈਰਖਾ ਵੀ ਬਰਾਬਰ ਚਲਦੀ ਰਹੀ। ਗੁਰੂ ਅਰਜਨ ਸਾਹਿਬ ਅੰਮ੍ਰਿਤਸਰ ਤੋਂ ਦੌਰਾ ਸ਼ੁਰੂ ਕਰਕੇ ਗੋਇੰਦਵਾਲ ਕਰਤਾਰਪੁਰ ਦੇ ਦੌਰਿਆਂ ਤੋਂ ਬਾਅਦ ਮੁੜ ਅੰਮ੍ਰਿਤਸਰ ਪਰਤੇ, ਉਥੇ ਹੀ ਨੇੜਲੇ ਪਿੰਡ ਵਡਾਲੀ ਵਿਖੇ ਗੁਰੂ ਹਰਗੋਬਿੰਦ ਸਾਹਿਬ ਦਾ ਆਗਮਨ ਹੋਇਆ। ਪ੍ਰਿਥੀ ਚੰਦ ਨੂੰ ਬੜੀ ਸੱਟ ਵੱਜੀ ਕਿਉਂਕਿ ਉਹ ਗੁਰਗੱਦੀ 'ਤੇ ਆਪਣੇ ਪੁੱਤਰ ਮਿਹਰਵਾਨ ਨੂੰ ਬੈਠਿਆ ਦੇਖਣਾ ਚਾਹੁੰਦਾ ਸੀ ਕਿ ਗੁਰੂ ਹਰਗੋਬਿੰਦ ਸਾਹਿਬ ਦਾ ਆਗਮਨ ਹੋ ਗਿਆ। ਫਿਰ ਉਸ ਨੇ ਆਪਣੀ ਪਤਨੀ ਨਾਲ ਮਿਲ ਕੇ ਬਾਲ ਗੁਰੂ ਜੀ ਨੂੰ ਮਾਰ ਮੁਕਾਉਣ ਦੀਆਂ ਅਸਫ਼ਲ ਕੋਸ਼ਿਸ਼ਾਂ ਕੀਤੀਆਂ। ਗੁਰ ਪਿਤਾ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੀ ਵਿਦਿਆ ਦਾ ਸੁਚੱਜਾ ਪ੍ਰਬੰਧ ਕਰਵਾਇਆ। ਬਾਬਾ ਬੁੱਢਾ ਜੀ ਦੀ ਦੇਖ ਰੇਖ ਵਿਚ ਦੁਨਿਆਵੀ ਵਿਦਿਆ ਤੋਂ ਇਲਾਵਾ ਸ਼ਸਤਰ ਵਿਦਿਆ ਵਿਚ ਘੋੜ ਸਵਾਰੀ, ਨੇਜਾਬਾਜ਼ੀ, ਬੰਦੂਕ ਆਦਿ ਪ੍ਰਚਲਤ ਸ਼ਸਤਰਾਂ ਨੂੰ ਚਲਾਉਣ ਵਿਚ ਪੱਕਿਆਂ ਕੀਤਾ।

ਜਦੋਂ ਗੁਰੂ ਹਰਗੋਬਿੰਦ ਜੀ ਦੀ ਉਮਰ 11 ਕੁ ਵਰ੍ਹੇ ਸੀ ਤਦ ਹੀ ਮੁਗਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਬੁਲਾ ਲਿਆ। ਸਮਰੱਥ ਗੁਰੂ ਜਾਣ ਗਏ ਸਨ ਕਿ ਉਨ੍ਹਾਂ ਨੇ ਮੁੜ ਕੇ ਨਹੀਂ ਆਉਣਾ ਪਰ ਆਉਣ ਵਾਲੇ ਸਮੇਂ ਵਿਚ ਜ਼ੁਲਮ ਵਿਰੁੱਧ ਹਥਿਆਰ ਚੁੱਕਣੇ ਹੀ ਪੈਣਗੇ। ਉਨ੍ਹਾਂ ਗੁਰੂ ਹਰਗੋਬਿੰਦ ਜੀ ਨੂੰ ਸੁਚੇਤ ਕਰ ਦਿੱਤਾ ਕਿ ਗੁਰਗੱਦੀ 'ਤੇ ਸ਼ਸਤਰਧਾਰੀ ਹੋ ਕੇ ਬੈਠਣਾ ਹੈ। ਦੁਸ਼ਮਣ ਖਿਲਾਫ਼ ਫੌਜ ਵੀ ਰੱਖਣੀ ਹੈ। ਇਸੇ ਫੌਜੀ ਰੂਪ ਨੂੰ ਅੱਗੇ ਜਾ ਕੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਫੌਜੀ ਖਾਲਸੇ ਦਾ ਰੂਪ ਦਿੱਤਾ।

ਗੁਰੂ ਹਰਿਗੋਬਿੰਦ ਜੀ 25 ਮਈ, 1606 ਈ. ਨੂੰ ਗੁਰਗੱਦੀ 'ਤੇ ਬਿਰਾਜਮਾਨ ਹੋਏ। ਪ੍ਰਚਲਤ ਰਸਮ ਵਿਚ ਆਪ ਜੀ ਨੂੰ ਸੇਲੀ ਟੋਪੀ ਪੇਸ਼ ਕੀਤੀ ਗਈ। ਗੁਰਾਂ ਨੇ ਉਸ ਤੋਂ ਕਿਨਾਰਾ ਕਰਕੇ ਦੋ ਤਲਵਾਰਾਂ ਪਹਿਨੀਆਂ, ਇਕ ਪੀਰੀ ਦੀ ਇਕ ਮੀਰੀ ਦੀ। ਇਕ ਰੂਹਾਨੀ ਅਗਵਾਈ ਵਾਸਤੇ, ਦੂਸਰੀ ਸੰਸਾਰਕ ਅਗਵਾਈ ਵਾਸਤੇ। ਉਨ੍ਹਾਂ ਨੇ ਮਰਹੱਟਾ ਗੁਰੂ ਸਮਰੱਥ ਰਾਮਦਾਸ ਨੂੰ ਸਪੱਸ਼ਟ ਕਿਹਾ ਕਿ ਸ਼ਸਤਰ ਧਾਰਨ ਕਰਨ ਕਰ ਕੇ ਉਹ ਅੰਤਰ ਮੁਖੀ ਸਾਧੂ ਅਤੇ ਬਾਹਰ ਮੁਖੀ ਰਾਜੇ ਹਾਂ। ਸ਼ਸਤਰ ਗਰੀਬ ਦੀ ਰਾਖੀ ਅਤੇ ਅਤਿਆਚਾਰੀਆਂ ਦੇ ਜ਼ੁਲਮ ਨੂੰ ਨਾਸ਼ ਕਰਨ ਲਈ ਹਨ। ਹਥਿਆਰਬੰਦ ਹੋਣਾ ਗਰੀਬ ਦੀ ਰੱਖਿਆ ਹੀ ਹੈ। ਗੁਰੂ ਜੀ ਨੇ ਪੰਥ ਨੂੰ ਹਥਿਆਰਬੰਦ ਹੋ ਜਾਣ ਦਾ ਐਲਾਨ ਕੀਤਾ। ਉਨ੍ਹਾਂ ਸੰਗਤਾਂ ਨੂੰ ਹਦਾਇਤ ਕਰ ਦਿੱਤੀ ਕਿ ਭੇਟਾ ਵਿਚ ਚੰਗੇ ਸ਼ਸ਼ਤਰ, ਚੰਗੇ ਘੋੜੇ ਤੇ ਜਵਾਨ ਸ਼ਾਮਲ ਹੋਣ। ਜੁਆਨੀਆਂ ਕਾਇਮ ਰੱਖਣ ਲਈ ਵਰਜਿਸ਼ ਕੁਸ਼ਤੀਆਂ ਅਤੇ ਘੋੜ ਸਵਾਰੀ ਕਰੋ, ਗੱਤਕਾ ਅਤੇ ਸ਼ਿਕਾਰ ਵੀ ਖੇਡੋ। ਚੰਗੇ ਘੋੜਿਆਂ ਦਾ ਵਪਾਰ ਹੋਣ ਲੱਗਾ। ਸਿੱਖ ਚੰਗੇ ਘੋੜਿਆਂ ਦੇ ਪਾਰਖੂ ਬਣ ਗਏ। ਆਪ ਜੀ ਦੇ ਸਮਕਾਲੀ ਸ਼ਾਸਕ ਜਹਾਂਗੀਰ ਅਤੇ ਸ਼ਾਹਜਹਾਨ ਸਨ।

ਆਰਥਿਕ ਉਨਤੀ ਹੋਣ ਲੱਗੀ। ਜ਼ੁਲਮ ਦਾ ਨਾਸ਼ ਕਰਨ ਲਈ ਕੌਮ ਵਿਚ ਬੀਰਰਸ ਭਰ ਦਿੱਤਾ। ਫੌਜ ਦੀ ਬਕਾਇਦਾ ਸਿਖਲਾਈ ਹੋਣ ਲੱਗੀ। ਚੜ੍ਹਦੀ ਕਲਾ ਦਾ ਦੌਰ ਸ਼ੁਰੂ ਹੋਇਆ। ਸੰਤ ਸਿਪਾਹੀ ਅਤੇ ਸੂਰਬੀਰ ਧਰਮੀ ਯੋਧਿਆਂ ਦੀ ਕੌਮ ਬਣਨ ਲੱਗੀ। ਸੂਰਬੀਰਾਂ ਦੀ ਕੌਮ ਦੇ ਵਿਕਾਸ ਲਈ ਅਤੇ ਉਤਸ਼ਾਹ ਲਈ ਲੋਹਗੜ੍ਹ ਦਾ ਕਿਲ੍ਹਾ ਸਥਾਪਤ ਕੀਤਾ। ਅੰਮ੍ਰਿਤਸਰ ਸ਼ਹਿਰ ਨੂੰ ਜਿੱਥੇ ਵਪਾਰਕ ਕੇਂਦਰ ਬਣਾਇਆ, ਉਥੇ ਖੁਦਮੁਖਤਿਆਰ ਵੀ ਬਣਾਇਆ ਕਿ ਸਿੱਖ ਕਿਸੇ ਬਾਹਰਲੇ ਦਾ ਦਾਬਾ ਸਹਿਣ ਨਹੀਂ ਕਰਨਗੇ। ਕੌਮ ਨੂੰ ਰੂਹਾਨੀ ਅਤੇ ਸੰਸਾਰਕ ਤੌਰ 'ਤੇ ਪਰਪੱਕ ਬਣਾਇਆ। ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਕੀਤੀ। ਸ੍ਰੀ ਅਕਾਲ ਤਖਤ ਸਾਹਿਬ ਗੁਰੂ ਸਾਹਿਬ ਦੀ ਸੰਸਾਰਕ ਗੱਦੀ ਬਣੀ। ਸੰਗਤ ਹਮੇਸ਼ਾ ਦੀ ਤਰ੍ਹਾਂ ਦਰਬਾਰ ਸਾਹਿਬ ਜੁੜਦੀ। ਗੁਰਬਾਣੀ, ਕਥਾ ਕੀਰਤਨ ਹੁੰਦਾ, ਢਾਡੀ ਵਾਰਾਂ ਗਾਈਆਂ ਜਾਂਦੀਆਂ। ਦੁਪਹਿਰ ਤੋਂ ਬਾਅਦ ਸੰਗਤਾਂ ਦਾ ਰੁਖ ਸ੍ਰੀ ਅਕਾਲ ਤਖਤ ਸਾਹਿਬ ਵੱਲ ਹੁੰਦਾ। ਸਰੀਰਕ ਕਸਰਤਾਂ ਦੇ ਢੰਗ ਸਿਖਾਏ ਜਾਂਦੇ। ਸੂਰਮਿਆਂ ਦੀਆਂ ਵਾਰਾਂ ਸਿੱਖਾਂ ਦੇ ਮਨਾਂ ਵਿਚ ਬੀਰਤਾ ਭਰ ਦਿੰਦੀਆਂ। ਬੀਰ ਨਗਾਰੇ ਵੱਜਣ ਲੱਗੇ। ਨਿਸ਼ਾਨ ਸਾਹਿਬ ਝੂਲਣ ਲੱਗੇ। ਯੋਧੇ ਇਕੱਠੇ ਹੋਣ ਲੱਗੇ। ਹਥਿਆਰਬੰਦ ਦਸਤੇ ਰਾਤਾਂ ਨੂੰ ਮਸ਼ਾਲਾਂ ਬਾਲ ਕੇ




ਗਸ਼ਤ ਕਰਨ ਲੱਗੇ। ਸਿੱਖ ਮਸਲੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਨਜਿੱਠ ਹੋਣ ਲੱਗੇ।

ਗੁਰੂ ਜੀ ਨੇ 52 ਯੋਧਿਆਂ ਨੂੰ ਨਿੱਜੀ ਤੌਰ 'ਤੇ ਆਪਣੇ ਨਾਲ ਰੱਖ ਲਿਆ, ਜਿਸ ਨਾਲ ਖਾਲਸਾ ਫੌਜ ਦਾ ਮੁੱਢ ਬੱਝਾ। ਮਾਝੇ, ਮਾਲਵੇ ਅਤੇ ਦੁਆਬੇ ਵਿਚੋਂ 500 ਯੋਧੇ ਗੁਰੂ ਜੀ ਨਾਲ ਆ ਰਲੇ, ਜਿਨ੍ਹਾਂ ਨੇ ਮਰ ਮਿਟਣ ਦਾ ਪ੍ਰਣ ਲਿਆ। ਚੰਦੂ ਵਰਗੇ ਰਾਜ ਪ੍ਰਬੰਧਕਾਂ ਨੇ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਜੀ ਨੇ ਆਪਣਾ ਤਖਤ ਬਣਾ ਲਿਆ ਹੈ। ਉਹ ਰਾਜਸੀ ਸ਼ਕਤੀ ਦੀ ਨੀਂਹ ਰੱਖ ਰਹੇ ਹਨ। ਉਹ ਫੈਸਲੇ ਆਪ ਕਰਨ ਲੱਗ ਪਏ ਹਨ। ਲੋਕ ਉਨ੍ਹਾਂ ਨੂੰ ਸੱਚਾ ਪਾਤਸ਼ਾਹ ਕਹਿੰਦੇ ਹਨ। ਉਹ ਗੁਰੂ ਅਰਜਨ ਦੇਵ ਸਾਹਿਬ ਦੀ ਸ਼ਹੀਦੀ ਦਾ ਬਦਲਾ ਲੈਣਗੇ। ਇਹ ਸਭ ਕਾਰਵਾਈਆਂ ਮੁਗਲ ਹਕੂਮਤ ਲਈ ਖਤਰਾ ਹਨ। ਇਨ੍ਹਾਂ ਨੂੰ ਸਮੇਂ ਸਿਰ ਦਬਾ ਦਿੱਤਾ ਜਾਣਾ ਚਾਹੀਦਾ ਹੈ। ਸ਼ਹਿਨਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਦਿੱਲੀ ਬੁਲਾਉਣ ਦਾ ਹੁਕਮ ਭੇਜ ਦਿੱਤਾ। ਗੁਰੂ ਜੀ 300 ਯੋਧਿਆਂ ਸਮੇਤ ਦਿੱਲੀ ਚਲੇ ਗਏ।

ਸ਼ਹਿਨਸ਼ਾਹ ਨੇ ਗੱਲਬਾਤ ਵਿਚ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਚੱਲ ਰਹੀਆਂ ਕਾਰਵਾਈਆਂ ਵਿਚ ਹਕੂਮਤ ਨੂੰ ਕੋਈ ਖਤਰਾ ਤਾਂ ਨਹੀਂ। ਵਕਤੀ ਤੌਰ 'ਤੇ ਉਸ ਦੀ ਤਸੱਲੀ ਹੋ ਗਈ ਕਿ ਅਜਿਹੀ ਕੋਈ ਗੱਲ ਨਹੀਂ ਪਰ ਦੋਸਤਾਨਾ ਮਾਹੌਲ ਬਣਾ ਕੇ ਉਹ ਹੋਰ ਪਰਖ ਕਰਨੀ ਚਾਹੁੰਦਾ ਸੀ। ਬਾਦਸ਼ਾਹ ਗੁਰੂ ਜੀ ਨੂੰ ਇਕ ਦਿਨ ਸ਼ਿਕਾਰ ਉਤੇ ਆਪਣੇ ਨਾਲ ਲੈ ਗਿਆ। ਸ਼ਿਕਾਰ ਦੀ ਤਾਕ ਵਿਚ ਬੈਠੇ ਸ਼ੇਰ ਨੇ ਬਾਦਸ਼ਾਹ 'ਤੇ ਹਮਲਾ ਕਰ ਦਿੱਤਾ। ਬਾਦਸ਼ਾਹ ਬੇਵੱਸ ਹੋ ਕੇ ਰਹਿ ਗਿਆ। ਤਦ ਹੀ ਗੁਰੂ ਜੀ ਨੇ ਢਾਲ ਤਲਵਾਰ ਨਾਲ ਸ਼ੇਰ ਨੂੰ ਮਾਰ ਮੁਕਾਇਆ। ਬਾਦਸ਼ਾਹ ਗੁਰੂ ਜੀ ਦਾ ਸ਼ੁਕਰਗੁਜ਼ਾਰ ਹੋ ਗਿਆ ਪਰ ਉਸ ਨੇ ਭਾਂਪ ਲਿਆ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਮਾਯੂਸ ਨਹੀਂ ਕੀਤਾ। ਸਿੱਖ ਹੋਰ ਤਿਆਰੀ ਕਰਕੇ ਨਿਡਰ ਹੋ ਗਏ ਹਨ। ਇਹ ਸਚਮੁੱਚ ਹੀ ਮੁਗਲ ਹਕੂਮਤ ਲਈ ਖਤਰਾ ਹਨ। ਇਨ੍ਹਾਂ ਨੂੰ ਦਬਾ ਦੇਣਾ ਚਾਹੀਦਾ ਹੈ। ਉਸ ਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਲਿਆ।

ਗਵਾਲੀਅਰ ਦੇ ਕਿਲੇ ਵਿਚ ਪਹਿਲਾਂ ਵੀ 52 ਰਾਜੇ ਕੈਦ ਸਨ ਜੋ ਬਹੁਤ ਮਾੜਾ ਜੀਵਨ ਬਿਤਾਅ ਰਹੇ ਸਨ। ਉਹ ਗੁਰੂ ਜੀ ਦਾ ਉਪਦੇਸ਼ ਸੁਣ ਕੇ ਸ਼ਰਧਾਲੂ ਬਣ ਗਏ। ਗੁਰੂ ਜੀ ਨੇ ਉਨ੍ਹਾਂ ਲਈ ਚੰਗੀ ਖੁਰਾਕ ਅਤੇ ਪੁਸ਼ਾਕ ਦਾ ਪ੍ਰਬੰਧ ਕਰਵਾ ਦਿੱਤਾ। ਬਾਹਰ ਸਿੱਖਾਂ ਵਿਚ ਗੁਰੂ ਜੀ ਦੀ ਲੰਮੇਰੀ ਹੁੰਦੀ ਜਾਂਦੀ ਕੈਦ ਕਰਕੇ ਰੋਹ ਜਾਗ ਪਿਆ। ਸਿੱਖਾਂ ਦਾ ਵਧਦਾ ਵਿਰੋਧ ਦੇਖ ਕੇ ਜਹਾਂਗੀਰ ਨੇ ਵਕਤ ਸੰਭਾਲਦਿਆਂ ਗੁਰੂ ਜੀ ਨੂੰ ਰਿਹਾਅ ਕਰਨਾ ਚਾਹਿਆ। ਗੁਰੂ ਜੀ ਨੇ ਆਪਣੀ ਰਿਹਾਈ ਦੇ ਨਾਲ 52 ਰਾਜਿਆਂ ਨੂੰ ਵੀ ਰਿਹਾਅ ਕਰਵਾ ਲਿਆ। ਗੁਰੂ ਜੀ ਰਿਹਾਅ ਹੋ ਕੇ ਜਦ ਅੰਮ੍ਰਿਤਸਰ ਪੁੱਜੇ ਤਾਂ ਸੰਗਤਾਂ ਨੇ ਦੀਪਮਾਲਾ ਨਾਲ ਸਵਾਗਤ ਕੀਤਾ। ਗੁਰੂ ਜੀ ਦੀ ਉਪਮਾ ਬੰਦੀ ਛੋੜ ਕਹਿ ਕੇ ਕੀਤੀ ਗਈ। ਗੁਰੂ ਜੀ ਜਦੋਂ ਦਿੱਲੀ ਪਹੁੰਚੇ ਤਾਂ ਜਹਾਂਗੀਰ ਦਰਸ਼ਨਾਂ ਲਈ ਆਇਆ। ਬਾਦਸ਼ਾਹ ਗੁਰੂ ਜੀ ਦੇ ਦਰਸ਼ਨ ਲਈ ਅੰਮ੍ਰਿਤਸਰ ਵੀ ਆਇਆ।

ਇਸ ਤੋਂ ਬਾਅਦ ਗੁਰੂ ਜੀ ਨੇ ਮਾਝੇ ਅਤੇ ਦੁਆਬੇ ਦਾ ਪ੍ਰਚਾਰ ਦੌਰਾ ਕੀਤਾ। ਫਿਰ ਆਪ ਕਸ਼ਮੀਰ, ਸਿਆਲਕੋਟ, ਸ੍ਰੀਨਗਰ ਅਤੇ ਬਾਰਾਮੂੱਲਾ ਦੇ ਰਸਤੇ ਪੰਜਾ ਸਾਹਿਬ ਪੁੱਜੇ, ਰੁਹਤਾਸ-ਜੇਹਲਮ ਹੁੰਦੇ ਹੋਏ ਗੁਜਰਾਤ ਗਏ। ਉਥੇ ਫਕੀਰ ਦੌਲੇ ਸ਼ਾਹ ਨਾਲ ਭੇਂਟ ਹੋਈ। ਉਸ ਦੇ ਸ਼ੰਕੇ ਦੂਰ ਕੀਤੇ ਕਿ ਪੀਰ ਨਾ ਹਿੰਦੂ ਨਾ ਮੁਸਲਮਾਨ, ਪੀਰੀ ਫਕੀਰੀ ਰੱਬ ਦਾ ਦਾਨ, ਔਰਤ ਇਮਾਨ, ਦੌਲਤ ਗੁਜ਼ਰਾਨ, ਪੁੱਤਰ ਨਿਸ਼ਾਨ, ਆਰਫ਼ ਵਿਚਾਰ, ਮਜ਼ਹਬ ਸੁਧਾਰ, ਪੁਜਾਰੀ ਅਚਾਰ, ਮਾਰੂਥਲ ਮੇਂ ਜਲ ਕੁਦਰਤ ਕਰਤਾਰ ਹੈ।

ਗੁਰੂ ਜੀ ਜਹਾਂਗੀਰ ਦੇ ਰਾਜ ਵਿਚ ਅਮਨ ਨਾਲ ਰਹੇ ਪਰ 1626 ਈ. ਵਿਚ ਉਸ ਦੀ ਮੌਤ ਤੋਂ ਬਾਅਦ ਸ਼ਾਹ ਜਹਾਨ ਤਖਤ 'ਤੇ ਬੈਠਾ। ਉਸ ਨੇ ਗੁਰੂ ਜੀ ਨੂੰ ਫਿਰ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਇਸ ਲਈ ਗੁਰੂ ਜੀ ਨੂੰ ਚਾਰ ਲੜਾਈਆਂ ਸਹੇੜਨੀਆਂ ਪਈਆਂ, ਜਿਸ ਵਿਚ ਗੁਰੂ ਜੀ ਨੇ ਜਿੱਤਾਂ ਪ੍ਰਾਪਤ ਕੀਤੀਆਂ। ਫੌਜ ਦੇ ਕੱਲੇ ਕੱਲੇ ਜਰਨੈਲਾਂ ਨੂੰ ਯੁੱਧ ਵਿਚ ਮਾਰ ਮੁਕਾਇਆ।

ਪਹਿਲੀ ਲੜਾਈ ਮਈ 1628 ਈ. ਵਿਚ ਅੰਮ੍ਰਿਤਸਰ ਵਿਖੇ ਹੋਈ, ਮੁਗਲ ਫੌਜ ਦਾ ਸੈਨਾਪਤੀ ਮੁਖਲਿਸ ਖਾਂ ਸੀ।

ਦੂਸਰੀ ਲੜਾਈ ਸਤੰਬਰ 1629 ਈ. ਵਿਚ ਹਰਗੋਬਿੰਦਪੁਰ ਵਿਖੇ ਹੋਈ, ਫੌਜ ਦਾ ਸੈਨਾਪਤੀ ਅਬਦੁੱਲਾਹ ਖਾਂ ਸੀ।

ਤੀਸਰੀ ਲੜਾਈ ਨਵੰਬਰ 1631 ਵਿਚ ਮਰਾਝ ਵਿਖੇ ਹੋਈ, ਮੁਗਲ ਸੈਨਾਪਤੀ ਲੱਲਾ ਬੇਗ ਸੀ।

ਚੌਥੀ ਲੜਾਈ 1634 ਈ. ਵਿਚ ਕਰਤਾਰਪੁਰ ਵਿਖੇ ਹੋਈ, ਮੁਗਲ ਸੈਨਾਪਤੀ ਰਾਏ ਖਾਂ ਅਤੇ ਪੈਂਦੇ ਖਾਂ ਸਨ। ਉਪਰੰਤ ਗੁਰੂ ਜੀ ਨੇ ਸ਼ਾਂਤਮਈ ਜਗ੍ਹਾਂ ਦੀ ਤਲਾਸ਼ ਵਿਚ ਕੀਰਤਪੁਰ ਦੀ ਉਸਾਰੀ ਕੀਤੀ ਅਤੇ ਧਾਰਮਿਕ ਜੀਵਨ ਬਤੀਤ ਕੀਤਾ। ਗੁਰੂ ਜੀ ਨੇ ਸਿੱਖੀ ਪ੍ਰਚਾਰ ਦੀ ਪ੍ਰੰਪਰਾ ਨੂੰ ਕਾਇਮ ਰੱਖਿਆ। ਸਿੱਖੀ ਨੂੰ ਪੂਰੀ ਵਾਹ ਨਾਲ ਪ੍ਰਫੁੱਲਤ ਕੀਤਾ। ਆਪਣੇ ਛੋਟੇ ਪੋਤਰੇ ਹਰਿਰਾਏ ਜੀ ਨੂੰ ਗੁਰਗੱਦੀ ਸੌਂਪੀ। ਆਪ 3 ਮਾਰਚ, 1644 ਨੂੰ ਜੋਤੀ ਜੋਤ ਸਮਾ ਗਏ, ਜੋ ਸਿੱਖ ਜਗਤ ਵੱਲੋਂ ਐਤਕੀਂ 19 ਮਾਰਚ ਨੂੰ ਮਨਾਇਆ ਗਿਆ ਹੈ।

# ਸ਼੍ਰੋਮਣੀ ਕਮੇਟੀ, ਗੁਰੂ ਦੀਆਂ ਲਾਡਲੀਆਂ ਫੌਜਾਂ ਅਤੇ ਹੋਲਾ-ਮਹੱਲਾ

**ਸਰਵਜੀਤ ਸਿੰਘ ਸੈਕਰਾਮੈਂਟੋ**



ਭਾਰਤੀ ਸਮਾਜ ਵਿਚ ਮਨਾਏ ਜਾਂਦੇ ਬਹੁਤ ਸਾਰੇ ਦਿਨ-ਤਿਉਹਾਰਾਂ 'ਚ ਹੋਲੀ, ਚੰਦ ਦੇ ਕੈਲੰਡਰ ਮੁਤਾਬਕ ਸਾਲ ਦੇ ਆਖਰੀ ਦਿਨ, ਭਾਵ ਫੱਗਣ ਦੀ ਪੁੰਨਿਆ ਨੂੰ ਮਨਾਈ ਜਾਣ ਦਾ ਵਿਧਾਨ ਹੈ। ਹਿੰਦੂ ਮਿਥਿਹਾਸ ਨਾਲ ਸਬੰਧਿਤ ਕਈ ਕਥਾ ਕਹਾਣੀਆਂ, ਇਸ ਦਿਨ ਨਾਲ ਵੀ ਜੁੜੀਆਂ ਹੋਈਆਂ ਹਨ। ਇਹ ਵੀ ਮੰਨਿਆ ਜਾਂਦਾ ਹੈ ਕਿ ਵਰਣ ਵੰਡ ਮੁਤਾਬਕ ਕਦੇ ਇਹ ਦਿਨ ਸ਼ੂਦਰਾਂ ਲਈ ਰਾਖਵਾਂ ਹੁੰਦਾ ਸੀ। ਹੋਲੀ ਦਾ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ ਹੈ। ਹੋਰ ਇਨਕਲਾਬੀ ਫੈਸਲਿਆਂ ਦੀ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਿਉਹਾਰ 'ਚ ਵੀ ਇਨਕਲਾਬੀ ਤਬਦੀਲੀ ਲਿਆਂਦੀ ਅਤੇ ਹੋਲੀ ਦਾ ਬਦਲ, 'ਹੋਲਾ ਮਹੱਲਾ' ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਸੰਗਤਾਂ ਨੂੰ ਕਰਮਕਾਂਡਾਂ ਵਿਚੋਂ ਕੱਢ ਕੇ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਕੱਟਣ ਲਈ, ਜੰਗਾਂ ਯੁੱਧਾਂ ਵੱਲ ਉਤਸ਼ਾਹਿਤ ਕਰਨ ਲਈ ਇਸ ਤਿਉਹਾਰ ਦਾ ਨਾਮ ਵੀ ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ-ਮਹੱਲਾ ਰੱਖਿਆ।

ਹੋਲੀ ਚੰਦ ਦੇ ਕੈਲੰਡਰ ਮੁਤਾਬਕ ਮਨਾਈ ਜਾਂਦੀ ਹੈ। ਚੰਦ ਦੇ ਸਾਲ ਦੇ 12 ਮਹੀਨੇ (ਚੇਤ ਤੋਂ ਫੱਗਣ) ਹੁੰਦੇ ਹਨ। ਇਹ ਤਿਉਹਾਰ ਸਾਲ ਦੇ ਆਖਰੀ ਮਹੀਨੇ ਦੇ ਆਖਰੀ ਦਿਨ ਨੂੰ ਮਨਾਇਆ ਜਾਂਦਾ ਹੈ। ਗੁਰੂ ਸਾਹਿਬ ਨੇ ਇਸ ਤੋਂ ਅਗਲੇ ਦਿਨ ਭਾਵ ਨਵੇਂ ਸਾਲ ਦੇ ਪਹਿਲੇ ਦਿਨ ਹੋਲਾ ਮਹੱਲਾ ਅਰੰਭ ਕੀਤਾ ਸੀ। ਫੱਗਣ ਦੀ ਪੁੰਨਿਆ, ਇਹ ਦਿਨ ਚੰਦ ਦੇ ਸਾਲ ਦਾ ਆਖਰੀ ਦਿਨ ਹੁੰਦਾ ਹੈ। ਇਸ ਦਿਨ ਚੰਦ ਅਧਾਰਿਤ ਕੈਲੰਡਰ ਦਾ ਸਾਲ ਖਤਮ ਹੁੰਦਾ ਹੈ। ਗੁਰੂ ਜੀ ਨੇ ਇਸ ਤੋਂ ਅਗਲੇ ਦਿਨ ਭਾਵ ਨਵੇਂ ਸਾਲ ਦੇ ਅਰੰਭ ਵਾਲੇ ਦਿਨ, ਚੇਤ ਵਦੀ ਏਕਮ ਨੂੰ ਚੜ੍ਹਦੀ ਕਲਾ ਦਾ ਪ੍ਰਤੀਕ 'ਹੋਲਾ ਮਹੱਲਾ' ਮਨਾਉਣਾ ਅਰੰਭ ਕੀਤਾ ਸੀ। ਗੁਰੂ ਕਾਲ 'ਚ ਚੰਦਰ-ਸੂਰਜੀ ਬਿਕ੍ਰਮੀ (Lunisolar) ਅਤੇ ਸੂਰਜੀ ਬਿਕ੍ਰਮੀ (solar) ਪ੍ਰਚੱਲਤ ਸਨ। ਦੋਵਾਂ ਕੈਲੰਡਰਾਂ ਦੇ 12 ਮਹੀਨੇ, ਚੇਤ ਤੋਂ ਫੱਗਣ ਹੀ ਹਨ ਪਰ ਸਾਲ ਦੀ ਲੰਬਾਈ ਵਿੱਚ ਫਰਕ ਹੈ। ਇਸ ਕਾਰਨ ਅਕਸਰ ਹੀ ਸਮੱਸਿਆਵਾਂ ਦਾ ਸਾਹਮਣਾ ਕਰਨ ਪੈਂਦਾ ਹੈ।

ਅੱਜ ਦੀ ਸਮੱਸਿਆ ਇਹ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਸੰਮਤ 551 ਦੇ ਨਾਮ ਹੇਠ ਜਾਰੀ ਕੀਤੇ ਗਏ ਮਿਲਗੋਭਾ ਕੈਲੰਡਰ ਵਿਚ ਹੋਲਾ 8 ਚੇਤ (21 ਮਾਰਚ) ਦਾ ਦਰਜ ਹੈ। ਪਹਿਲੀ ਗੱਲ ਤਾਂ ਇਹ ਕਿ ਹੋਲਾ ਮਹੱਲਾ ਸੂਰਜ ਬਿਕ੍ਰਮੀ ਕੈਲੰਡਰ ਮੁਤਾਬਕ ਨਹੀਂ ਮਨਾਇਆ ਜਾਂਦਾ। ਇਹ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਕ ਮਨਾਇਆ ਜਾਂਦਾ ਹੈ। ਸ਼੍ਰੋਮਣੀ ਕਮੇਟੀ ਸੰਗਤਾਂ ਨੂੰ ਗੁਮਰਾਹ ਕਰਨ ਲਈ ਸੂਰਜੀ ਤਾਰੀਖ ਛਾਪਦੀ ਹੈ ਜਦੋਂ ਕਿ ਅਸਲ ਤਾਰੀਖ ਚੇਤ ਵਦੀ ਏਕਮ ਹੈ। ਜਿਵੇਂ ਕਿ ਉਪਰ ਦੱਸਿਆ ਗਿਆ ਹੈ ਕਿ ਹੋਲੀ ਸਾਲ ਦੇ ਆਖਰੀ ਦਿਨ ਅਤੇ ਹੋਲਾ ਨਵੇਂ ਸਾਲ ਦੇ ਪਹਿਲੇ ਦਿਨ ਹੁੰਦਾ ਹੈ। ਇਸ ਸਾਲ ਫੱਗਣ ਦੀ ਪੁੰਨਿਆ ਅਤੇ ਚੇਤ ਵਦੀ ਏਕਮ ਦੋਵੇਂ ਇਕੋ ਦਿਨ, ਭਾਵ 21 ਮਾਰਚ ਦਿਨ ਵੀਰਵਾਰ, ਨੂੰ ਹਨ। ਸ਼੍ਰੋਮਣੀ ਕਮੇਟੀ ਵੱਲੋਂ ਇਹ ਦਿਹਾੜਾ 21 ਮਾਰਚ ਨੂੰ ਹੀ ਮਨਾਇਆ ਜਾਣਾ ਹੈ। ਦੂਜੇ ਪਾਸੇ ਗੁਰੂ ਦੀਆਂ ਲਾਡਲੀਆਂ ਫੌਜਾਂ ਦਾ ਕਹਿਣਾ ਹੈ ਕਿ ਇਹ ਦਿਹਾੜਾ ਪੁੰਨਿਆ ਤੋਂ ਅਗਲੇ ਦਿਨ ਹੀ ਮਨਾਇਆ ਜਾਂਦਾ ਹੈ। ਇਸ ਲਈ 22 ਮਾਰਚ ਦਿਨ ਸ਼ੁੱਕਰਵਾਰ ਨੂੰ ਹੀ ਮਾਇਆ ਜਾਵੇਗਾ। ਇਸ ਸਮੱਸਿਆ 2009 ਈ: ਵਿੱਚ ਵੀ ਆਈ ਅਤੇ 2038 ਈ: ਵਿਚ ਮੁੜ ਆਵੇਗੀ।

ਆਉ ਇਸ ਦੇ ਕਾਰਨ ਨੂੰ ਜਾਣੀਏ-

ਚੰਦ ਧਰਤੀ ਦੇ ਦੁਆਲੇ ਚੱਕਰ ਕੱਟਦਾ ਹੈ। 360° ਦਾ ਇਹ ਚੱਕਰ 29.53 ਦਿਨਾਂ ਵਿਚ ਪੂਰਾ ਹੁੰਦਾ ਹੈ। ਇਸ ਦਰਮਿਆਨ ਚੰਦ ਦੇ ਆਪਣੇ 30 ਦਿਨ ਹੁੰਦੇ ਹਨ ਜਿਨਾਂ ਨੂੰ ਤਿੱਥ ਕਿਹਾ ਜਾਂਦਾ ਹੈ। ਇਕ ਤਿੱਥ 12° ਦੇ ਬਰਾਬਰ ਹੁੰਦੀ ਹੈ। ਚੰਦ ਦੀ ਧਰਤੀ ਤੋਂ ਦੂਰੀ ਵੱਧਦੀ-ਘੱਟਦੀ ਰਹਿੰਦੀ ਹੈ। ਇਸ ਲਈ 12° ਸਫਰ ਪੂਰਾ ਕਰਨ ਦਾ ਸਮਾਂ ਵੀ ਵੱਧਦਾ-ਘੱਟਦਾ ਰਹਿੰਦਾ ਹੈ। ਜੋ ਲੱਗਭੱਗ 20.5 ਘੰਟੇ ਤੋਂ 26.5 ਘੰਟੇ ਦਾ ਹੁੰਦਾ ਹੈ। ਚੰਦ ਦੇ ਦਿਨ ਦਾ ਆਰੰਭ ਸੂਰਜ ਚੜ੍ਹਨ ਵੇਲੇ ਤੋਂ ਮੰਨਿਆ ਜਾਂਦਾ ਹੈ। ਕਈ ਵਾਰ ਅਜੇਹਾ ਹੁੰਦਾ ਹੈ ਕਿ ਚੰਦ ਦੀ ਨਵੀਂ ਤਿੱਥ ਸੂਰਜ ਚੜ੍ਹਨ ਤੋਂ ਕੁਝ ਸਮਾਂ ਪਹਿਲਾ ਆਰੰਭ ਹੁੰਦੀ ਹੈ ਅਤੇ ਅਗਲੇ ਦਿਨ ਸੂਰਜ ਦੇ ਚੜ੍ਹਨ ਤੋਂ ਪਿਛੋਂ ਖਤਮ ਹੁੰਦੀ ਹੈ, ਤਾਂ ਦੋਵੇਂ ਦਿਨ ਹੀ ਇਕ ਤਿੱਥ ਹੀ ਮੰਨੀ ਜਾਵੇਗੀ। ਇਸ ਸਾਲ 1 ਅਤੇ 2 ਅਪ੍ਰੈਲ ਨੂੰ, ਦੋਵੇਂ ਦਿਨ ਹੀ ਚੰਦ ਦੀ ਤਾਰੀਖ ਚੇਤ ਵਦੀ 12 ਹੈ। ਇਸ ਤੋਂ ਉਲਟ ਜਦੋਂ ਨਵੀਂ ਤਿੱਥ ਦਾ ਆਰੰਭ ਸੂਰਜ ਚੜ੍ਹਨ ਤੋਂ ਕੁਝ ਸਮਾਂ ਪਿਛੋਂ ਹੁੰਦਾ ਹੈ ਅਤੇ ਚੰਦ 12° ਦਾ ਸਫਰ ਅਗਲੇ ਦਿਨ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਪੂਰਾ ਕਰ ਲੈਂਦਾ ਹੈ ਤਾਂ ਦੋਵੇਂ ਤਿੱਥਾਂ ਇਕੋ ਦਿਨ ਹੀ ਗਿਣੀਆਂ ਜਾਂਦੀਆਂ ਹਨ। ਜਿਵੇਂ ਅਪ੍ਰੈਲ 15 ਨੂੰ ਚੰਦ ਦੀ ਚੇਤ ਸੁਦੀ 10 ਅਤੇ

ਬਾਕੀ ਸਫ਼ਾ 29 'ਤੇ

# ਸੰਗਤ ਨੂੰ ਅਪੀਲ



**ਵਾਹਿਗੁਰੂ ਜੀ ਕਾ ਖਾਲਸਾ ।।**
**ਵਾਹਿਗੁਰੂ ਜੀ ਕੀ ਫਤਿਹ ।।**

ਗੁਰਦੁਆਰਾ ਸੁਧਾਰ ਕਮੇਟੀ ਦੀ ਤਰਫ਼ੋਂ, ਅਸੀਂ ਤੁਹਾਨੂੰ ਹੋਲਾ-ਮਹੱਲਾ ਦੇ ਸ਼ੁਭ ਮੌਕੇ ਉਤੇ ਵਧਾਈ ਦਿੰਦੇ ਹਾਂ। ਅਰਦਾਸ ਕਰਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਤੁਹਾਡੇ ਪਰਿਵਾਰਾਂ ਅਤੇ ਸਮੁੱਚੇ ਖਾਲਸਾ ਪੰਥ ਦੇ ਸਿਰ ਉਤੇ ਹੱਥ ਰੱਖਣ।

ਗੁਰਦੁਆਰਾ ਸੁਧਾਰ ਕਮੇਟੀ ਨੇ ਸਾਧ ਸੰਗਤ ਦੇ ਹੱਕਾਂ ਲਈ ਲੜਾਈ ਲੜੀ ਅਤੇ ਗੁਰਦੁਆਰਾ ਸਾਹਿਬ ਸੈਨਹੋਜ਼ੇ ਉਤੇ ਕਬਜ਼ਾ ਕਰਨ ਵਾਲੀ ਕਮੇਟੀ ਦੇ ਵਿਰੁੱਧ ਇੱਕ ਲੰਮੀ ਅਤੇ ਮਹਿੰਗੀ ਕਾਨੂੰਨੀ ਲੜਾਈ (2011-2015) ਤੋਂ ਬਾਅਦ ਜਨਰਲ ਬਾਡੀ ਦੇ ਮੈਂਬਰਾਂ ਦੇ ਵੋਟਿੰਗ ਅਧਿਕਾਰਾਂ ਨੂੰ ਮੁੜ ਬਹਾਲ ਕਰਵਾਇਆ। ਹੁਣ ਵਿਰੋਧੀ ਧਿਰ ਵਾਲੇ ਆਪਣੇ ਪਰਿਵਾਰ ਦੇ ਮੈਂਬਰਾਂ ਜਾਂ ਦੋਸਤਾਂ ਨੂੰ ਪਰਦੇ ਪਿੱਛੇ ਮੈਂਬਰ ਵੱਜੋਂ ਰਜਿਸਟਰਡ ਕਰਨ ਦਾ ਕੰਮ ਰਹੇ ਹਨ ਅਤੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਰਜਿਸਟਰਡ ਨਾ ਕਰਨ ਦਾ ਕੋਈ ਨਾ ਕੋਈ ਬਹਾਨਾ ਲੱਭਦੇ ਰਹਿੰਦੇ ਹਨ। ਇਹ ਪਿਛਲੇ ਕਈ ਸਾਲ ਤੋਂ ਹੋ ਰਿਹਾ ਹੈ। ਵੋਟਰਾਂ ਨਾਲ ਇਹ ਫਰਾਡ ਬੰਦ ਕੀਤਾ ਜਾਵੇ।

ਅਸੀਂ ਗੁਰਦੁਆਰਾ ਸਾਹਿਬ ਦੀ ਮੈਂਬਰਸ਼ਿਪ ਸੂਚੀ ਨੂੰ ਸਾਡੇ ਨਾਲ ਸਾਂਝਾ ਕਰਨ ਲਈ ਕਈ ਵਾਰੀ ਇਸ ਕਮੇਟੀ ਨੂੰ ਲਿਖਿਆ ਹੈ। ਗੁਰਦੁਆਰਾ ਸਾਹਿਬ ਦੇ ਬਾਈਲਾਅਜ਼ ਅਤੇ ਕੋਰਟ ਦੇ ਹੁਕਮ ਅਨੁਸਾਰ ਗੁਰਦੁਆਰਾ ਸਾਹਿਬ ਦੇ ਸਾਂਝੇ ਕਾਰਜ ਲਈ ਮੈਂਬਰਸ਼ਿਪ ਸੂਚੀ ਕਿਸੇ ਵੀ ਮੈਂਬਰ ਨਾਲ ਸਾਂਝੀ ਕੀਤੀ ਜਾ ਸਕਦੀ ਹੈ। ਅਸੀਂ ਇਸ ਲਿਸਟ ਲਈ ਇਕ ਸਾਲ ਤੋਂ ਵੀ ਜ਼ਿਆਦਾ ਸਮੇਂ ਤੋਂ ਬੇਨਤੀ ਕਰ ਰਹੇ ਹਾਂ ਪਰ ਗੁਰਦੁਆਰਾ ਕਮੇਟੀ ਨੇ ਸਾਡੇ ਨਾਲ ਇਹ ਗੱਲ ਸਾਂਝੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

2017 ਦੀ ਅਖੌਤੀ ਚੋਣ ਵਿੱਚ ਅਸੀਂ ਚੋਣ ਪ੍ਰਕਿਰਿਆ ਲਈ ਸਹਿਮਤ ਹੋ ਗਏ ਸਾਂ ਕਿਉਂਕਿ ਇਸ ਕਮੇਟੀ ਨੇ ਸਾਨੂੰ ਵਿਸ਼ਵਾਸ ਦਿਵਾਇਆ ਸੀ ਕਿ ਵਿਰੋਧੀ ਧਿਰ ਗੁਰਦੁਆਰੇ ਦੇ ਸਾਂਝੇ ਮਾਮਲਿਆਂ ਵਿਚ ਆਪਣੀ ਰਾਏ ਰੱਖ ਸਕੇਗੀ ਅਤੇ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਦੀ ਸਟੇਜ ਉਤੇ ਸਮਾਂ ਦਿੱਤਾ ਜਾਵੇਗਾ ਤਾਂ ਕਿ ਉਹ ਆਪਣੇ ਵਿਚਾਰ ਰੱਖ ਸਕਣ। ਅਸੀਂ ਇਸ ਵਾਸਤੇ ਸੰਗਤ ਦੇ ਪੈਸਿਆਂ ਨੂੰ ਬਚਾਉਣ ਅਤੇ ਬੇਲੋੜੇ ਤਣਾਅ ਤੋਂ ਬਚਣ ਲਈ ਸਹਿਮਤ ਹੋਏ ਪਰ ਗੁਰਦੁਆਰਾ ਕਮੇਟੀ ਆਪਣੇ ਲਿਖਤੀ ਵਾਅਦੇ ਪੂਰੇ ਕਰਨ ਵਿਚ ਅਸਫਲ ਰਹੀ ਹੈ

**1**

**ਅਤੀਤ ਵਿਚ ਇਸ ਕਮੇਟੀ ਨੇ ਵੋਟਰ ਰਜਿਸਟ੍ਰੇਸ਼ਨ ਵਿਚ ਵੱਡੀਆਂ ਬੇਨਿਯਮੀਆਂ ਕੀਤੀਆਂ ਹਨ ਅਤੇ ਜਨਰਲ ਬਾਡੀ ਨੂੰ ਧੋਖਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਖਾਸ ਤੌਰ 'ਤੇ ਉਹ ਵਿਰੋਧੀ ਧਿਰ ਨਾਲ ਸਬੰਧਿਤ ਮੈਂਬਰ ਵੀ ਜ਼ਿੰਮੇਵਾਰ ਹਨ, ਜਿਨ੍ਹਾਂ ਨੇ 17 ਅਪ੍ਰੈਲ 2011 ਨੂੰ ਜਨਰਲ ਬਾਡੀ ਨੂੰ ਠੀਕ ਢੰਗ ਨਾਲ ਸੂਚਿਤ ਕੀਤੇ ਬਗੈਰ ਹੀ ਖੁਦ ਨੂੰ ਮੈਂਬਰ ਚੁਣਿਆ ਹੈ। ਇਨ੍ਹਾਂ ਨੇ ਛੇ ਵੱਖ-ਵੱਖ ਅਦਾਲਤਾਂ ਵਿਚ ਅਦਾਲਤੀ ਮੁਕੱਦਮੇ ਹਾਰੇ ਹਨ। ਉਹ ਅਜੇ ਵੀ ਸਿਰਫ ਆਪਣੇ ਹੀ ਸਮਰਥਕਾਂ ਅਤੇ ਪਰਿਵਾਰ ਦੇ ਮੈਂਬਰਾਂ ਨੂੰ ਜਨਰਲ ਬਾਡੀ ਦੇ ਮੈਂਬਰਾਂ ਵਜੋਂ ਭਰਤੀ ਕਰ ਰਹੇ ਹਨ।**

**2**

**ਅਸੀਂ ਗੁਰਦੁਆਰਾ ਸਾਹਿਬ ਦੀ ਵਰਤਮਾਨ ਵੋਟਰ ਸੂਚੀ, ਵੋਟਰ ਨੰਬਰ, ਪਤੇ, ਫੋਨ ਨੰਬਰ, ਈਮੇਲ ਪਤਾ (ਜੇਕਰ ਗੁਰਦੁਆਰਾ ਸਾਹਿਬ ਨੂੰ ਦਿੱਤਾ ਗਿਆ ਹੋਵੇ), ਰਜਿਸਟ੍ਰੇਸ਼ਨ ਤਾਰੀਖ ਅਤੇ ਮੈਂਬਰਸ਼ਿਪ ਦੀ ਮਿਆਦ ਪੁੱਗਣ ਦੀ ਤਾਰੀਖ ਸਮੇਤ ਚਾਹੁੰਦੇ ਹਾਂ, ਤਾਂ ਕਿ ਉਨ੍ਹਾਂ ਨਾਲ ਸੰਪਰਕ ਕਰ ਕੇ ਆਪਣਾ ਪੱਖ ਦੱਸ ਸਕੀਏ।**

**3**

**ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਸਾਰੇ ਮੈਂਬਰਾਂ ਨੂੰ ਬਰਾਬਰ ਸਮਝਿਆ ਜਾਵੇ ਅਤੇ ਕਿਸੇ ਨੂੰ ਵੀ ਆਪਣੀ ਮੈਂਬਰਸ਼ਿਪ ਰਜਿਸਟਰੇਸ਼ਨ ਦੀ ਮਿਆਦ ਪੁੱਗਣ ਬਾਰੇ ਜਾਣਨ ਦਾ ਹੱਕ ਹੋਵੇ। ਇਹ ਕੇਵਲ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਗੁਰਦੁਆਰਾ ਮੈਂਬਰਸ਼ਿਪ ਸੂਚੀ ਪ੍ਰਾਪਤ ਕਰ ਕੇ ਮੈਂਬਰਾਂ ਨਾਲ ਸੰਪਰਕ ਕਰਦੇ ਹਾਂ।**

***ਸਾਨੂੰ ਤੁਹਾਡੀ ਮਦਦ ਦੀ ਲੋੜ ਹੈ। ਕ੍ਰਿਪਾ ਕਰਕੇ ਗੁਰਦੁਆਰਾ ਸੁਧਾਰ ਕਮੇਟੀ ਦਾ ਸਮਰਥਨ ਕਰੋ!***

## ਗੁਰਦੁਆਰਾ ਸੁਧਾਰ ਕਮੇਟੀ

| ਹਰਪਾਲ ਸਿੰਘ ਚਾਹਲ | ਸਰਬਜੋਤ ਸਿੰਘ ਸਵੱਦੀ | ਨੀਟੂ ਸਿੰਘ ਕਾਹਲੋਂ | ਹਰਕੇਵਲ ਸਿੰਘ ਸੰਧੂ |
|---|---|---|---|
| (408) 981-2842 | (408) 449-1630 | (408) 398-1474 | (408) 250-6236 |

ਅਕਾਲ ਸਹਾਇ

ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ

ਖ਼ਾਲਸਈ ਜਾਹੋ ਜਲਾਲ ਦੇ
ਪ੍ਰਤੀਕ ਹੋਲੇ ਮਹੱਲੇ ਦੇ ਪਾਵਨ ਦਿਹਾੜੇ ਨੂੰ ਸਮਰਪਿਤ

# ਅੱਠਵਾਂ ਨਗਰ ਕੀਰਤਨ

## ਸਾਲਾਨਾ ਸਮਾਗਮ 25 ਮਾਰਚ ਤੋਂ 7 ਅਪ੍ਰੈਲ

## ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਦਮਦਮੀ ਟਕਸਾਲ ਟਰੇਸੀ



ਦਸਮੇਸ਼ ਪਿਤਾ ਜੀ ਦੁਆਰਾ ਚਲਾਈ ਹੋਈ ਰਵਾਇਤ ਹੋਲੇ ਮਹੱਲੇ ਦੇ ਦਿਹਾੜੇ ਨੂੰ ਸਮਰਪਿਤ ਸਾਲਾਨਾ ਸਮਾਗਮ 25 ਮਾਰਚ ਤੋਂ 7 ਅਪ੍ਰੈਲ ਤੱਕ ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਟਰੇਸੀ ਵਿਖੇ ਬੜੇ ਹੀ ਸ਼ਰਧਾ ਭਾਵਨਾ ਨਾਲ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਪੰਥ ਦੇ ਮਹਾਨ ਕੀਰਤਨੀ ਜੱਥੇ ਅਤੇ ਵਿਦਵਾਨ ਗੁਰੂ ਜਸ ਸਰਵਣ ਕਰਾਉਣਗੇ। ਸਰਬਤ ਸੰਗਤਾਂ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਹਾਜ਼ਰੀਆਂ ਭਰ ਕੇ ਗੁਰੂ ਸਾਹਿਬਾਂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



### ਅੰਮ੍ਰਿਤ ਸੰਚਾਰ

6 ਅਪ੍ਰੈਲ ਸ਼ਨੀਵਾਰ ਨੂੰ ਦਿਨੇ 11.00 ਵਜੇ ਪੰਜ ਪਿਆਰੇ ਸਾਹਿਬਾਨ ਅੰਮ੍ਰਿਤ ਦਾ ਬਾਟਾ ਤਿਆਰ ਕਰਨਗੇ।

### ਪ੍ਰੋਗਰਾਮ:

- 25 ਮਾਰਚ ਸੋਮਵਾਰ ਤੋਂ 6 ਅਪ੍ਰੈਲ ਸ਼ਨੀਵਾਰ ਤੱਕ ਰੋਜ਼ਾਨਾ ਸ਼ਾਮ 6 ਤੋਂ 8:30 ਤੱਕ ਦੀਵਾਨ ਸਜਣਗੇ।
- 7 ਅਪ੍ਰੈਲ ਐਤਵਾਰ 9:30 ਤੋਂ 12:30 ਵਜੇ ਤੱਕ ਦੀਵਾਨ ਸਜਣਗੇ।
- ਨਗਰ ਕੀਰਤਨ ਦੀ ਆਰੰਭਤਾ ਐਤਵਾਰ 7 ਅਪ੍ਰੈਲ 2019 ਨੂੰ 1:00 ਵਜੇ ਹੋਵੇਗੀ।
- ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸ਼ੁੱਕਰਵਾਰ 5 ਅਪ੍ਰੈਲ
  ਭੋਗ ਸ੍ਰੀ ਅਖੰਡ ਪਾਠ ਸਾਹਿਬ ਐਤਵਾਰ 7 ਅਪ੍ਰੈਲ

ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਭਾਈ ਬਲਬੀਰ ਸਿੰਘ ਸੋਖੋ ਸਮੂਹ ਪਰਿਵਾਰ ਵੱਲੋਂ ਹੋਵੇਗੀ।



ਜਾਰੀ ਕਰਤਾ
**EAGLE INSURANCE AGENCY**
License #0M47466
**Ninderjit K Sandhu**
**Cell: 209-740-1391**

ਵਲੋਂ : ਬਾਬਾ ਧਰਮ ਸਿੰਘ ਜੀ
ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਦਮਦਮੀ ਟਕਸਾਲ
16101 West Grant Line Rd Tracy CA 95304

ਹੋਰ ਜਾਣਕਾਰੀ ਲਈ ਸੰਪਰਕ ਕਰੋ
209-346-4270

## ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

**1930 South Sikh Temple Street, Stockton CA 95206 (A Historical Land Mark of CA)**



## 21ਵਾਂ ਮਹਾਨ ਨਗਰ ਕੀਰਤਨ

### 14 ਅਪ੍ਰੈਲ 2019, ਦਿਨ ਐਤਵਾਰ

### ਖ਼ਾਲਸਾ ਪੰਥ ਦੇ 321ਵੇਂ ਸਾਜਨਾ ਦਿਵਸ ਮੌਕੇ

## ਮਹਾਨ ਨਗਰ ਕੀਰਤਨ ਦੀਆਂ

# ਲੱਖ ਲੱਖ ਵਧਾਈਆਂ

ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ 21ਵਾਂ ਮਹਾਨ ਨਗਰ ਕੀਰਤਨ 14 ਅਪ੍ਰੈਲ 2019 , ਦਿਨ ਐਤਵਾਰ ਨੂੰ ਸਜਾਇਆ ਜਾ ਰਿਹਾ ਹੈ ਜੀ। ਇਸ ਵਾਰ ਅੰਮ੍ਰਿਤ ਸੰਚਾਰ ਦਿਨ ਸ਼ਨਿਚਰਵਾਰ ਸਵੇਰੇ 13 **ਅਪ੍ਰੈਲ** 2019, ਗੁਰਦੁਆਰਾ ਸਾਹਿਬ ਵਿਖੇ ਹੋਵੇਗਾ। ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਅਰੰਭ ਹੈ ਅਤੇ ਦੀਵਾਨ 18 **ਮਾਰਚ** 2019 ਨੂੰ ਸ਼ਾਮ ਛੇ ਵਜੇ ਤੋਂ ਆਰੰਭ ਹੋ ਕੇ 14 **ਅਪ੍ਰੈਲ** 2019 ਤੱਕ ਲਗਾਤਾਰ ਚੱਲਣਗੇ, ਜਿਸ ਵਿਚ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਸ਼ੇਰ ਸਿੰਘ ਜੀ ਅੰਬਾਲੇ ਵਾਲੇ, ਭਾਈ ਇੰਦਰਜੀਤ ਸਿੰਘ ਬੰਬੇਵਾਲੇ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਲਖਵਿੰਦਰ ਸਿੰਘ ਸੋਹਲ ਜੀ ਦਾ ਢਾਡੀ ਜਥਾ ਲਗਾਤਾਰ ਸੰਗਤਾਂ ਨੂੰ ਨਿਹਾਲ ਕਰਨਗੇ। ਭਾਈ ਜਗਮੋਹਣ ਸਿੰਘ ਜੀ ਅਤੇ ਭਾਈ ਗੁਰਸੇਵਕ ਸਿੰਘ ਜੀ ਦੇ ਹਜ਼ੂਰੀ ਜਥੇ ਵੀ ਸੰਗਤਾਂ ਨੂੰ ਨਿਹਾਲ ਕਰਨਗੇ।


ਭਾਈ ਲਖਵਿੰਦਰ ਸਿੰਘ ਸੋਹਲ ਜੀ ਦਾ ਢਾਡੀ ਜਥਾ


ਭਾਈ ਇੰਦਰਜੀਤ ਸਿੰਘ ਜੀ


ਗੁਰੂਘਰ ਸਟਾਕਟਨ ਦਾ ਹਜ਼ੂਰੀ ਰਾਗੀ ਜਥਾ


ਕਥਾਵਾਚਕ ਗਿਆਨੀ ਸ਼ੇਰ ਸਿੰਘ ਜੀ

### ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਲਈ ਸੰਪਰਕ ਕਰੋ

ਹੈਡ ਗ੍ਰੰਥੀ ਭਾਈ ਗੁਰਸੇਵਕ ਸਿੰਘ 209-625-7500
ਸਕੱਤਰ ਭਾਈ ਦਵਿੰਦਰ ਸਿੰਘ 209-564-8899

### ਨਗਰ ਕੀਰਤਨ 'ਚ ਫਲੋਟ ਲਗਾਉਣ ਲਈ ਸੰਪਰਕ ਕਰੋ

ਭਾਈ ਗੁਰਪ੍ਰੀਤ ਸਿੰਘ ਗਿੱਲ 209-513-8101
ਜਾਂ ਭਾਈ ਬਲਵਿੰਦਰ ਸਿੰਘ ਮਿੰਟੂ 209-456-3210
ਜਾਂ ਭਾਈ ਜਸਵਿੰਦਰ ਸਿੰਘ ਤੂਰ 209-470-6881

### ਨਗਰ ਕੀਰਤਨ 'ਚ ਸਟਾਲ ਲਗਾਉਣ ਲਈ ਸੰਪਰਕ ਕਰੋ

ਬੀਬੀ ਸਰਬਜੀਤ ਕੌਰ : 209-430-9415
ਭਾਈ ਰਾਮ ਸਿੰਘ ਮੰਡੇਰ : 209-689-7454

### ਪਾਰਕਿੰਗ ਦੀ ਸਹੂਲਤ

ਪਾਰਕਿੰਗ ਦੀ ਸਹੂਲਤ 1658 S. Airport Way Stockton ਵਿਖੇ ਹੋਵੇਗੀ। ਉਥੋਂ ਗੁਰਦੁਆਰਾ ਸਾਹਿਬ ਆਉਣ ਜਾਣ ਲਈ ਫਰੀ ਬੱਸ ਸਰਵਿਸ ਹੋਵੇਗੀ। ਜਿਹੜੀਆਂ ਸੜਕਾਂ 'ਤੇ ਨੋ ਪਾਰਕਿੰਗ ਸਾਈਨ ਹੋਣ ਉਥੇ ਕਾਰਾਂ ਪਾਰਕ ਨਾ ਕੀਤੀਆਂ ਜਾਣ, ਨਹੀਂ ਤਾਂ ਸਿਟੀ ਵਲੋਂ ਟੋਅ ਕਰ ਦਿੱਤੀਆਂ ਜਾਣਗੀਆਂ।

*ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹੁੰਮ-ਹੁਮਾ ਕੇ ਇਸ ਮਹਾਨ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।*

**ਹੋਰ ਜਾਣਕਾਰੀ ਲਈ ਸੰਪਰਕ ਕਰੋ : ਭਾਈ ਜਸਵਿੰਦਰ ਸਿੰਘ ਗੋਰਾਇਆ 209-993-1788**
**ਸਕੱਤਰ ਭਾਈ ਦਵਿੰਦਰ ਸਿੰਘ 209-564-8899, ਖਜ਼ਾਨਚੀ ਭਾਈ ਅਮਰੀਕ ਸਿੰਘ ਵਿਰਦੀ 209-470-6321**

## ਜਾਰੀ ਕਰਤਾ : ਗੁਰਦੁਆਰਾ ਸਾਹਿਬ ਸਟਾਕਟਨ ਅਤੇ ਸਾਧ ਸੰਗਤ

CELEBRATING

# 25 YEARS

25 YEARS ANNIVERSARY

OF COMMUNITY SERVICE

## PUNJABI CULTURAL SOCIETY OF CHICAGO

PROUDLY PRESENTS

# RANGLA PUNJAB 2019

***A VAISAKHI CULTURAL CELEBRATION***

**SATURDAY, APRIL 6, 2019, 6:30 P.M. SHARP**
**COLLEGE OF DUPAGE M.A.C. AUDITORIUM**
**425 FAWELL BLVD., GLEN ELLYN, IL, 60137**

***ENJOY A COLORFUL FAMILY STYLE EVENING FULL OF EXCITEMENT FEATURING BHANGRA, GIDHA, CHILDREN'S ITEMS, BOHAN, DANCES, PUNJABI SKITS & MUCH MORE***




**ADMISSION DONATIONS:**

**$25 GENERAL SEATING, $50 (RESERVED SEATS),**
**$100 VIP (FRONT SECTION SEATS + DELICIOUS DINNER)**

**YOUR RANGLA PUNJAB 2019**
**TICKET WILL HAVE A CHANCE TO WIN A GOLD COIN**
**(ABOUT $1,400 VALUE)**

**CHILDREN UNDER 10 YEARS FREE**

**FREE PARKING**
**SPONSORS ENCOURAGED**

FOR MORE INFORMATION, PLEASE CONTACT: (847) 359-5PCS
P.O. BOX 1244, PALATINE, IL, 60078

INFO@PCSCHICAGO,ORG
WWW.PCSCHICAGO.ORG

*PCS IS A NON PROFIT ORGANIZATION PROMOTING PUNJABI CULTURE, SPORTS, LANGUAGE & PERFORMING ARTS*

# ਗੁਰਦੁਆਰਾ ਸਾਹਿਬ ਐਲਸਬਰਾਂਟੇ

3550 Hillcrest Road El-Sobrante, California 94803





ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਫਤਹਿ

## ਹੋਲਾ ਮਹੱਲਾ
## ਗੁਰਦੁਆਰਾ ਐਲਸਬਰਾਂਟੇ

ਬੇ-ਏਰੀਆ (ਕੈਲੀਫੋਰਨੀਆਂ) ਦੀਆਂ ਸਮੁੱਚੀਆਂ ਸਿੱਖ ਸੰਗਤਾਂ ਅਤੇ ਗੁਰਦੁਆਰੇ ਦੀ ਮੌਜੂਦਾ ਪ੍ਰਬੰਧਕ ਕਮੇਟੀ ਵੱਲੋਂ ਹੋਲਾ-ਮਹੱਲਾ ਬੜੀ ਸ਼ਰਧਾ-ਭਾਵਨਾ ਨਾਲ ਮਿਤੀ 24 ਮਾਰਚ 2019 (ਦਿਨ ਐਤਵਾਰ) ਨੂੰ ਮਨਾਇਆ ਜਾ ਰਿਹਾ ਹੈ। ਸਮੁੱਚੀਆਂ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪਣੇ ਪਰਿਵਾਰ ਸਮੇਤ ਗੁਰਦੁਆਰਾ ਸਾਹਿਬ ਐਲਸਬਰਾਂਟੇ ਵਿਖੇ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਸਮਾਗਮ ਦੀ ਰੂਪ ਰੇਖਾ ਹੇਠ ਲਿਖੇ ਅਨੁਸਾਰ ਹੈ**

**ਸ੍ਰੀ ਆਖੰਠ ਪਾਠ ਦੀ ਆਰੰਭਤਾ ਮਿਤੀ 03/22/2019 ਠੀਕ 10 ਵਜੇ ਕੀਤੀ ਜਾਵੇਗੀ ।**
**ਭੋਗ ਸ੍ਰੀ ਅਖੰਡ ਪਾਠ ਸਾਹਿਬ ਮਿਤੀ 03/24/2019 ਦਿਨ ਐਤਵਾਰ ਨੂੰ ਪਾਏ ਜਾਣਗੇ ।**

ਉਪਰੰਤ ਗੁਰੂਘਰ ਦੇ ਹਾਜ਼ੂਰੀ ਰਾਗੀ ਜੱਥੇ ਇਲਾਹੀ ਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।ਪੰਥ ਦਾ ਮਹਾਨ ਢਾਡੀ ਜਥਾ (ਲਖਵਿੰਦਰ ਸਿੰਘ ਸੋਹਲ) ਪਹੁੰਚ ਰਿਹਾ ਹੈ ਜੋ ਸਿੱਖ ਸੰਗਤਾਂ ਨੂੰ ਸਿੱਖ ਇਤਿਹਾਸ ਸੁਣਾ ਕਿ ਨਿਹਾਲ ਕਰੇਗਾ। ਠੀਕ 2 ਵਜੇ ਕੈਲੀਫੋਰਨੀਆ ਗਤਕਾ ਦਲ ਵੱਲੋਂ ਗੁਰਦੁਆਰਾ ਐਲਸਬਰਾਂਟੇ ਵਿਖੇ ਗਤਕੇ ਦੇ ਜੌਹਰ ਵਿਖਾਏ ਜਾਣਗੇ।

**ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਹੇਠ ਲਿਖੇ ਨਾਮਾਂ ਅਤੇ ਫ਼ੋਨ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ ।**

| | | | | |
|---|---|---|---|---|
| ਚਰਨਜੀਤ ਸਿੰਘ ਸਮਰਾ (415)-269- 6987) | ਭਾਈ ਦੀਦਾਰ ਸਿੰਘ (ਗਤਕਾ ਦੱਲ) (510)-417-6559) | ਬਲਵੰਤ ਸਿੰਘ ਮੱਲ੍ਹਾ (ਸੀਨੀਅਰ ਪੱਤਰਕਾਰ) (707)-310-5676) | ਹਰਜਿੰਦਰਪਾਲ ਸਿੰਘ ਸਿੱਧੂ (510)-316-6982) | ਕੁਲਵੰਤ ਸਿੰਘ (510)-417-5657) |
| ਦਰਸ਼ਨ ਸਿੰਘ ਮਾਨ (925)-348-6171). | ਰਾਵਿੰਦਰ ਸਿੰਘ ਰੰਧਾਵਾ (510)-684-2805) | ਇੰਦਰਜੀਤ ਸਿੰਘ ਮੱਲ੍ਹੀ (510)-774-4118 | ਹਰਜਾਪ ਸਿੰਘ (510)-551-4146 | ਹਰਪ੍ਰੀਤ ਸਿੰਘ ਸੰਧੂ (510)-504-3374 |

ਧੰਨਵਾਦ ਸਹਿਤ ਜਾਰੀ ਕਰਤਾ

## ਸਮੁੱਚੀਆਂ ਸਿੱਖ ਸੰਗਤਾਂ ਤੇ ਮੌਜੂਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਐਲਸਬਰਾਂਟੇ ਕੈਲੀਫੋਰਨੀਆ (ਬੇ-ਏਰੀਆ)

ੴ ਸਤਿਗੁਰ ਪ੍ਰਸਾਦਿ ॥

ਖਾਲਸਾ ਪੰਥ ਦੇ ਸਾਜਨਾ ਦਿਵਸ
ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ



Homeopathicvibes



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39201 State Street, Suite 111, Fremont, CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)






22
GET FLAT 22 CENTS
DISCOUNT AT
TA TravelCenters of America
PETRO Stopping Centers
We also offer Line of Credit for Fuel Card
Additional Services with our Fuel Card
✓ National Tire Program ✓ PM & Light Mechanical
✓ 24 Hour Dedicated Repair Service
TRANS-ALLIANCE TOGETHER WE SAVE
ਪੰਜਾਬੀ ਵਿਚ ਜਾਣਕਾਰੀ ਲਈ
1.855.641.6955
1.888.795.7035
www.trans-alliance.com

ਗੁਰਬਾਣੀ
੨੪ ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
੨੪ ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.
Khalsa Insurance Agency is among TOP 50 agencies
2014 ACE INDIVIDUAL
KHALSA INSURANCE AGENCY
» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS
COVERED CALIFORNIA
OBAMACARE
COVERED CALIFORNIA
AFFORDABLE CARE ACT
California Health Benefit Exchange
Your destination for affordable health care
Call Now for the
Lowest Health Insurance
Premiums available
Some Households
qualify for
FREE HEALTHCARE
408-272-2500
Please Contact Harjot S Khalsa (Certified Covered CA Agent) | License # 0803546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਸੈਨਹੋਜ਼ੇ ਗੁਰਦੁਆਰਾ ਸਾਹਿਬ ਵਿਚ ਹੋਲੇ-ਮਹੱਲੇ ਮੌਕੇ ਸਮਾਗਮ

## ਗੁਰਦੁਆਰਾ ਸੁਧਾਰ ਕਮੇਟੀ ਨੇ ਵਿਸ਼ੇਸ਼ ਸ਼ਮੂਲੀਅਤ ਕਰਕੇ ਸੰਗਤਾਂ ਨਾਲ ਕੀਤੇ ਵਿਚਾਰ ਸਾਂਝੇ



**ਸੈਨਹੋਜ਼ੇ/ਏਟੀ ਨਿਊਜ਼ :**
ਸੈਨਹੋਜ਼ੇ ਗੁਰਦੁਆਰਾ ਸਾਹਿਬ ਵਿਚ ਹੋਲੇ-ਮਹੱਲੇ ਮੌਕੇ ਹੋਏ ਸਮਾਗਮ ਦੌਰਾਨ ਵੱਖ-ਵੱਖ ਸਿੱਖ ਆਗੂਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਸੰਗਤਾਂ ਨੂੰ ਆਪਣੇ ਹੱਕਾਂ ਸਬੰਧੀ ਜਾਗਰੂਕ ਕੀਤਾ। ਸਮਾਗਮ ਵਿਚ ਸਿੱਖ ਆਗੂ ਸਰਬਜੋਤ ਸਿੰਘ ਸਵੱਦੀ, ਜਸਪਾਲ ਸਿੰਘ ਸੈਣੀ, ਹਰਪਾਲ ਸਿੰਘ ਚਾਹਲ, ਹਰਕੇਵਲ ਸਿੰਘ ਸੰਧੂ, ਹਰਦੁਮਣ ਸਿੰਘ ਸੰਘੇੜਾ, ਬਲਵੀਰ ਸਿੰਘ ਢਿੱਲੋਂ, ਪਰਮਵੀਰ ਸਿੰਘ, ਸ਼ਿਵਰਾਜ ਸਿੰਘ ਸੰਧੂ, ਸੰਦੀਪ ਸਿੰਘ ਸੰਧੂ, ਤਰਲੋਚਨ ਸਿੰਘ ਨਾਹਲ, ਗੁਰਮੇਲ ਸਿੰਘ ਬਾਠ, ਭੁਪਿੰਦਰ ਸਿੰਘ ਚੀਮਾ, ਵਕੀਲ ਗੁਰਮੀਤ ਸਿੰਘ, ਇੰਦਰਜੀਤ ਸਿੰਘ ਸਿੱਧੂ ਅਤੇ ਇੰਦਰਜੀਤ ਸਿੰਘ ਥਿੰਦ ਸਮੇਤ ਬਹੁਤ ਸਾਰੀਆਂ ਸ਼ਖਸੀਅਤਾਂ ਨੇ ਹਾਜ਼ਰੀ ਭਰੀ।

ਗੁਰਦੁਆਰਾ ਸੁਧਾਰ ਕਮੇਟੀ ਸੈਨਹੋਜ਼ੇ ਦੇ ਸਮੂਹ ਪਰਬੰਧਕਾਂ ਵੱਲੋਂ ਹੋਲੇ ਮਹੱਲੇ ਵਿਚ ਆਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਗਿਆ ਕਿ ਅਸੀਂ ਉਹਨਾਂ ਸਾਰੇ ਵੀਰਾਂ-ਭੈਣਾਂ, ਬਜ਼ੁਰਗਾਂ ਤੇ ਬੱਚਿਆਂ ਦਾ ਧੰਨਵਾਦ ਕਰਦੇ ਹਾਂ ਜਿਹਨਾਂ ਨੇ ਸੈਨਹੋਜ਼ੇ ਵਿਖੇ ਹੋਲਾ-ਮਹੱਲਾ ਸਮਾਗਮ ਵਿਚ ਪਹੁੰਚ ਕੇ ਹਾਜ਼ਰੀਆਂ ਭਰੀਆਂ। ਗੁਰਦੁਆਰਾ ਸੁਧਾਰ ਕਮੇਟੀ ਨੇ ਇਸ ਮੌਕੇ ਸੰਗਤਾਂ ਨੂੰ ਆਪਣੇ ਹੱਕਾਂ ਤੋਂ ਜਾਣੂ ਕਰਵਾਇਆ। ਭਾਵੇਂ ਪਰਬੰਧਕਾਂ ਵੱਲੋਂ ਗੁਰਦੁਆਰਾ ਸੁਧਾਰ ਕਮੇਟੀ ਦੇ ਕਿਸੇ ਵੀ ਮੈਂਬਰ ਨੂੰ ਸਟੇਜ ਉੱਪਰ ਬੋਲਣ ਦਾ ਸਮਾਂ ਨਾ ਦਿੱਤਾ ਗਿਆ ਪਰ ਫਿਰ ਵੀ ਸੁਧਾਰ ਕਮੇਟੀ ਦੇ ਸੇਵਾਦਾਰ ਪੂਰੇ ਜੋਸ਼ ਨਾਲ ਆਪਣੀ ਗੱਲ ਸੰਗਤਾਂ ਤੱਕ ਪਹੁੰਚਾਉਣ ਵਿੱਚ ਕਾਮਯਾਬ ਰਹੇ। ਸਾਰੇ ਸੇਵਾਦਾਰਾਂ ਨੇ ਸਰਬ-ਸੰਮਤੀ ਨਾਲ ਜਸਪਾਲ ਸਿੰਘ ਸੈਣੀ ਨੂੰ ਸੇਵਾ ਸੌਂਪੀ ਕਿ ਜਦੋਂ ਤੱਕ ਗੁਰਦੁਆਰਾ ਸਾਹਿਬ ਸੈਨਹੋਜ਼ੇ ਦੀਆਂ ਚੋਣਾਂ ਅਨਾਊਂਸ ਨਹੀਂ ਹੁੰਦੀਆਂ, ਉਦੋਂ ਤੱਕ ਉਹ ਸਾਰੇ ਸੇਵਾਦਾਰਾਂ ਨੂੰ ਇਕੱਠੇ ਕਰਨ ਲਈ ਸਾਰੇ ਵੀਰਾਂ ਨਾਲ ਕੋਆਰਡੀਨੇਟ ਕਰਨਗੇ। ਜਸਪਾਲ ਸਿੰਘ ਮੀਡੀਆ ਅਤੇ ਗੁਰੂ ਘਰਾਂ ਵਿਚ ਬੋਲਣ ਦੀ ਡਿਊਟੀ ਵੀ ਨਿਭਾਉਣਗੇ। ਉਹਨਾਂ ਦੇ ਨਾਲ ਜਿਹੜੇ ਵੀਰ ਸਾਥ ਦੇਣਗੇ, ਉਹਨਾਂ ਵਿੱਚ ਪਰਮਵੀਰ ਸਿੰਘ, ਸ਼ਿਵਰਾਜ ਸਿੰਘ ਸੰਧੂ, ਮਨਪਰੀਤ ਸਿੰਘ ਬਦੇਸ਼ਾ, ਹਰਪਾਲ ਸਿੰਘ ਚਾਹਲ, ਸਰਬਜੋਤ ਸਿੰਘ ਸਵੱਦੀ, ਨੀਟੂ ਸਿੰਘ ਕਾਹਲੋਂ ਤੇ ਭੁਪਿੰਦਰ ਸਿੰਘ ਚੀਮਾ ਦੇ ਨਾਮ ਸ਼ਾਮਿਲ ਹਨ। ਇਹ ਸਾਰੇ ਰਲ ਕੇ ਆਉਣ ਵਾਲੇ ਸਮੇਂ ਵਿਚ ਸੈਨਹੋਜ਼ੇ ਗੁਰਦੁਆਰਾ ਸਾਹਿਬ ਵਿੱਚ ਹਰ ਪ੍ਰੋਗਰਾਮ ਨੂੰ ਸੁਚੱਜੇ ਢੰਗ ਨਾਲ ਉਲੀਕਣਗੇ। ਜਸਪਾਲ ਸਿੰਘ ਸੁਧਾਰ ਕਮੇਟੀ ਦੇ ਕੋਆਰਡੀਨੇਟਰ ਵਜੋਂ ਸੇਵਾ ਨਿਭਾਉਣਗੇ। ਵਧੇਰੇ ਜਾਣਕਾਰੀ ਜਾਂ ਸੁਧਾਰ ਕਮੇਟੀ ਨਾਲ ਸਹਿਯੋਗ ਲਈ ਜਸਪਾਲ ਸਿੰਘ ਨੂੰ 408 393 9505 ਉਤੇ ਕਾਲ ਕੀਤੀ ਜਾ ਸਕਦੀ ਹੈ।











# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**Home for Sale:**
163 Tannehill Drive, Manteca, CA 95337
4 Bedroom 3 Bath
3236 sqft home 7792 sqft lot, Built in 2003
**$475,000**



**Home for Sale:**
2165 Capistrano Street, Manteca, CA 95337
5 Bedroom 3 Bath
2939 sqft home 8084 sqft lot, Built in 2009
**$545,000**

**Home for Sale:** 1643 Langum Way, Manteca, CA 95337, 4 Bedroom 3 Bath, 2045 sqft home 7910 sqft lot Built in 2005, Pool in backyard, Open house 03/10 11:30 AM- 3:00 PM **$432,900**

- **10 Acres commercial and Industrial lot available on West Yosemite ave Manteca listed at 3.8 Million. Permitted for truck yard, storage and repair.**
- **15 Acres industrial land available in French Camp listed at 5.1 million, prime corner lot, permitted for truck parking, truck wash, truck repair and warehousing.**
- **5 duplex under construction will be ready in September, 2019. listed at $599,000 each duplex.**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਵਿਦੇਸ਼ੀ ਚਕਾਚੌਂਧ ਵਿਚ ਖਾਲੀ ਹੋ ਰਿਹਾ ਏ ਪੰਜਾਬ

- **ਪੰਜਾਬ ਦੇ ਗਿਲਜੀਆਂ ਪਿੰਡ ਹੁਸ਼ਿਆਰਪੁਰ ਦੇ ਜ਼ਿਆਦਾਤਰ ਪੰਜਾਬੀ ਬਣੇ ਅਮਰੀਕਨ**
- **ਪੰਚਾਇਤਾਂ ਦੀਆਂ ਚੋਣਾਂ ਲਈ ਕੋਈ ਉਮੀਦਵਾਰ ਪਿੰਡ 'ਚੋਂ ਨਹੀਂ ਲੱਭਦਾ**
- **ਆਸਟਰੇਲੀਆ 'ਚ ਪੰਜਾਬੀ ਭਾਸ਼ਾ 10ਵੇਂ ਨੰਬਰ 'ਤੇ**



- **ਵਿਦਿਆਰਥੀ ਵੀਜ਼ੇ ਹਾਸਲ ਕਰਨ 'ਚ ਪੰਜਾਬੀ ਮੁਟਿਆਰਾਂ ਨੇ ਪੰਜਾਬੀ ਗੱਭਰੂਆਂ ਨੂੰ ਪਛਾੜਿਆ**
- **ਆਸਟਰੇਲੀਆ 'ਚ ਹੁਣ ਪੱਕਾ ਹੋਣਾ ਹੋਇਆ ਔਖਾ**
- **ਪੰਜਾਬੀਆਂ ਦਾ ਫਰਾਂਸ 'ਚ ਹੋ ਰਿਹਾ ਏ .ਗੈਰ ਕਾਨੂੰਨੀ ਪ੍ਰਵਾਸ**

ਪੰਜਾਬ ਦੇ ਲੋਕਾਂ ਦਾ ਰੋਜ਼ੀ-ਰੋਟੀ ਲਈ ਵਿਦੇਸ਼ ਜਾਣ ਦਾ ਸਿਲਸਿਲਾ 19ਵੀਂ ਸਦੀ ਦੇ ਅਖੀਰ ਵਿੱਚ ਸ਼ੁਰੂ ਹੋ ਗਿਆ ਸੀ। ਦੋਆਬੇ ਦੇ ਚਾਰ ਜ਼ਿਲ੍ਹਿਆਂ ਜਲੰਧਰ, ਨਵਾਂਸ਼ਹਿਰ, ਹੁਸ਼ਿਆਰਪੁਰ ਤੇ ਕਪੂਰਥਲਾ ਵਿੱਚੋਂ ਪਰਵਾਸ ਦਾ ਅਜਿਹਾ ਦੌਰ ਚੱਲਿਆ ਜੋ ਅਜੇ ਤੱਕ ਨਿਰੰਤਰ ਜਾਰੀ ਹੈ। ਪੌਂਡਾਂ ਤੇ ਡਾਲਰਾਂ ਦੀ ਚਮਕ ਪੰਜਾਬੀਆਂ ਨੂੰ ਵਿਦੇਸ਼ ਵੱਲ ਖਿੱਚ ਰਹੀ ਹੈ ਅਤੇ ਪਿਛਲੇ 25-30 ਸਾਲਾਂ ਦੌਰਾਨ ਪੰਜਾਬ ਵਿਚੋਂ ਤੇਜ਼ੀ ਨਾਲ ਪਰਵਾਸ ਹੋਇਆ ਹੈ। ਪੰਜਾਬੀਆਂ ਨੇ ਵਿਦੇਸ਼ਾਂ ਵਿੱਚ ਵੀ ਜਾ ਕੇ ਹੱਡ ਭੰਨਵੀਂ ਮਿਹਨਤ ਕੀਤੀ। ਉਹ ਇਹੀ ਸੋਚਦੇ ਸਨ ਕਿ ਇੱਕ ਦਿਨ ਪੈਸੇ ਕਮਾ ਕੇ ਉਹ ਘਰਾਂ ਨੂੰ ਪਰਤ ਜਾਣਗੇ ਪਰ ਉਹ ਘਰ ਦੀਆਂ ਮਜਬੂਰੀਆਂ ਵੱਸ ਅਜਿਹਾ ਨਾ ਕਰ ਸਕੇ। ਹੁਣ ਪੰਜਾਬੀ ਵਿਦੇਸ਼ਾਂ ਵਿੱਚ ਪੱਕੇ ਤੌਰ 'ਤੇ ਰਹਿਣ ਦਾ ਮਨ ਬਣਾ ਕੇ ਜਾ ਰਹੇ ਹਨ, ਕਿਉਂਕਿ ਇਥੇ ਨੌਜਵਾਨਾਂ ਲਈ ਰੁਜ਼ਗਾਰ ਦੀ ਕੋਈ 'ਗਾਰੰਟੀ' ਨਹੀਂ ਹੈ। 90ਵਿਆਂ ਵਿੱਚ ਵਿਦੇਸ਼ ਜਾਣ ਦੀ ਹੋੜ ਸਿਖ਼ਰ 'ਤੇ ਪਹੁੰਚ ਗਈ ਸੀ। ਇਸ ਲਈ ਲੋਕਾਂ ਨੇ ਆਪਣੀਆਂ ਜ਼ਮੀਨਾਂ-ਜਾਇਦਾਦਾਂ ਵੇਚੀਆਂ ਤੇ ਗਹਿਣੇ ਧਰੀਆਂ। ਬਾਹਰ ਭੇਜਣ ਦੀ ਚਾਹਤ ਦੀ ਆੜ ਵਿਚ ਟਰੈਵਲ ਏਜੰਟ ਵੀ ਆਪਣੇ ਹੱਥ ਰੰਗ ਗਏ। ਪੰਜਾਬੀ ਮੁੰਡਿਆਂ ਨੇ ਆਪਣੀ ਜਾਨ ਖ਼ਤਰੇ ਵਿੱਚ ਪਾ ਕੇ ਵਿਦੇਸ਼ ਜਾਣ ਵਿੱਚ ਕੋਈ ਕਸਰ ਨਹੀਂ ਛੱਡੀ। ਦੋਆਬੇ ਦੇ ਪਿੰਡਾਂ ਵਿੱਚ ਪਰਵਾਸੀ ਪੰਜਾਬੀਆਂ ਨੇ ਖੇਡ ਸਟੇਡੀਅਮ, ਹਸਪਤਾਲਾਂ, ਜਿਮ, ਸਕੂਲ, ਕਮਿਊਨਟੀ ਸੈਂਟਰ ਤੇ ਸ਼ਮਸ਼ਾਨਘਾਟਾਂ 'ਤੇ ਵੱਡੀ ਪੱਧਰ 'ਤੇ ਪੈਸੇ ਖਰਚੇ ਹਨ। ਉਨ੍ਹਾਂ ਆਪਣੇ ਘਰ ਵੀ ਵੱਡੇ-ਵੱਡੇ ਬਣਾ ਲਏ।

ਪੰਜਾਬੀ ਯੂਥ ਦਾ ਬਾਹਰਲੇ ਦੇਸ਼ਾਂ ਨੂੰ ਕੂਚ ਕਰਨ ਦਾ ਵੱਡਾ ਕਾਰਨ ਇਹ ਹੈ ਕਿ ਬਾਹਰਲੇ ਦੇਸ਼ਾਂ ਵਿਚ ਕੰਮ ਕਰਨ ਵਾਲਿਆਂ ਦੀ ਪੂਰੀ ਕਦਰ ਹੈ ਅਤੇ ਉਨ੍ਹਾਂ ਦੀ ਮਿਹਨਤ ਦਾ ਸਹੀ ਮੁੱਲ ਉਨ੍ਹਾਂ ਨੂੰ ਮਿਲਦਾ ਹੈ, ਜਦਕਿ ਸਾਡੇ ਦੇਸ਼ ਵਿਚ ਕੰਮ ਵੱਧ ਅਤੇ ਉਸ ਦੇ ਬਦਲੇ ਮਿਹਨਤਾਨਾ ਘੱਟ ਦਿਤਾ ਜਾਂਦਾ ਹੈ।

ਭਾਰਤ ਦੇ ਪੜ੍ਹੇ-ਲਿਖੇ ਵਿਗਿਆਨੀ, ਇੰਜੀਨੀਅਰ ਧੜਾਧੜ ਦੇਸ਼ ਛੱਡ ਰਹੇ ਹਨ। ਆਸਟ੍ਰੇਲੀਆ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿਚ ਪਿਛਲੇ ਸਾਲ ਦੇ ਮੁਕਾਬਲੇ 15 ਫ਼ੀ ਸਦੀ ਦਾ ਵਾਧਾ ਹੋਇਆ ਹੈ। ਕੈਨੇਡਾ ਵਿਚ ਵਿਦਿਆਰਥੀਆਂ ਦੀ ਗਿਣਤੀ ਵਿਚ 27 ਫ਼ੀ ਸਦੀ ਦਾ ਵਾਧਾ ਹੋਇਆ ਹੈ, ਜਦਕਿ ਕੈਨੇਡਾ ਵਿਚ ਕੁੱਝ ਯੂਨੀਵਰਸਟੀਆਂ ਅੰਦਰ ਇਹ ਗਿਣਤੀ ਪਿਛਲੇ ਸਾਲ ਦੇ ਮੁਕਾਬਲੇ 75 ਫ਼ੀ ਸਦੀ ਤੋਂ ਵੀ ਜ਼ਿਆਦਾ ਹੈ।

ਪੰਜਾਬ ਹੁਣ ਕੈਨੇਡਾ ਵਿਚ ਸਮਾ ਰਿਹਾ ਹੈ, ਕਿਉਂਕਿ ਪੰਜਾਬ ਦੇ ਪਾੜ੍ਹੇ ਹੁਣ ਪੜ੍ਹਨ ਭਾਰਤ ਦੀਆਂ ਯੂਨੀਵਰਸਿਟੀਆਂ ਵਿਚ ਨਹੀਂ, ਕੈਨੇਡਾ ਵਲ ਜਾ ਰਹੇ ਹਨ। ਕਨੇਡਾ ਦੇ ਕਾਲਜਾਂ ਵਿੱਚ ਦਾਖ਼ਲਾ ਭਾਵੇਂ ਨੈੱਟ ਰਾਹੀਂ ਕਾਲਜ ਨਾਲ ਸਿੱਧਾ ਸੰਪਰਕ ਕਰ ਕੇ ਵੀ ਲਿਆ ਜਾ ਸਕਦਾ ਹੈ, ਪ੍ਰੰਤੂ ਹਰ ਕਾਲਜ ਨੇ ਦਾਖ਼ਲੇ ਦਵਾਉਣ ਲਈ ਏਜੰਟ ਵੀ ਰੱਖੇ ਹੁੰਦੇ ਹਨ ਜਿਨ੍ਹਾਂ ਵਿੱਚੋਂ ਬਹੁਤਿਆਂ ਦੀ ਦੀ ਕੋਸ਼ਿਸ਼ ਹੁੰਦੀ ਹੈ ਕਿ ਪੰਜਾਬ ਬੈਠੇ ਅਣਭੋਲ ਵਿਦਿਆਰਥੀਆਂ ਨੂੰ ਉਸ ਕਾਲਜ ਵਿੱਚ ਦਾਖ਼ਲਾ ਦਵਾਇਆ ਜਾਵੇ ਜਿਸ ਤੋਂ ਏਜੰਟਾਂ ਨੂੰ ਵਧੇਰੇ ਕਮਿਸ਼ਨ ਮਿਲਦਾ ਹੋਵੇ। ਇਸ ਤਰ੍ਹਾਂ, ਓਪਰੇ ਮੁਲਕ ਵਿੱਚ ਬੱਚਿਆਂ ਦੀਆਂ ਸੰਭਾਵਤ ਮੁਸ਼ਕਿਲਾਂ ਨੂੰ ਨਜ਼ਰਅੰਦਾਜ਼ ਕਰਦਿਆਂ, ਲਾਲਚੀ ਏਜੰਟ ਦਾਖ਼ਲਾ ਐਸੀ ਜਗ੍ਹਾ ਦੁਆ ਦਿੰਦੇ ਹਨ ਜਿੱਥੇ ਰਹਿਣ ਲਈ ਕਮਰੇ ਦਾ ਇੰਤਜ਼ਾਮ ਕਰਨਾ ਹੀ ਮੁਹਾਲ ਹੁੰਦਾ ਹੈ ਤੇ ਪਾਰਟ ਟਾਈਮ ਕੰਮ ਲੱਭਣਾ ਵੀ ਬਹੁਤ ਹੀ ਮੁਸ਼ਕਲ ਹੁੰਦਾ ਹੈ। ਇਸ ਲਈ ਦਾਖ਼ਲਾ, ਏਜੰਟ ਦੀ ਬਜਾਏ, ਸਿੱਧਾ ਨੈੱਟ ਰਾਹੀਂ ਦੇਖ ਪਰਖ ਕੇ ਲਿਆ ਜਾਵੇ।

**ਮਿੰਨੀ ਅਮਰੀਕਾ ਹੁਸ਼ਿਆਰਪੁਰ ਦਾ ਗਿਲਜ਼ੀਆ ਪਿੰਡ**- ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਗਿਲਜ਼ੀਆਂ ਨੂੰ ਮਿੰਨੀ ਅਮਰੀਕਾ ਆਖਿਆ ਜਾਂਦਾ ਹੈ। ਗਿਲਜ਼ੀਆਂ ਦੀ ਆਬਾਦੀ 1200 ਦੇ ਕਰੀਬ ਹੈ ਤੇ ਪਿੰਡ ਦੇ 80 ਫੀਸਦੀ ਲੋਕ ਵਿਦੇਸ਼ ਗਏ ਹਨ। ਇਸ ਪਿੰਡ ਵਿੱਚੋਂ ਸਭ ਤੋਂ ਵੱਧ ਲੋਕ ਨਿਊਯਾਰਕ ਗਏ ਹਨ। ਪਿੰਡ ਦੀ ਸਰਪੰਚੀ ਤੋਂ ਲੈ ਕੇ ਪੰਜਾਬ ਵਿਧਾਨ ਸਭਾ ਚੋਣਾਂ ਲੜਨ ਵਾਲੇ ਸੰਗਤ ਸਿੰਘ ਵੀ ਇਸੇ ਪਿੰਡ ਦੇ ਵਸਨੀਕ ਹਨ। ਉਨ੍ਹਾਂ ਦੀਆਂ ਦੋ ਧੀਆਂ ਤੇ ਇੱਕ ਪੁੱਤਰ ਵੀ ਨਿਊਯਾਰਕ ਵਿੱਚ ਰਹਿੰਦੇ ਹਨ। ਪਿੰਡ ਵਿਚ ਆਲੀਸ਼ਾਨ ਘਰਾਂ ਨੂੰ ਜਿੰਦਰੇ ਵੱਜੇ ਹੋਏ ਹਨ। ਪਿੰਡ ਵਿੱਚ ਦੋ ਤਿੰਨ ਅੱਲੜ ਮੁੰਡੇ ਮਿਲੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਹੋਰ ਅੱਗੇ ਨਹੀਂ ਪੜ੍ਹਨਗੇ ਤੇ ਵਿਦੇਸ਼ ਜਾਣਗੇ। ਇਸ ਪਿੰਡ ਵਿੱਚ ਲੁਬਾਣਾ ਭਾਈਚਾਰੇ ਦੀ ਆਬਾਦੀ ਸਭ ਤੋਂ ਵੱਧ ਹੈ। ਸਾਬਕਾ ਸਰਪੰਚ ਰਣਜੀਤ ਕੌਰ ਤੇ ਮੌਜੂਦਾ ਸਰਪੰਚ ਗੁਰਮੀਤ ਸਿੰਘ ਦਾ ਕਹਿਣਾ ਸੀ ਕਿ ਜਦੋਂ ਪੰਚਾਇਤਾਂ ਦੀਆਂ ਚੋਣਾਂ ਆਉਂਦੀਆਂ ਹਨ ਤਾਂ ਕੋਈ ਉਮੀਦਵਾਰ ਨਹੀਂ ਲੱਭਦਾ, ਕਿਉਂਕਿ ਪਿੰਡ ਵਿੱਚ ਕੋਈ ਨੌਜਵਾਨ ਨਹੀਂ ਰਹਿੰਦਾ। ਦੂਜੇ ਪਾਸੇ ਰਾਹੋਂ-ਜਾਡਲਾ ਰੋਡ 'ਤੇ ਸਥਿਤ ਪਿੰਡ ਉਸਮਾਨਪੁਰ ਦੇਸ਼ ਦੇ ਮਾਡਲ ਪਿੰਡਾਂ ਦੀ ਰੈਂਕਿੰਗ ਵਿੱਚੋਂ 7ਵੇਂ ਨੰਬਰ 'ਤੇ ਆਇਆ ਸੀ। ਇਸ ਪਿੰਡ ਨੂੰ ਮਾਡਲ ਬਣਾਉਣ ਵਿੱਚ ਪਰਵਾਸੀ ਪੰਜਾਬੀਆਂ ਦਾ ਸਭ ਤੋਂ ਵੱਡਾ ਯੋਗਦਾਨ ਹੈ। ਪਿੰਡ ਦੇ ਸਾਬਕਾ ਸਰਪੰਚ ਅਜਾਇਬ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਦੇਖ ਰੇਖ ਹੇਠਾਂ ਸਾਰੇ ਕੰਮ ਹੋਏ ਸਨ। ਅਮਰੀਕਾ ਤੇ ਦੁਬਈ ਰਹਿੰਦੇ ਉਸ ਦੇ ਭਰਾ ਨੇ ਕਰੋੜਾਂ ਰੁਪਏ ਪਿੰਡ ਦੀ ਭਲਾਈ ਲਈ ਖਰਚੇ ਹਨ। ਉਸਮਾਨਪੁਰ ਪਿੰਡ ਦੀਆਂ ਸਹੂਲਤਾਂ ਕਿਸੇ ਸ਼ਹਿਰ ਤੇ ਵੱਡੇ ਕਸਬੇ ਵਿੱਚ ਮਿਲਦੀਆਂ ਸਹੂਲਤਾਂ ਨੂੰ ਮਾਤ ਪਾਉਂਦੀਆਂ ਹਨ।

ਆਸਟਰੇਲੀਆ ਵਿਚ ਪੰਜਾਬੀ ਦਾ ਬੋਲਬਾਲਾ -
ਆਸਟਰੇਲੀਆ ਨਾਲ ਪੰਜਾਬੀਆਂ ਦੀ ਸਾਂਝ ਕਰੀਬ ਡੇਢ ਸਦੀ ਪੁਰਾਣੀ ਹੈ। ਭਾਰਤ ਵਿਚ ਬਰਤਾਨਵੀ ਰਾਜ ਸਮੇਂ ਇੱਥੋਂ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿਚ ਪੰਜਾਬੀਆਂ ਦੀ ਆਮਦ ਹਾਕਰਾਂ ਦੇ ਰੂਪ ਵਿੱਚ ਸ਼ੁਰੂ ਹੋ ਗਈ ਸੀ। ਪਹਿਲਾਂ ਇਹ ਪੰਜਾਬੀ ਹਾਕਰ ਦੂਰ ਦੁਰਾਡੇ ਖੇਤਰਾਂ ਵਿਚ ਸਾਮਾਨ ਦੀ ਵਿਕਰੀ ਕਰਨ ਜਾਇਆ ਕਰਦੇ ਸਨ। ਪਰ ਬਾਅਦ ਵਿਚ ਇਹ ਆਪਣੀ ਮਿਹਨਤ ਸਦਕਾ ਜ਼ਿਮੀਂਦਾਰ ਬਣ ਗਏ। ਸਥਾਨਕ ਹਸਪਤਾਲਾਂ ਆਦਿ ਦੇ ਦਾਨ ਪਾਤਰਾਂ ਵਿਚ ਇਨ੍ਹਾਂ ਦੇ ਨਾਂ ਸ਼ਾਮਲ ਹੋਣ ਲੱਗੇ। ਇਸੇ ਤਰ੍ਹਾਂ ਪੰਜਾਬੀ ਸਥਾਨਕ ਸਮਾਜ ਦਾ ਹਿੱਸਾ ਬਣੇ। ਇਨ੍ਹਾਂ ਦੀਆਂ ਤਸਵੀਰਾਂ ਅਤੇ ਕਹਾਣੀਆਂ ਆਮ ਮਿਲ ਜਾਂਦੀਆਂ ਹਨ। ਸਦੀ ਪੁਰਾਣੇ ਅਖ਼ਬਾਰਾਂ ਦਾ ਰਿਕਾਰਡ ਪੰਜਾਬੀਆਂ ਦੇ ਉਸ ਸਮੇਂ ਦੇ ਕਿੱਸੇ ਸਾਂਭੀ ਬੈਠਾ ਹੈ। ਵਿਸ਼ਵ ਜੰਗਾਂ ਵਿਚ ਆਸਟਰੇਲੀਅਨ-ਨਿਊਜ਼ੀਲੈਂਡ ਫ਼ੌਜਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਲੜੇ ਸਿੱਖ ਫ਼ੌਜੀਆਂ ਦੀ ਇੱਕ ਯਾਦਗਾਰ ਵੈਸਟਰਨ ਆਸਟਰੇਲੀਆ ਦੇ ਪਰਥ ਵਿਚ ਸਥਿਤ ਹੈ। ਆਸਰਟਰੇਲੀਆ ਵਿਚ ਸਿੱਖਾਂ ਦੀ ਵਸੋਂ ਕਾਫੀ ਵਧੀ ਹੈ। ਪੂਰੇ ਮੁਲਕ ਵਿਚ ਸਿੱਖਾਂ ਦੀ ਗਿਣਤੀ 1 ਲੱਖ 26 ਹਜ਼ਾਰ ਦੱਸੀ ਗਈ ਹੈ। ਮੁਲਕ ਵਿਚ ਪੰਜਾਬੀ ਜ਼ੁਬਾਨ ਦੇ ਪ੍ਰਸਾਰ ਦਾ ਜ਼ਿਕਰ ਕਰੀਏ ਤਾਂ ਇਹ ਗਿਣਤੀ 1 ਲੱਖ 36 ਹਜ਼ਾਰ ਦੇ ਕਰੀਬ ਹੈ। ਇਸ ਵਿਚ ਕੁਝ ਹਿੱਸਾ ਲਹਿੰਦੇ ਪੰਜਾਬ ਨਾਲ ਸਬੰਧਤ ਪੰਜਾਬੀਆਂ ਦਾ ਹੈ, ਜਿਨ੍ਹਾਂ ਆਪਣੀ ਬੋਲੀ ਪੰਜਾਬੀ ਦਰਜ ਕਰਵਾਈ ਹੈ। ਬਹੁ- ਸਭਿਆਚਾਰਕ ਮੁਲਕ ਹੋਣ ਕਰਕੇ ਆਸਟਰੇਲੀਆ ਭਰ ਵਿਚ ਕਰੀਬ 300 ਭਾਸ਼ਾਵਾਂ ਦਾ ਬੋਲਬਾਲਾ ਹੈ ਅਤੇ ਪੰਜਾਬੀ ਦਾ ਇੱਥੇ 10ਵਾਂ ਸਥਾਨ ਹੈ। ਵੱਖ ਵੱਖ ਸ਼ਹਿਰਾਂ ਵਿਚ ਸੰਸਥਾਵਾਂ ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀ ਨਾਲ ਜੋੜਨ ਲਈ ਅਹਿਮ ਉਪਰਾਲੇ ਕਰ ਰਹੀਆਂ ਹਨ।

ਪੰਜਾਬ ਤੋਂ ਪਰਵਾਸ ਦਾ ਮੁੱਖ ਜ਼ਰੀਆ ਵਿਦਿਆਰਥੀ ਵੀਜ਼ਾ ਹੈ। ਮੁੱਢਲੇ ਦੌਰ ਵਿਚ ਦੁਆਬੇ ਨਾਲ ਸਬੰਧਤ ਪੰਜਾਬੀ ਇੱਥੇ ਆਏ ਪਰ ਵਿਦਿਆਰਥੀ ਵੀਜ਼ੇ ਦੇ ਰਾਹ ਖੁੱਲ੍ਹਣ ਮਗਰੋਂ ਪੰਜਾਬ ਦੇ ਹਰ ਜ਼ਿਲ੍ਹੇ ਵਿਚੋਂ ਆਉਣ ਵਾਲਿਆਂ ਦੀ ਗਿਣਤੀ ਵਧਦੀ ਗਈ। ਸਾਲ 2005 ਤੋਂ ਬਾਅਦ ਵਿਦਿਆਰਥੀ ਵੀਜ਼ਿਆਂ ਨੂੰ ਹਾਸਲ ਕਰਨ ਵਾਲਿਆਂ ਵਿਚ ਕੁੜੀਆਂ ਦੀ ਗਿਣਤੀ ਵੱਧ ਸੀ।

ਕਾਰੋਬਾਰਾਂ ਵਿਚ ਪੰਜਾਬੀਆਂ ਨੇ ਡਰਾਇਵਰੀ ਦੇ ਕੰਮ ਨੂੰ ਸਭ ਤੋਂ ਵੱਧ ਦਰਜ ਕਰਵਾਇਆ ਹੈ। ਉਜ ਹਸਪਤਾਲਾਂ , ਸਰਕਾਰੀ ਅਤੇ ਨਿੱਜੀ ਅਦਾਰਿਆਂ, ਰੈਸਟੋਰੈਂਟਾਂ, ਬਿਰਧ ਦੇਖਭਾਲ ਕੇਂਦਰਾਂ ਸਮੇਤ ਹੋਰ ਖੇਤਰਾਂ ਵਿਚ ਪੰਜਾਬੀ ਸੇਵਾਵਾਂ ਦੇ ਰਹੇ ਹਨ। ਪੁਲੀਸ, ਹਵਾਈ ਸੈਨਾ ਤੇ ਫੌਜ ਸਮੇਤ ਇਮੀਗਰੇਸ਼ਨ ਦੇ ਖੇਤਰਾਂ ਵਿਚ ਪੰਜਾਬੀ ਪਹੁੰਚੇ ਹਨ। ਮੱਧ ਪੂਰਬੀ ਖੇਤਰਾਂ ਵਿਚ ਸੇਵਾਵਾਂ ਮਗਰੋਂ ਪਹਿਲੀ ਵਾਰ ਪੰਜਾਬੀ ਪਿਛੋਕੜ ਨਾਲ ਸਬੰਧਤ ਬੀਬਾ ਹਰਿੰਦਰ ਸਿੱਧੂ ਭਾਰਤ ਵਿਚ ਆਸਟਰੇਲੀਆ ਦੀ ਹਾਈ ਕਮਿਸ਼ਨਰ ਹੈ। ਮੁਲਕ ਦੇ ਸਿਆਸੀ ਗਲਿਆਰੇ ਪੰਜਾਬੀਆਂ ਲਈ ਫ਼ਿਲਹਾਲ ਦੂਰ ਹਨ। ਵੱਖ ਵੱਖ ਸੂਬਿਆਂ ਵਿਚ ਮੁੱਖ ਪਾਰਟੀਆਂ ਦੇ ਉਮੀਦਵਾਰ ਤੇ ਮੈਂਬਰ ਹੋਣ ਦੇ ਬਾਵਜੂਦ ਇਹ ਪਾਰਟੀਆਂ ਕਿਸੇ ਜੇਤੂ ਸੀਟ ਤੋਂ ਭਾਈਚਾਰੇ ਦਾ ਉਮੀਦਵਾਰ ਫ਼ਿਲਹਾਲ ਨਹੀਂ ਉਤਾਰ ਸਕੀਆਂ।

**ਫਰਾਂਸ ਵਿੱਚ ਪੰਜਾਬੀਆਂ ਦਾ .ਗੈਰਕਾਨੂੰਨੀ ਪਰਵਾਸ** - ਭਾਵੇਂ ਫਰਾਂਸ ਸਰਕਾਰ ਵੱਲੋਂ ਵਿਦਿਆਰਥੀ ਵੀਜ਼ਾ ਜਾਂ ਕੰਮ ਦੇ ਆਧਾਰ 'ਤੇ ਸ਼ਰਤਾਂ ਪੂਰੀਆਂ ਕਰਕੇ ਵੀਜ਼ਾ ਪ੍ਰਾਪਤ ਕਰਨ ਦੀ ਸਹੂਲਤ ਹੈ ਪਰ ਫਿਰ ਵੀ ਲੋਕ ਏਜੰਟਾਂ ਦੇ ਜਾਲ ਵਿੱਚ ਫਸ ਕੇ ਲੱਖਾਂ ਰੁਪਏ ਖਰਾਬ ਕਰਦੇ ਹਨ। ਇਥੋਂ ਦੇ ਪੱਚੀ ਹਜ਼ਾਰ ਦੇ ਕਰੀਬ ਪੰਜਾਬੀਆਂ ਵਿੱਚੋਂ ਜ਼ਿਆਦਾਤਰ ਲੋਕ ਇਥੇ ਗੈਰਕਾਨੂੰਨੀ ਤਰੀਕੇ ਨਾਲ ਹੀ ਦਾਖਲ ਹੋਏ ਹਨ ਅਤੇ ਸਮੇਂ ਦੇ ਬੀਤਣ ਨਾਲ ਵੱਖ ਵੱਖ ਢੰਗ ਤਰੀਕਿਆਂ ਨਾਲ ਪੱਕੇ ਵੀ ਹੋ ਗਏ ਹਨ। ਬੀਤੇ ਕੁਝ ਸਾਲਾਂ ਤੋਂ ਪੰਜਾਬੀਆਂ ਦਾ ਇਸ ਮੁਲਕ ਵਿੱਚ ਗੈਰਕਾਨੂੰਨੀ ਪਰਵਾਸ ਕਾਫੀ ਵਧਿਆ ਹੈ। ਇਥੇ ਦਸ ਬਾਰਾਂ ਲੱਖ ਰੁਪਏ ਵਿਚ ਗੇਮ ਫਿਟ ਕਰਕੇ ਜ਼ਿਆਦਾਤਰ ਏਜੰਟਾਂ ਵੱਲੋਂ ਸੈਲਾਨੀ ਵੀਜ਼ੇ 'ਤੇ ਗੈਰ-ਕਾਨੂੰਨੀ ਪਰਵਾਸ ਕਰਵਾਇਆ ਜਾਂਦਾ ਹੈ। ਕਈਆਂ ਨੂੰ ਇਟਲੀ ਦੇ ਕੱਚੇ ਕੰਮ ਵਾਲੇ ਕਾਗਜ਼ਾਂ 'ਤੇ ਅਤੇ ਕਈਆਂ ਨੂੰ ਵੱਖ ਵੱਖ ਦੇਸ਼ਾਂ ਰਾਹੀਂ ਇਥੇ ਪਹੁੰਚਾਇਆ ਜਾਂਦਾ ਹੈ। ਮੁਕੇਰੀਆਂ ਦੇ ਰਹਿਣ ਵਾਲੇ ਸ਼ਾਂਟੂ ਨੇ ਦੱਸਿਆ ਕਿ ਘਰ ਦੀ ਗਰੀਬੀ ਦੂਰ ਕਰਨ ਉਹ ਛੇ ਸਾਲ ਪਹਿਲਾਂ ਇਥੇ ਆਇਆ ਸੀ। ਉਹ ਕਈ ਮੁਲਕਾਂ ਤੋਂ ਹੁੰਦਾ ਹੋਇਆ ਇਕ ਸਾਲ ਵਿੱਚ ਫਰਾਂਸ ਪਹੁੰਚਿਆ। ਉਸ ਨੂੰ ਗਰੀਸ ਤੋਂ ਇਟਲੀ ਦੀ ਡੌਂਕੀ ਲਵਾਉਣ ਲਈ ਜਹਾਜ਼ ਰਾਹੀਂ ਮੰਜ਼ਿਲ 'ਤੇ ਪਹੁੰਚਾਇਆ ਗਿਆ। ਇਸ ਦੌਰਾਨ ਤਰਾਸਦੀ ਰਹੀ ਕਿ 30 ਬੰਦਿਆਂ ਦੀ ਸਮਰੱਥਾ ਵਾਲੇ ਜਹਾਜ਼ ਵਿੱਚ 90 ਬੰਦਿਆਂ ਨੂੰ ਲਿਜਾਇਆ ਗਿਆ।

ਪਰਮਜੀਤ ਸਿੰਘ ਸੋਹਲ ਨੇ ਦੱਸਿਆ ਕਿ 1980 ਵਿੱਚ ਫਰਾਂਸ ਦੀ ਇਮੀਗਰੇਸ਼ਨ ਖੁੱਲ੍ਹਣ ਤੋਂ ਬਾਅਦ ਲੋਕਾਂ ਨੇ ਵੱਡੀ ਗਿਣਤੀ ਵਿਚ ਫਰਾਂਸ ਦਾ ਰੁਖ਼ ਕੀਤਾ। ਹੋਟਲ ਵਿੱਚ ਹੈਲਪਰ ਤੋਂ ਹੋਟਲ ਕਾਰੋਬਾਰੀ ਬਣਨ ਤੱਕ ਦਾ ਸਫਰ ਤੈਅ ਕਰਨ ਵਾਲੇ ਦਲਵਿੰਦਰ ਸਿੰਘ ਘੁੰਮਣ ਅਨੁਸਾਰ ਇੱਥੇ ਕੀਤੀ ਮਿਹਨਤ ਦਾ ਮੁੱਲ ਪੈਂਦਾ ਹੈ ਜਿਸ ਕਾਰਨ ਪੰਜਾਬੀਆਂ ਦਾ ਲਗਾਤਾਰ ਆਉਣਾ ਜਾਰੀ ਹੈ।

**ਕੈਨੇਡਾ ਵਿੱਚ ਪੰਜਾਬੀ** - ਪੰਜਾਬੀਆਂ ਨੇ ਪੰਜਾਹ ਕੁ ਸਾਲ ਪਹਿਲਾਂ ਇਥੋਂ ਦੀ ਸਿਆਸਤ ਵਿਚ ਵੀ ਪੈਰ ਰੱਖਣੇ ਸ਼ੁਰੂ ਕਰ ਦਿੱਤੇ ਸਨ। ਹੇਠਲੇ ਪੱਧਰ ਦੀਆਂ ਚੋਣਾਂ ਵਿਚ ਸ਼ਮੂਲੀਅਤ ਤੋਂ ਸ਼ੁਰੂ ਹੋਇਆ ਪੰਜਾਬੀਆਂ ਦਾ ਸਿਆਸੀ ਸਫਰ ਬੇਸ਼ਕ ਕੌਂਸਲਰ, ਮੇਅਰ, ਮੁੱਖ ਮੰਤਰੀ, ਇਕ ਅੱਧ ਕੇਂਦਰੀ ਮੰਤਰੀ ਤੋਂ ਵੀ ਅੱਗੇ ਵੱਧਦਾ ਹੋਇਆ ਸਾਢੇ ਕੁ ਤਿੰਨ ਸਾਲ ਪਹਿਲਾਂ ਜਸਟਿਨ ਟਰੂਡੋ ਸਰਕਾਰ ਵਿਚ ਆਪਣੀ ਵੱਡੀ ਥਾਂ ਬਣਾਈ ਬੈਠਾ ਹੈ। ਬੇਸ਼ੱਕ ਪੰਜਾਬੀਆਂ ਦਾ ਪਰਵਾਸ ਰੁਝਾਨ ਮੁੱਢ ਤੋਂ ਹੀ ਅਮਰੀਕਾ ਵੱਲ ਸੀ ਪਰ ਬਾਅਦ ਵਿਚ ਕੈਨੇਡਾ ਵਿਚ ਪੱਕੇ ਹੋਣ ਦੇ ਜੁਗਾੜ ਸੌਖੇ ਹੋਣ ਕਾਰਨ ਮੁਹਾਣ ਇਧਰ ਵੱਲ ਜ਼ਿਆਦਾ ਰਿਹਾ। ਇਥੇ ਉੱਚ ਸਿੱਖਿਆ ਹਾਸਲ ਕਰਨ ਵਾਲਿਆਂ ਲਈ ਐਕਸਪ੍ਰੈੱਸ ਐਂਟਰੀ ਪ੍ਰੋਗਰਾਮ ਹੈ, ਜਿਸ ਵਿਚ ਅੰਕਾਂ ਦੀ ਮੈਰਿਟ ਦੇ ਹਿਸਾਬ ਨਾਲ ਵਾਰੀ ਆਉਂਦੀ ਹੈ। ਬਾਰ੍ਹਵੀਂ ਜਾਂ ਕਿਸੇ ਡਿਗਰੀ ਤੋਂ ਬਾਅਦ ਉੱਚ ਪੜ੍ਹਾਈ ਲਈ ਵਿਦਿਅਕ ਵੀਜ਼ਾ ਮਿਲ ਜਾਂਦਾ ਹੈ ਜਿਸ ਅਧੀਨ ਅਕਸਰ 80-85 ਫੀਸਦੀ ਬੱਚੇ ਸਥਾਈ ਨਾਗਰਿਕਤਾ ਲੈ ਲੈਂਦੇ ਹਨ। ਪੱਕੇ ਹੋਣ ਲਈ ਆਈਲੈੱਟਸ ਦੇ ਉੱਚ ਬੈਂਡ ਹੋਣਾ ਹਰ ਵਰਗ ਲਈ ਜ਼ਰੂਰੀ ਹੈ। ਸਥਾਈ ਜਾਂ ਅਸਥਾਈ ਵੀਜ਼ਾਧਾਰਕ ਨੂੰ ਸੋਸ਼ਲ ਇੰਸ਼ੋਰੈਂਸ ਨੰਬਰ ਮਿਲਦਾ ਹੈ ਤੇ ਹਰੇਕ ਰੁਜ਼ਗਾਰ ਮੌਕੇ ਉਸ ਨੰਬਰ ਦੀ ਲੋੜ ਹੁੰਦੀ ਹੈ। ਇਥੇ ਤਨਖਾਹ ਚੈੱਕ ਰਾਹੀਂ ਹੀ ਮਿਲਦੀ ਹੈ ਪਰ ਕੁਝ ਕੁ ਕਾਰੋਬਾਰੀਏ ਯਾਤਰਾ ਵੀਜ਼ੇ 'ਤੇ ਆਏ ਲੋਕਾਂ ਨੂੰ ਵੀ ਘੱਟ ਤਨਖਾਹ 'ਤੇ ਕੰਮ ਦੇ ਦਿੰਦੇ ਹਨ। ਬ੍ਰਿਟਿਸ਼ ਕੋਲੰਬੀਆ ਵਿਚ ਬਲੂ ਬੈਰੀ ਦੀ ਖੇਤੀ ਹੋਣ ਕਾਰਨ ਮਈ ਤੋਂ ਸਤੰਬਰ ਤਕ ਕਾਮਿਆਂ ਦੀ ਥੁੜ ਰਹਿੰਦੀ ਹੈ। ਇਥੇ ਸਰਕਾਰ ਤੋਂ ਮਿਲਣ ਵਾਲੇ ਪੈਸੇ ਲਈ ਦਫਤਰੀ ਧੱਕੇ ਨਹੀਂ ਖਾਣੇ ਪੈਂਦੇ, ਇਹ ਪੈਸੇ ਹੱਕਦਾਰ ਦੇ ਬੈਂਕ ਖਾਤੇ ਵਿਚ ਆ ਜਾਂਦੇ ਹਨ। ਇਥੇ ਸੇਵਾ ਮੁਕਤੀ 65 ਸਾਲ 'ਤੇ ਹੁੰਦੀ ਹੈ, ਉਸ ਤੋਂ ਬਾਅਦ ਹਰੇਕ ਨੂੰ ਪੈਨਸ਼ਨ ਮਿਲਣ ਲੱਗ ਜਾਂਦੀ ਹੈ। ਕੈਨੇਡਾ ਵਿਚ ਟੈਕਸੀ, ਟਰੱਕ ਤੇ ਖੇਤੀ ਦੇ ਕੰਮਾਂ ਵਿਚ ਪੰਜਾਬੀਆਂ ਦੀ ਧਾਕ ਹੈ।

## .ਗੈਰਕਾਨੂੰਨੀ ਪ੍ਰਵਾਸ ਵੱਲ ਪੰਜਾਬੀ

**ਗੁਰਬਚਨ**

ਜਿਹੜਾ ਬੰਦਾ ਸਟੇਟ ਦੀ ਤਸ਼ੱਦਦੀ ਸਿਆਸਤ ਕਰਕੇ ਆਪਣੀ ਜਨਮ ਭੋਇੰ ਤੋਂ ਟੁੱਟਣ ਲਈ ਲਾਚਾਰ ਹੈ, ਉਹਦੀ ਸਥਾਨਿਕਤਾ ਅਣਹੋਇਆਂ ਵਰਗੀ ਹੀ ਕਹੀ ਜਾ ਸਕਦੀ ਹੈ। ਅਜਿਹੇ ਬੰਦੇ ਸਾਹਮਣੇ ਭਵਿੱਖ ਦਾ ਕੋਈ ਨਕਸ਼ਾ ਨਹੀਂ ਹੁੰਦਾ। ਉਹਦਾ ਵਜੂਦ ਆਰਜ਼ੀ ਹੋ ਜਾਂਦੈ। ਉਹ ਹੁੰਦਾ ਨਹੀਂ, 'ਫਲੋਟ' ਕਰਦੈ। ਜਿਸ ਵਿਕਾਸ ਦੀ ਪੰਜਾਬ ਦੇ ਪ੍ਰਸੰਗ ਵਿਚ ਗੱਲ ਹੁੰਦੀ ਹੈ ਉਹ ਸਿਰਫ਼ ਆਰਥਿਕਤਾ ਤੱਕ ਸੀਮਤ ਹੈ। ਵਿਕਾਸ ਦੇ ਪ੍ਰਸੰਗ ਵਿਚ ਸਮਝਣ ਵਾਲੀ ਗੱਲ ਇਹ ਹੈ ਕਿ ਮੰਡੀ ਮੁੱਖ ਤਕਨੋਲਜੀ ਨੇ ਮਨੁੱਖੀ ਊਰਜਾ ਨੂੰ ਪੂਰੀ ਤਰ੍ਹਾਂ ਆਪਣਾ ਅਨੁਸਾਰੀ ਬਨਾਣਾ ਹੁੰਦੇ। ਨਤੀਜਾ ਇਹ ਨਿਕਲਦਾ ਹੈ ਕਿ ਮਨੁੱਖ ਦੇ ਇਰਾਦੇ/ਤਸੱਵਰ ਜਾਂ ਉਹਦੀ ਸਭਿਆਚਾਰਕਤਾ ਪੂੰਜੀ ਪਲਸ ਮੰਡੀ ਦੀ ਅਨੁਸਾਰੀ ਬਣ ਜਾਂਦੀ ਹੈ। ਯਾਨੀਕਿ ਮਨੁੱਖ ਸਭਿਆਚਾਰਕ ਪ੍ਰਾਣੀ ਨਾ ਹੋ ਕੇ ਆਰਥਿਕਤਾ ਦਾ ਪੁਰਜ਼ਾ ਬਣਦਾ ਜਾਂਦਾ ਹੈ। ਅਜਿਹੀ ਸਥਿਤੀ ਵਿਚ ਪੰਜਾਬੀ ਬੰਦੇ ਨੂੰ ਪਹਿਲਾਂ ਨਾਲੋਂ ਵੀ ਜ਼ਿਆਦਾ ਆਪਣੀ ਭਾਸ਼ਾ ਅਤੇ ਸ਼ਬਦ ਸੰਸਾਰ ਦੀ ਮਹਿਮਾ ਬਾਰੇ ਚੇਤੰਨ ਹੋਣ ਦੀ ਲੋੜ ਹੈ ਤਾਂ ਜੋ ਵਿਸ਼ਵੀਕਰਨ ਦੀ ਸੁਨਾਮੀ ਉਹਨੂੰ ਹੂੰਝ ਕੇ ਨਾ ਲੈ ਜਾਵੇ। ਪਰ ਹੋ ਬਿਲਕੁਲ ਉਹਦੇ ਉਲਟ ਰਿਹਾ ਹੈ। ਉਲਟ ਇਹ ਪੰਜਾਬ ਦੀ ਨਿਤਾਣੀ ਸਥਾਨਿਕਤਾ ਕਰਕੇ ਹੋ ਰਿਹੈ।



ਅੱਜ ਪੰਜਾਬੀ ਬੰਦਾ ਸਭਿਆਚਾਰਕ ਪ੍ਰਾਣੀ ਨਾ ਹੋ ਕੇ ਆਰਥਿਕ ਮਨੁੱਖ ਬਣਦਾ ਜਾ ਰਿਹਾ ਹੈ। ਵਿਦੇਸ਼ਾਂ ਵਿਚ ਪੁੱਜ ਕੇ ਉਹ ਮੰਡੀ ਦੇ 'ਹੁਕਮ' ਦਾ ਉਲੰਘਣ ਨਹੀਂ ਕਰ ਸਕਦਾ। ਅਜਿਹਾ ਬੰਦਾ ਆਪਣੇ ਸਮੇਂ ਦਾ ਮਾਲਕ ਨਹੀਂ ਰਹਿੰਦਾ। ਉਹਦੇ ਕੋਲ ਸਮਾਂ ਨਹੀਂ ਹੁੰਦਾ ਕਿ ਆਪਣੇ ਬਾਰੇ ਸੋਚ ਸਕੇ, ਆਪਣੀ ਬਣਤ ਬਣਾ ਸਕੇ। ਸਮਾਂਹੀਣ ਬੰਦਾ ਸਿਆਸਤ ਬਾਰੇ ਵੀ ਸੋਚ ਨਹੀਂ ਸਕਦਾ ਹੁੰਦਾ। ਪੰਜਾਬੀ ਬੰਦਾ ਵਿਦੇਸ਼ਾਂ ਵਿਚ ਸਮਾਂਹੀਣ ਹੋ ਕੇ ਰਹਿੰਦਾ ਹੈ। ਇੱਧਰ ਪੰਜਾਬ ਵਿਚ ਪਰਵਾਸ ਜਾਣ ਦੀ ਲਿਲ੍ਹਕ ਨੇ ਇਹਨੂੰ ਸਮਾਂਹੀਣ ਕਰ ਦਿੱਤਾ ਹੈ। ਕਦੇ ਵਿਦੇਸ਼ਾਂ ਵਿਚ ਵਾਸਾ ਕਰਦੇ ਪੰਜਾਬੀ ਬੰਦੇ ਦਾ ਸਭਿਆਚਾਰ ਧਰਤੀ ਨਾਲ ਜੁੜੇ ਬੰਦੇ ਵਾਲਾ ਸੀ। ਹੁਣ ਉਸ ਸਭਿਆਚਾਰ 'ਤੇ ਮੰਡੀ+ਪੂੰਜੀ ਦਾ ਬੋਝ ਹੈ। ਇਹਦਾ ਹੁਲੀਆ ਵਿਗੜ ਚੁੱਕਾ ਹੈ। ਅਗਲੀ ਪੁਸ਼ਤ ਤੱਕ ਇਹਨੇ ਧੁਰੋਂ ਬਦਲ ਜਾਣਾ। ਯੂਨਾਈਟਡ ਨੇਸ਼ਨਜ਼ ਆਫ਼ਿਸ ਆਨ ਡਰੱਗਜ਼ ਐਂਡ ਕਰਾਈਮ (ਯੂ.ਐਨ.ਓ.ਡੀ.ਸੀ.) ਦੀ ਰੀਪੋਰਟ ਅਨੁਸਾਰ ਪੰਜਾਬ ਵਿਚੋਂ ਹਰ ਸਾਲ 20 ਹਜ਼ਾਰ ਤੋਂ ਵੱਧ ਲੋਕ .ਗੈਰਕਾਨੂੰਨੀ ਢੰਗ ਨਾਲ ਪ੍ਰਵਾਸ ਕਰਦੇ ਹਨ। ਵਿਦੇਸ਼ ਜਾਣ ਲਈ ਏਜੰਟਾਂ ਵਲੋਂ ਉਨ੍ਹਾਂ ਪਾਸੋਂ ਅੱਠ-ਦਸ ਲੱਖ ਤੋਂ ਲੈ ਕੇ ਪੱਚੀ-ਤੀਹ ਲੱਖ ਰੁਪਏ ਤਕ ਲੈ ਲਏ ਜਾਂਦੇ ਹਨ। ਹਰ ਸਾਲ ਵਿਦੇਸ਼ੀ ਸਰਕਾਰਾਂ ਵੀਜ਼ਾ ਨਿਯਮਾਂ ਵਿਚ ਤਬਦੀਲੀ ਕਰਦੀਆਂ ਹਨ। ਅਮਰੀਕਾ ਨੇ ਨਵੀਂ ਨੀਤੀ ਤਹਿਤ ਐਚ-1ਬੀ ਵੀਜ਼ਾ ਰੱਦ ਕਰ ਕੇ ਅਮਰੀਕਾ ਦੇ ਵਸਨੀਕਾਂ ਨੂੰ ਰੁਜ਼ਗਾਰ ਵਿਚ ਪਹਿਲ ਦਿਤੀ ਹੈ। ਕਿਸ਼ਤੀਆਂ ਰਾਹੀਂ .ਗੈਰਕਾਨੂੰਨੀ ਪ੍ਰਵਾਸ ਵੇਲੇ ਪੰਜਾਬੀਆਂ ਸਮੇਤ ਲਗਭਗ 34 ਹਜ਼ਾਰ ਪ੍ਰਵਾਸੀ ਡੁੱਬ ਕੇ ਮਰੇ ਹਨ। ਭਾਰਤ ਵਿਚ ਕਿਸ਼ਤੀਆਂ ਰਾਹੀਂ .ਗੈਰਕਾਨੂੰਨੀ ਪ੍ਰਵਾਸੀਆਂ ਦੀ ਢੋਆ-ਢੁਆਈ ਅੱਜ ਵੀ ਹਾਲੀਆ ਤੌਰ ਤੇ ਪੰਜਾਬ ਅਤੇ ਦਿੱਲੀ ਦੇ ਭਾਰਤੀ ਦਲਾਲਾਂ ਦੇ ਸਹਿਯੋਗ ਅਤੇ ਉਨ੍ਹਾਂ ਦੀਆਂ ਸਾਜ਼ਿਸ਼ਾਂ ਰਾਹੀਂ ਜਾਰੀ ਹੈ। ਨੌਜਵਾਨਾਂ ਵਾਸਤੇ ਸਰਕਾਰਾਂ ਨੂੰ ਰੁਜ਼ਗਾਰ ਦੇ ਵਿਸ਼ੇਸ਼ ਮੌਕੇ ਉਜਾਗਰ ਕਰਨ ਦੀ ਲੋੜ ਹੈ। ਏਜੰਟਾਂ ਦੀ ਲੁੱਟ-ਖਸੁੱਟ ਰੋਕਣ ਲਈ ਵਿਸ਼ੇਸ਼ ਕਾਨੂੰਨ ਬਣਾਏ ਜਾਣ ਦੀ ਲੋੜ ਹੈ ਤਾਂ ਕਿ ਏਜੰਟਾਂ ਵਲੋਂ ਕੀਤੇ ਜਾਂਦੇ ਸ਼ੋਸ਼ਣ ਅਤੇ ਝੂਠੇ ਲਾਰਿਆਂ ਤੋਂ ਬਚਿਆ ਜਾ ਸਕੇ। ਪੰਜਾਬੀ ਨੌਜਵਾਨਾਂ ਵਿਚ ਚੰਗਾ ਖਾਣ ਅਤੇ ਪਹਿਨਣ ਤੋਂ ਇਲਾਵਾ ਛੇਤੀ ਅੱਗੇ ਵਧਣ ਦੀ ਚਾਹਤ ਹੈ। ਪੜ੍ਹਨ-ਲਿਖਣ ਤੋਂ ਬਾਅਦ ਨੌਜਵਾਨਾਂ ਵਿਚ ਨੌਕਰੀ ਬਾਰੇ ਬੇਭਰੋਸਗੀ ਹੈ। ਭਾਰਤੀ ਕਰੰਸੀ ਦੇ ਮੁਕਾਬਲੇ ਵਿਦੇਸ਼ੀ ਕਰੰਸੀ ਦਾ ਵੱਧ ਮੁੱਲ ਆਦਿ ਵੀ ਪੰਜਾਬੀ ਨੌਜਵਾਨਾਂ ਨੂੰ ਬਾਹਰਲੇ ਮੁਲਕਾਂ ਵਲ ਖਿੱਚ ਕਰ ਰਹੇ ਹਨ।

# ਭਾਰਤ ਦਾ ਕਥਿਤ ਦੇਸ਼ ਭਗਤ ਯੁੱਧ ਪ੍ਰੇਮੀ ਇਲੈਕਟਰੌਨਿਕ ਮੀਡੀਆ

**ਬਲਰਾਜ ਸਿੰਘ ਸਿੱਧੂ**
(91-95011-00062)

ਅੱਜ ਕਲ੍ਹ ਖਬਰਾਂ ਵਾਲੇ ਟੀਵੀ. ਚੈਨਲਾਂ ਦੇ ਐਂਕਰਾਂ ਨੂੰ ਦੇਸ਼ ਭਗਤੀ ਦਾ ਜ਼ਬਰਦਸਤ (ਜਾਅਲੀ) ਬੁਖਾਰ ਚੜ੍ਹਿਆ ਹੋਇਆ ਹੈ। ਸਿਰਫ ਟੀਆਰਪੀ. ਵਧਾਉਣ ਅਤੇ ਵੱਧ ਤੋਂ ਵੱਧ ਇਸ਼ਤਿਹਾਰ



ਬਟੋਰਨ ਦੀ ਭੁੱਖ ਕਾਰਨ ਇਹ ਲੋਕ ਦੇਸ਼ ਨੂੰ ਬਲਦੀ ਦੇ ਬੁਥੇ ਝੋਕਣ ਦੀ ਤਿਆਰੀ ਕਰੀ ਬੈਠੇ ਹਨ। ਕਈ ਐਂਕਰ ਤਾਂ ਇਨੇ ਜੋਸ਼ ਵਿਚ ਆਏ ਪਏ ਹਨ ਕਿ ਫੌਜੀ ਵਰਦੀ ਪਹਿਨ ਕੇ ਪ੍ਰੋਗਰਾਮ ਪੇਸ਼ ਕਰਨ ਆਉਂਦੇ ਹਨ ਤੇ ਅਜੀਬ ਅਹਿਮਕਾਨਾ ਹਰਕਤਾਂ ਕਰ ਰਹੇ ਹਨ। ਜਿਹੜੇ ਐਂਕਰ ਨੇ ਕਦੇ ਏਅਰ ਗੰਨ ਦਾ ਪਟਾਕਾ ਨਹੀਂ ਸੁਣਿਆ, ਉਹ ਜਹਾਜ਼ਾਂ, ਤੋਪਾਂ, ਮਿਜ਼ਾਈਲਾਂ ਅਤੇ ਬੰਬਾਂ ਦੇ ਧਮਾਕੇ ਸੁਣਨ ਲਈ ਕਾਹਲਾ ਪਿਆ ਹੋਇਆ ਹੈ। ਇਹਨਾਂ ਲੋਕਾਂ ਦਾ ਨਾ ਤਾਂ ਕੋਈ ਰਿਸ਼ਤੇਦਾਰ ਫੌਜ ਵਿੱਚ ਹੈ ਅਤੇ ਨਾ ਹੀ ਇਹਨਾਂ ਕਦੇ ਜੰਗ ਦੀ ਤਬਾਹੀ ਭੋਗੀ ਹੈ। ਇਹ ਸੂਰਮੇ ਜੰਗ ਵਿੱਚ ਗੋਲੀਆਂ ਨਾਲ ਵੱਢੀਆਂ ਟੁੱਕੀਆਂ ਬੇਪਛਾਣ ਹੋਈਆਂ ਲਾਸ਼ਾਂ ਅਤੇ ਬਿਖਰੇ ਪਏ ਅੰਗ ਹੀ ਵੇਖ ਲੈਣ ਤਾਂ ਹਾਰਟ ਅਟੈਕ ਨਾਲ ਮਰ ਜਾਣ। ਇਹ ਪਹਿਲੀ ਵਾਰ ਹੋਇਆ ਹੈ ਕਿ ਸੋਸ਼ਲ ਮੀਡੀਆ ਵਿੱਚ ਇਹਨਾਂ ਐਂਕਰਾਂ ਖਿਲਾਫ ਬਾਈ ਨੇਮ ਚੁਟਕਲੇ ਚੱਲ ਰਹੇ ਹਨ ਤੇ ਸਖਤ ਭਾਸ਼ਾ ਵਿੱਚ ਨੁਕਤਾਚੀਨੀ ਹੋ ਰਹੀ ਹੈ। ਇੱਕ ਚੁਟਕਲਾ ਵਾਇਰਲ ਹੋਇਆ ਹੈ ਕਿ ਪਾਕਿਸਤਾਨ ਸਾਡੇ ਪਾਇਲਟ (ਅਭਿਨੰਦਨ) ਨੂੰ ਮੋੜ ਦੇਵੇ ਤੇ ਸਾਰੇ ਐਂਕਰਾਂ ਨੂੰ ਲੈ ਲਵੇ, ਭਾਵੇਂ ਕਦੇ ਵਾਪਸ ਨਾ ਕਰੇ। ਉਹ ਤਾਂ ਦੋਵਾਂ ਦੇਸ਼ਾਂ ਦੇ ਨੇਤਾ ਅਕਲਮੰਦੀ ਕਰ ਗਏ, ਨਹੀਂ ਇਹਨਾਂ ਨੇ ਤਾਂ ਜੰਗ ਲਗਵਾਉਣ ਦੀ ਕੋਈ ਕਸਰ ਨਹੀਂ ਛੱਡੀ। ਇਹ ਬੇਸ਼ਰਮ ਲੋਕ ਪਾਕਿਸਤਾਨ (ਬਾਲਾਕੋਟ) 'ਤੇ ਹਮਲੇ ਕਾਰਨ ਬਾਘੀਆਂ ਪਾ ਰਹੇ ਹਨ, ਲੱਡੂ ਵੰਡ ਰਹੇ ਹਨ, ਪਰ ਇਹ ਭੁੱਲ ਗਏ ਹਨ ਕਿ ਪੁਲਵਾਮਾ ਵਿੱਚ ਸ਼ਹੀਦ ਹੋਏ ਸਾਡੇ ਜਵਾਨਾਂ ਦੇ ਘਰਾਂ ਵਿੱਚ ਅਜੇ ਸੱਥਰ ਵਿਛੇ ਹੋਏ ਹਨ। ਉਹਨਾਂ ਬਾਰੇ ਹੁਣ ਕੋਈ ਇੱਕ ਲਫਜ਼ ਨਹੀਂ ਬੋਲ ਰਿਹਾ।

ਇਸ ਗੜਬੜ ਦੌਰਾਨ ਸਾਡੇ ਚੈਨਲਾਂ ਨੇ ਪਾਕਿਸਤਾਨ ਦੀ ਇਨੀ ਮਦਦ ਕੀਤੀ ਜਿੰਨੀ ਸ਼ਾਇਦ ਆਈ.ਐੱਸ.ਆਈ. ਵੀ ਨਹੀਂ ਕਰ ਸਕੀ ਹੋਣੀ। ਪਾਕਿਸਤਾਨ ਵੱਲੋਂ ਜਾਰੀ ਵੀਡੀਉ ਵਿੱਚ ਪਾਇਲਟ ਅਭਿਨੰਦਨ ਨੂੰ ਪੁੱਛਿਆ ਜਾ ਰਿਹਾ ਹੈ ਕਿ ਉਹ ਕਿੱਥੋਂ ਦਾ ਰਹਿਣ ਵਾਲਾ ਹੈ, ਉਹ ਕਿਹੜਾ ਹਵਾਈ ਜਹਾਜ਼ ਉਡਾ ਰਿਹਾ ਸੀ ਅਤੇ ਉਸਦਾ ਮਿਸ਼ਨ ਕੀ ਸੀ ? ਪਰ ਉਹ ਇਹਨਾਂ ਸਵਾਲਾਂ




ਦੇ ਜਵਾਬ ਵਿੱਚ ਕੁਝ ਵੀ ਦੱਸਣ ਤੋਂ ਇਨਕਾਰ ਕਰ ਰਿਹਾ ਹੈ। ਪਰ ਸਾਡੇ ਸਮਝਦਾਰ ਦੇਸ਼ ਭਗਤ ਐਂਕਰਾਂ ਨੇ ਇਹ ਸਭ ਕੁਝ (ਸ਼ਾਇਦ ਪਾਕਿਸਤਾਨ ਦੀ ਸਹੂਲਤ ਲਈ) ਟੀ.ਵੀ. 'ਤੇ ਵਿਖਾ ਦਿੱਤਾ। ਉਹਨਾਂ ਨੇ ਉਸਦੇ ਘਰ ਦਾ ਪਤਾ, ਮਾਤਾ-ਪਿਤਾ, ਪਤਨੀ ਅਤੇ ਬੱਚਿਆਂ ਦੇ ਨਾਮ, ਉਸਦੇ ਜਹਾਜ਼ ਦੀ ਫੋਟੋ ਅਤੇ ਉਸਦੇ ਮਿਸ਼ਨ ਬਾਰੇ ਪੂਰੇ ਵਿਸਤਾਰ ਨਾਲ ਦੱਸਿਆ। ਇਹ ਵੀ ਦੱਸ ਦਿੱਤਾ ਕਿ ਉਸਦਾ ਪਿਤਾ ਇੱਕ ਰਿਟਾਇਰਡ ਏਅਰ ਮਾਰਸ਼ਲ ਹੈ। ਪਾਕਿਸਤਾਨੀ ਫੌਜ ਨੂੰ ਭਾਰਤੀ ਮੀਡੀਆ ਦਾ ਧੰਨਵਾਦੀ ਹੋਣਾ ਚਾਹੀਦਾ ਹੈ। ਅਜਿਹੀ ਮੂਰਖਾਨਾ ਹਰਕਤ ਚੈਨਲਾਂ ਨੇ ਪਹਿਲੀ ਵਾਰ ਨਹੀਂ ਕੀਤੀ। ਮੁੰਬਈ (26/11) ਹਮਲਿਆਂ ਵੇਲੇ ਵੀ ਅਜਿਹੀ ਹਿਮਾਕਤ ਕੀਤੀ ਗਈ ਸੀ। ਉਸ ਵੇਲੇ ਵੀ ਭਾਰਤੀ ਫੌਜ ਅਤੇ ਕਮਾਂਡੋਆਂ ਵੱਲੋਂ ਕੀਤੀ ਜਾ ਰਹੀ ਕਾਰਵਾਈ ਨਾਲ ਦੀ ਨਾਲ (ਲਾਈਵ) ਟੀ.ਵੀ. ਚੈਨਲਾਂ 'ਤੇ ਵਿਖਾਈ ਜਾ ਰਹੀ ਸੀ। ਕਮਾਂਡੋ ਕਿੰਨੇ ਵਜੇ ਦਿੱਲੀ ਤੋਂ ਚੱਲੇ, ਉਹਨਾਂ ਦੀ ਗਿਣਤੀ, ਹਥਿਆਰਾਂ ਦੀ ਕਿਸਮ, ਕਿਸ ਹੈਲੀਕਾਪਟਰ 'ਤੇ ਆਏ ਤੇ ਉਹ ਕਿੱਥੇ ਉੱਤਰ ਰਹੇ ਹਨ, ਵਿਸਤਾਰ ਸਹਿਤ ਦੱਸਿਆ ਜਾ ਰਿਹਾ ਸੀ। ਚੰਗੀ ਕਿਸਮਤ ਨੂੰ ਭਾਰਤੀ ਖੁਫੀਆ ਏਜੰਸੀਆਂ ਨੇ ਤਾਜ਼ ਹੋਟਲ ਅੰਦਰ ਛਿਪੇ ਜਿਹਾਦੀਆਂ ਦੇ ਮੋਬਾਇਲ ਫੋਨ ਸਰਵੇਲੈਂਸ 'ਤੇ ਲਗਾਏ ਹੋਏ ਸਨ। ਪਤਾ ਚੱਲਿਆ ਕਿ ਉਹਨਾਂ ਦੇ ਪਾਕਿਸਤਾਨ ਬੈਠੇ ਆਕਾ ਟੀ.ਵੀ. ਵੇਖ ਕੇ ਉਹਨਾਂ ਨੂੰ ਦਿਸ਼ਾ ਨਿਰਦੇਸ਼ ਦੇ ਰਹੇ ਹਨ। ਉਹਨਾਂ ਨੂੰ ਦੱਸਿਆ ਜਾ ਰਿਹਾ ਸੀ ਕਿ ਤੁਸੀਂ ਇੰਨੇ ਭਾਰਤੀ ਮਾਰ ਦਿੱਤੇ ਹਨ, ਹੁਣ ਕਮਾਂਡੋ ਹੋਟਲ ਦੀ ਛੱਤ ਉੱਪਰ ਉੱਤਰ ਰਹੇ ਹਨ, ਉਹਨਾਂ ਦਾ ਵੱਧ ਤੋਂ ਵੱਧ ਨੁਕਸਾਨ ਕਰੋ। ਸਾਰੇ ਹੋਟਲ ਨੂੰ ਅੱਗ ਲੱਗਾ ਦਿਉ ਤੇ ਕੁਰਬਾਨ ਹੋਣ ਲਈ ਤਿਆਰ ਹੋ ਜਾਉ। ਇਸ ਤੋਂ ਘਬਰਾ ਕੇ ਸਰਕਾਰ ਨੇ ਚੈਨਲਾਂ ਨੂੰ ਸਿੱਧਾ ਪ੍ਰਸਾਰਨ ਬੰਦ ਕਰਨ ਲਈ ਕਿਹਾ ਤਾਂ ਬੋਲਣ ਦੀ ਅਜ਼ਾਦੀ ਦਾ ਬਹਾਨਾ ਬਣਾ ਕੇ ਖੂਬ ਹੱਲਾ ਮਚਾਇਆ ਗਿਆ। ਆਖਰ ਦਬਕਾ ਮਾਰ ਕੇ ਪ੍ਰਸਾਰਨ ਬੰਦ ਕਰਵਾਏ ਗਏ। ਅੱਜ ਕਲ੍ਹ ਜਿਹੜੇ ਲੋਕਾਂ ਨੂੰ ਜੰਗ ਕਰਨ ਦਾ ਚਾਅ ਚੜ੍ਹਿਆ ਹੈ, ਉਹਨਾਂ ਨੂੰ ਸ਼ਾਇਦ ਪਤਾ ਨਹੀਂ ਕਿ ਜੰਗ ਕੋਈ ਵੀਡੀਉ ਗੇਮ ਨਹੀਂ ਹੁੰਦੀ। ਇਸ ਵਿੱਚ ਮਰਿਆ ਬੰਦਾ ਦੁਬਾਰਾ ਜ਼ਿੰਦਾ ਨਹੀਂ ਹੁੰਦਾ। ਪੁਲਵਾਮਾ ਹਮਲੇ ਦਾ ਬਦਲਾ ਲੈਣਾ ਭਾਰਤ ਦਾ ਹੱਕ ਹੈ, ਪਰ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੈ। ਸਭ ਨੂੰ ਪਤਾ ਹੈ ਕਿ ਜਦੋਂ ਦਾ ਪੁਲਵਾਮਾ ਹਮਲਾ ਹੋਇਆ ਹੈ ਤੇ ਟੀ.ਵੀ. ਚੈਨਲਾਂ ਨੇ ਤੋਤੇ ਵਾਂਗ ਚੀਕ ਚੀਕ ਕੇ ਲੋਕਾਂ ਦੀ ਦੇਸ਼ ਭਗਤੀ ਜਗਾਈ ਹੈ, ਇਹਨਾਂ ਨੂੰ ਕਰੋੜਾਂ ਦੇ ਇਸ਼ਤਿਹਾਰ ਮਿਲ ਰਹੇ ਹਨ। ਸਿਰਫ ਆਪਣੀ ਟੀ.ਆਰ.ਪੀ. ਵਧਾਉਣ ਅਤੇ ਇਸ਼ਤਿਹਾਰ ਬਟੋਰਨ ਲਈ ਵੱਧ ਤੋਂ ਵੱਧ ਅੱਗ ਉਗਲੀ ਜਾ ਰਹੀ ਹੈ। ਇੱਕ ਚੈਨਲ ਵਾਲੀ ਬੀਬੀ ਇਹ ਵਿਖਾ ਰਹੀ ਸੀ ਕਿ ਅਮਰੀਕਾ ਨੇ ਪਾਕਿਸਤਾਨ ਨੂੰ ਫਟਕਾਰ ਲਗਾਈ ਹੈ ਕਿ ਉਸ ਨੇ ਐੱਫ 16 ਜਹਾਜ਼ ਕਿਉਂ ਵਰਤੇ ? ਉਹ ਭੁੜਕ ਭੁੜਕ ਕੇ ਚੀਕ ਰਹੀ ਸੀ ਕਿ ਅਬ ਫੰਸ ਗਿਆ ਪਾਕਿਸਤਾਨ। ਹੁਣ ਦੱਸੋ ਕਿ ਕੋਈ ਦੇਸ਼ ਜੰਗੀ ਜਹਾਜ਼ ਕਿਉਂ ਖਰੀਦਦਾ ਹੈ ? ਪਤਾ ਨਹੀਂ ਅਜਿਹੀਆਂ ਮੂਰਖਾਨਾ ਗੱਲਾਂ ਇਹ ਲੋਕ ਕਿਉਂ ਕਰ ਰਹੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਇਹਨਾਂ ਸਾਰਿਆਂ ਨੂੰ ਕੁਝ ਦਿਨ ਲਈ ਲਾਈਨ ਆਫ ਕੰਟਰੋਲ 'ਤੇ ਰਹਿਣ ਲਈ ਭੇਜਿਆ ਜਾਵੇ ਜਿੱਥੇ ਰੋਜ਼ ਭਾਰਤ ਪਾਕਿਸਤਾਨ ਵਿੱਚ ਗੋਲਾਬਾਰੀ ਚੱਲਦੀ ਹੈ। ਜਾਂ ਪੰਜਾਬ ਦੇ ਸਰਹੱਦੀ ਪਿੰਡਾਂ ਵਿੱਚ ਭੇਜਿਆ ਜਾਵੇ ਜਿੱਥੇ ਲੋਕ ਅਜੇ 1965-1971 ਦੀਆਂ ਜੰਗਾਂ ਨਹੀਂ ਭੁੱਲੇ। ਬਹੁਤ ਮੁਸ਼ਕਲ ਨਾਲ ਬਣਾਏ ਆਸ਼ਿਆਨੇ ਛੱਡ ਕੇ ਭੱਜਣ ਦੇ ਖਿਆਲ ਨਾਲ ਹੀ ਉਹਨਾਂ ਦੀਆਂ ਧਾਹਾਂ ਨਿਕਲ ਰਹੀਆਂ ਹਨ।ਮੇਰੇ ਪਿੰਡ ਦੇ ਕੋਈ ਸੌ ਦੇ ਕਰੀਬ ਜਵਾਨ ਫੌਜ ਵਿੱਚ ਭਰਤੀ ਹਨ। ਉਹਨਾਂ ਦੇ ਪਰਿਵਾਰਾਂ ਨੂੰ ਪੁੱਛ ਕੇ ਵੇਖੋ ਜੰਗ ਕੀ ਹੁੰਦੀ ਹੈ ? ਰਾਤਾਂ ਨੂੰ ਨੀਂਦ ਨਹੀਂ ਆਉਂਦੀ। ਪਹਿਲੀ ਸੰਸਾਰ ਯੁੱਧ ਵਿੱਚ ਕਰੀਬ ਚਾਰ ਕਰੋੜ ਅਤੇ ਦੂਸਰੀ ਸੰਸਾਰ ਯੁੱਧ ਵਿੱਚ ਕਰੀਬ ਨੌਂ ਕਰੋੜ ਲੋਕ ਮਾਰੇ ਗਏ ਸਨ। ਇਕੱਲੇ ਰੂਸ ਦੇ ਦੋ ਕਰੋੜ ਤੋਂ ਵੱਧ ਔਰਤਾਂ, ਮਰਦ ਅਤੇ ਬੱਚੇ ਜਹਾਨੋਂ ਗਏ ਸਨ। ਜੰਗ ਲੜਨ ਵਾਲੇ ਉਹ ਦੇਸ਼ ਹੁਣ ਆਪਸ ਵਿੱਚ ਮਿੱਤਰ ਹਨ। ਕਿਸੇ ਦੀ ਸਰਹੱਦ ਇੱਕ ਇੰਚ ਵੀ ਇੱਧਰ ਉੱਧਰ ਨਹੀਂ ਗਈ। ਭਾਰਤ-ਪਾਕਿਸਤਾਨ ਨੇ ਹੁਣ ਤੱਕ ਤਿੰਨ ਯੁੱਧ ਲੜੇ ਹਨ। ਹਜ਼ਾਰਾਂ ਲੋਕ ਮਰਵਾ ਕੇ ਤੇ ਅਰਬਾਂ ਦਾ ਨੁਕਸਾਨ ਕਰਵਾ ਕੇ ਆਖਰ ਸੰਧੀਆਂ ਹੀ ਹੋਈਆਂ ਹਨ। ਜੇ ਜੰਗ ਦੀ ਭਿਆਨਕਤਾ ਬਾਰੇ ਜਾਨਣਾ ਹੈ ਤਾਂ ਜਪਾਨ, ਵੀਅਤਨਾਮ, ਇਰਾਕ, ਲੀਬੀਆ, ਅਫਗਾਨਿਸਤਾਨ ਅਤੇ ਸੀਰੀਆ ਆਦਿ ਦੀ ਬਰਬਾਦੀ ਵੇਖ ਲੈਣੀ ਚਾਹੀਦੀ ਹੈ। ਇਰਾਕ, ਸੀਰੀਆ, ਲੀਬੀਆ ਅਤੇ ਅਫਗਾਨਿਸਤਾਨ ਵਿੱਚ ਕਈ ਨਸਲਾਂ ਖਤਮ ਹੋ ਗਈਆਂ ਹਨ। ਇਹਨਾਂ ਦੇਸ਼ਾਂ ਦੇ ਲੋਕ ਸ਼ਰਨਾਰਥੀ ਬਣ ਕੇ ਸਾਰੇ ਸੰਸਾਰ ਵਿੱਚ ਧੱਕੇ ਖਾਂਦੇ ਫਿਰਦੇ ਹਨ। ਹਜ਼ਾਰਾਂ ਔਰਤਾਂ ਨਾਲ ਬਲਾਤਕਾਰ ਹੋ ਚੁੱਕਾ ਹੈ, ਆਰਥਿਕ ਢਾਂਚਾ ਬਿਲਕੁਲ ਤਬਾਹ ਹੋ ਗਿਆ ਹੈ। ਲੱਗਦਾ ਹੈ ਦੁਬਾਰਾ ਪੱਥਰ ਯੁੱਗ ਵਿੱਚ ਪਹੁੰਚ ਗਏ ਹਨ। ਜਪਾਨ ਦੇ ਸ਼ਹਿਰ ਹੀਰੋਸ਼ੀਮਾ ਅਤੇ ਨਾਗਾਸਾਕੀ ਉੱਪਰ ਅਗਸਤ 1945 ਵਿੱਚ ਐਟਮ ਬੰਬ ਅਤੇ ਵੀਅਤਨਾਮ ਵਿੱਚ ਵੀਅਤਨਾਮ-ਅਮਰੀਕਾ ਯੁੱਧ (1956-1975) ਵੇਲੇ ਬੇਹਿਸਾਬੇ ਕੈਮੀਕਲ ਬੰਬ ਸੁੱਟੇ ਗਏ ਸਨ। ਇੰਨੇ ਸਾਲ ਬੀਤ ਜਾਣ ਦੇ ਬਾਵਜੂਦ ਉੱਥੇ ਲੂਲੇ, ਲੰਗੜੇ, ਅਪਾਹਜ ਅਤੇ ਮੰਦਬੁੱਧੀ ਬੱਚੇ ਪੈਦਾ ਹੋ ਰਹੇ ਹਨ। ਧਰਤੀ ਅਜੇ ਵੀ ਬੰਜਰ ਹੈ। ਦਿੱਲੀ-ਮੁੰਬਈ ਵਰਗੇ ਮਹਾਂਨਗਰਾਂ ਵਿੱਚ ਬੈਠ ਕੇ ਜੰਗ ਮੰਗਣ ਵਾਲੇ ਸਾਡੇ ਕਥਿੱਤ ਦੇਸ਼ ਭਗਤ ਐਂਕਰਾਂ ਨੂੰ ਸ਼ਾਇਦ ਪਤਾ ਨਹੀਂ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੈ। ਭਾਰਤ ਅਤੇ ਪਾਕਿਸਤਾਨ ਦੋਵੇਂ ਐਟਮੀ ਤਾਕਤਾਂ ਹਨ। ਇਹ ਐਟਮ ਬੰਬ ਹੀਰੋਸ਼ੀਮਾ-ਨਾਗਾਸਾਕੀ ਵਾਲੇ ਐਟਮ ਬੰਬਾਂ ਨਾਲੋਂ ਕਈ ਗੁਣਾ ਵੱਧ ਤਾਕਤਵਰ ਹਨ। ਐਟਮ ਬੰਬ ਨਾਲ ਹੋਣ ਵਾਲੀ ਤਬਾਹੀ ਬਾਰੇ ਸੋਚ ਕੇ ਹੀ ਰੂਹ ਕੰਬ ਜਾਂਦੀ ਹੈ। ਇਹਨਾਂ ਯੁੱਧ ਪ੍ਰੇਮੀਆਂ ਨੂੰ ਪਤਾ ਹੋਣ ਚਾਹੀਦਾ ਹੈ ਜੇ ਕਿਤੇ ਜੰਗ ਲੱਗ ਗਈ ਤਾਂ ਇਹ ਕਸ਼ਮੀਰ, ਪੰਜਾਬ ਅਤੇ ਰਾਜਸਥਾਨ ਦੇ ਸਰਹੱਦੀ ਇਲਾਕਿਆਂ ਤੱਕ ਸੀਮਤ ਨਹੀਂ ਰਹਿਣੀ, ਸਗੋਂ ਸਾਰਾ ਦੇਸ਼ ਇਸਦੀ ਮਾਰ ਹੇਠ ਆ ਜਾਵੇਗਾ। ਇਸ ਲਈ ਕਥਿਤ ਦੇਸ਼ ਭਗਤ ਚੈਨਲਾਂ ਅੱਗੇ ਬੇਨਤੀ ਹੈ ਕਿ ਉਹ ਪੈਸੇ ਦੇ ਲਾਲਚ ਕਾਰਨ ਆਮ ਲੋਕਾਂ ਦੀ ਜ਼ਿੰਦਗੀ ਖਤਰੇ ਵਿੱਚ ਪਾਉਣ ਦੀ ਬਜਾਏ ਸੱਚ 'ਤੇ ਪਹਿਰਾ ਦੇਣ। ਦੋਵੇਂ ਦੇਸ਼ ਵੀ ਇੱਕ ਦੂਸਰੇ ਉੱਪਰ ਗੋਲੀਆਂ ਚਲਾਉਣ ਦੀ ਬਜਾਏ ਹਸਪਤਾਲਾਂ ਵਿੱਚ ਗੋਲੀਆਂ (ਦਵਾਈਆਂ) ਦੀ ਪੂਰਤੀ ਕਰਨ ਤੇ ਆਪਣੀ ਗਰੀਬ ਜਨਤਾ ਲਈ ਕੁੱਲੀ, ਜੁੱਲੀ ਅਤੇ ਗੁੱਲੀ ਦਾ ਪ੍ਰਬੰਧ ਕਰਨ।

# ਭੀੜਤੰਤਰ ਤੇ ਡੰਡਾਤੰਤਰ ਤੋਂ ਜ਼ਖਮੀ ਹੈ ਲੋਕਤੰਤਰ ਦੀ ਆਤਮਾ

**ਮੁਹੰਮਦ ਅੱਬਾਸ ਧਾਲੀਵਾਲ**

ਕਿਸੇ ਵੀ ਦੇਸ਼ ਦੀ ਤਰੱਕੀ ਸਹੀ ਮਾਅਨਿਆਂ ਵਿਚ ਉਸ ਵਕਤ ਹੀ ਸੰਭਵ ਹੈ ਜਦੋਂ ਦੇਸ਼ ਵਿਚ ਅਮਨ ਸ਼ਾਂਤੀ ਵਾਲਾ ਮਾਹੌਲ ਸਥਾਪਿਤ ਹੋਵੇ ਅਤੇ ਉਸ ਦੇ ਸਾਰੇ ਨਾਗਰਿਕਾਂ ਦੇ ਜਾਨ ਮਾਲ



ਯਕੀਨੀ ਤੌਰ 'ਤੇ ਸੁਰੱਖਿਅਤ ਹੋਣ। ਇਸਦੇ ਉਲਟ ਜੇਕਰ ਕਿਸੇ ਦੇਸ਼ ਦੇ ਲੋਕਾਂ ਦੇ ਜਹਿਨਾਂ ਵਿੱਚ ਅਸੁਰੱਖਿਆ, ਭੈਅ ਅਤੇ ਦਹਿਸ਼ਤ ਦਾ ਮਾਹੌਲ ਘਰ ਕਰ ਜਾਵੇ ਤਾਂ ਉਸ ਮੁਲਕ ਦਾ ਵਿਕਾਸ ਕਦਾਚਿਤ ਸੰਭਵ ਨਹੀਂ ਹੋ ਸਕਦਾ। ਪਿਛਲੇ ਕੁਝ ਸਾਲਾਂ ਦੌਰਾਨ ਸਾਡੇ ਦੇਸ਼ ਵਿੱਚ ਜਿਸ ਤਰ੍ਹਾਂ ਘੱਟ ਗਿਣਤੀਆਂ, ਦਲਿਤਾਂ ਅਤੇ ਆਦੀ ਵਾਸੀਆਂ 'ਤੇ ਕੁਝ ਫਰਜੀ ਕਿਸਮ ਦੇ ਕਥਿਤ ਰਾਸ਼ਟਰ ਭਗਤਾਂ ਨੇ ਜ਼ੁਲਮ ਓ ਤਸ਼ੱਦਦ ਦਾ ਬਾਜਾਰ ਗਰਮ ਕਰ ਰੱਖਿਆ ਹੈ, ਯਕੀਨਨ ਉਸ ਨੇ ਦੇਸ਼ ਦੀ ਸਾਂਝੀਵਾਲਤਾ ਨੂੰ ਹੁਣ ਤੱਕ ਬੇਹੱਦ ਨੁਕਸਾਨ ਪਹੁੰਚਾਇਆ ਹੈ। ਇਹ ਵੀ ਕਿ ਪਿਛਲੇ ਕੁਝ ਸਾਲਾਂ ਤੋਂ ਜਿਸ ਪ੍ਰਕਾਰ ਦੇਸ਼ ਵਿੱਚ ਇੱਕ ਤੋਂ ਬਾਅਦ ਇੱਕ ਮੌਬ-ਲਿੰਚਿੰਗ ਦੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਹਨ ਅਤੇ ਜਿਸ ਪ੍ਰਕਾਰ ਇਸ ਸਭ ਨੂੰ ਪ੍ਰਸ਼ਾਸਨ ਇੱਕ ਤਰ੍ਹਾਂ ਨਾਲ ਮੂਕ ਦਰਸ਼ਕ ਅਤੇ ਤਮਾਸ਼ਬੀਨ ਬਣ ਵੇਖਦਾ ਰਿਹਾ ਹੈ ਇਸ ਨਾਲ ਉਨ੍ਹਾਂ ਦੀ ਕਾਰਜਸ਼ੈਲੀ ਇੱਕ ਪ੍ਰਕਾਰ ਸ਼ੱਕ ਦੇ ਘੇਰੇ ਵਿੱਚ ਆ ਜਾਂਦੀ ਹੈ। ਇਹੋ ਕਾਰਨ ਹੈ ਕਿ ਇਸ ਉਪਰੰਤ ਸੁਪਰੀਮ ਕੋਰਟ ਨੇ ਅਜਿਹੀਆਂ ਮੌਬ-ਲਿੰਚਿੰਗ ਦੀਆਂ ਘਟਨਾਵਾਂ ਦੀ ਰੋਕਥਾਮ ਦੇ ਸੰਦਰਭ ਵਿੱਚ ਸੂਬਾਈ ਸਰਕਾਰਾਂ ਨੂੰ ਵਿਸ਼ੇਸ਼ ਰੂਪ ਵਿੱਚ ਹਦਾਇਤਾਂ ਜਾਰੀ ਕਰਨੀਆਂ ਪਈਆਂ ਹਨ।

ਪ੍ਰੰਤੂ ਇਸ ਸਭ ਦੇ ਬਾਵਜੂਦ ਦੇਸ਼ ਵਿੱਚ ਜਿਸ ਪ੍ਰਕਾਰ ਇੱਕ ਭੀੜਤੰਤਰ ਨੇ ਆਪਣੇ ਡੰਡਾਤੰਤਰ ਰਾਹੀਂ ਲੋਕਤੰਤਰ ਦੀ ਆਤਮਾ ਨੂੰ ਜਖਮੀ ਕੀਤਾ ਹੈ ਉਸ ਕਾਰਨ ਦੇਸ਼ ਨੂੰ ਜੋ ਦੁਨੀਆ ਵਿੱਚ ਨਮੋਸ਼ੀ ਝੱਲਣੀ ਪਈ ਹੈ, ਉਸਦੀ ਮਿਸਾਲ ਨਹੀਂ ਮਿਲਦੀ। ਯਕੀਨਨ ਇਹ ਸਮੁੱਚੇ ਦੇਸ਼ ਲਈ ਸ਼ਰਮ ਦੇ ਨਾਲ-ਨਾਲ ਚਿੰਤਾ ਦਾ ਵਿਸ਼ਾ ਹੈ। ਇਸੇ ਸੰਦਰਭ ਵਿੱਚ ਬੀਤੇ ਰੋਜ਼ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰਾਂ ਦੀ ਮੁਖੀ ਮਿਸ਼ੇਲ ਬੇਚੇਲੇਟ ਨੇ ਜਨੇਵਾ ਪ੍ਰੀਸ਼ਦ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਵਿਚ ਅਸਮਾਨਤਾ ਇੱਕ ਪ੍ਰਮੁੱਖ ਮੁੱਦਾ ਬਣਿਆ ਹੋਇਆ ਹੈ। ਅਜਿਹਾ ਪ੍ਰਤੀਤ ਹੁੰਦਾ ਹੈ ਕਿ ਸੰਕੀਰਣ ਰਾਜਨੀਤਕ ਏਜੰਡਿਆਂ ਕਾਰਨ ਕਮਜ਼ੋਰ ਲੋਕ ਹੋਰ ਵਧੇਰੇ ਹਾਸ਼ੀਏ 'ਤੇ ਜਾ ਰਹੇ ਹਨ ਜਦਕਿ ਉਕਤ ਘਟਨਾਵਾਂ ਘੱਟ ਗਿਣਤੀਆਂ, ਵਿਸ਼ੇਸ਼ ਤੌਰ 'ਤੇ ਮੁਸਲਿਮ ਭਾਈਚਾਰਾ ਅਤੇ ਹਾਸ਼ੀਏ 'ਤੇ ਰਹਿਣ ਵਾਲੇ ਲੋਕਾਂ ਜਿਵੇਂ ਕਿ ਦਲਿਤਾਂ ਅਤੇ ਆਦੀ ਵਾਸੀਆਂ ਦੇ ਉਤਪੀੜਨ ਅਤੇ ਉਨ੍ਹਾਂ ਨੂੰ ਨਿਸ਼ਾਨਾ ਬਣਾਏ ਜਾਣ ਦਾ ਸੰਕੇਤ ਦਿੰਦੀਆਂ ਹਨ। ਇਸ ਦੇ ਨਾਲ ਹੀ ਮਿਸ਼ੇਲ ਬੇਚੇਲੇਟ ਨੇ ਭਾਰਤ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਵੰਡ ਦੀ ਪਾਲਿਸੀ ਦੇ ਕਾਰਨ ਦੇਸ਼ ਦੀ ਇਕਨਾਮਿਕ ਗ੍ਰੋਥ ਵਿਚ ਰੁਕਾਵਟ ਆਵੇਗੀ। ਜ਼ਿਕਰਯੋਗ ਹੈ ਕਿ ਬੇਚੇਲੇਟ ਦਾ ਉਕਤ ਖੁਲਾਸਾ ਐਮਨੈਸਟੀ ਇੰਟਰਨੈਸ਼ਨਲ ਇੰਡੀਆ ਦੀ ਉਸ ਰਿਪੋਰਟ ਤੋਂ ਬਾਅਦ ਆਇਆ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ 2018 ਵਿੱਚ ਹਾਸ਼ੀਏ 'ਤੇ ਆਏ ਲੋਕਾਂ ਦੇ 200 ਤੋਂ ਵਧੇਰੇ ਮਾਮਲੇ ਸਾਹਮਣੇ ਆਏ, ਐਮਨੈਸਟੀ ਇੰਡੀਆ ਦੁਆਰਾ ਜਾਰੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹੇਟ ਕ੍ਰਾਈਮ, ਰੇਪ ਅਤੇ ਕਤਲ ਜਿਹੀਆਂ ਘਟਨਾਵਾਂ ਵਿੱਚ ਉੱਤਰ ਪ੍ਰਦੇਸ਼ ਲਗਾਤਾਰ ਤੀਜੇ ਸਾਲ ਵੀ ਸਰੇ-ਫਹਿਰਿਸਤ ਰਿਹਾ ਹੈ ਇਸ ਸਬੰਧੀ ਐਮਨੈਸਟੀ ਇੰਡੀਆ ਨੇ ਆਪਣੀ ਵੈੱਬਸਾਈਟ 'ਤੇ ਰਿਕਾਰਡ ਜਾਰੀ ਕਰਦਿਆਂ ਕਿਹਾ ਕਿ ਹੇਟ ਕ੍ਰਾਈਮ ਦੇ ਮਾਮਲੇ ਹਾਸ਼ੀਆਈ ਵਰਗ ਦੇ ਲੋਕਾਂ ਖਿਲਾਫ ਸਾਹਮਣੇ ਆਏ ਹਨ ਜਿਨ੍ਹਾਂ ਵਿੱਚ ਦਲਿਤ ਅਤੇ ਆਦੀ ਵਾਸੀਆਂ ਘੱਟ ਗਿਣਤੀ ਧਰਮ ਦੇ ਲੋਕਾਂ ਟਰਾਂਸ ਜੈਂਡਰ ਲੋਕਾਂ ਨਾਲ ਨਾਲ ਰਫਿਊਜੀ ਸ਼ਾਮਿਲ ਹਨ। 20 18 ਸਾਲ ਵਿੱਚ ਵੈੱਬਸਾਈਟ ਨੇ ਕਥਿਤ ਤੌਰ 'ਤੇ ਹੇਟ ਕ੍ਰਾਈਮ ਦੀਆਂ 218 ਘਟਨਾਵਾਂ ਦਾ ਜੋ ਦਸਤਾਵੇਜ਼ ਤਿਆਰ ਕੀਤਾ ਹੈ ਉਨ੍ਹਾਂ ਵਿੱਚ 142 ਮਾਮਲੇ ਦਲਿਤਾਂ, 50 ਮਾਮਲੇ ਮੁਸਲਮਾਨਾਂ ਅਤੇ ਅੱਠ ਅੱਠ ਮਾਮਲੇ ਈਸਾਈ, ਆਦੀ ਵਾਸੀਆਂ ਅਤੇ ਟਰਾਂਸ ਜੈਂਡਰਜ਼ ਦੇ ਖਿਲਾਫ ਸਾਹਮਣੇ ਆਏ ਹਨ।

ਐਮਨੈਸਟੀ ਇੰਡੀਆ ਨੇ ਕਿਹਾ ਕਿ 97 ਘਟਨਾਵਾਂ ਹਮਲੇ ਦੀਆਂ



ਹਨ ਅਤੇ 87 ਕਤਲ ਦੇ ਮਾਮਲੇ ਅਤੇ 40 ਮਾਮਲੇ ਅਜਿਹੇ ਹਨ ਜਿਨ੍ਹਾਂ ਵਿੱਚ ਹਾਸ਼ੀਏ ਵਾਲੀਆਂ ਕਮਿਊਨਿਟੀਆਂ ਦੀਆਂ ਔਰਤਾਂ ਜਾਂ ਟਰਾਂਸ ਜੈਂਡਰਜ਼ ਲੋਕਾਂ ਨੂੰ ਸਰੀਰਕ ਸ਼ੋਸ਼ਣ ਦਾ ਸਾਹਮਣਾ ਕਰਨਾ ਪਿਆ ਹੈ ਰਿਪੋਰਟ ਵਿੱਚ ਕਿਹਾ ਗਿਆ ਹੈ ਇਹਨਾਂ ਵਿੱਚ ਵੀ ਵਿਸ਼ੇਸ਼ ਤੌਰ 'ਤੇ ਦਲਿਤ ਔਰਤਾਂ ਨੂੰ ਵੱਡੀ ਗਿਣਤੀ ਸਰੀਰਕ ਸ਼ੋਸ਼ਣ ਦਾ ਸਾਹਮਣਾ ਕਰਨਾ ਪਿਆ ਅਰਥਾਤ ਕੁੱਲ 40 ਵਿੱਚੋਂ 30 ਮਾਮਲੇ ਇਨ੍ਹਾਂ ਖਿਲਾਫ ਹੀ ਵਾਪਰੇ ਹਨ।

ਉਕਤ ਜ਼ੁਲਮ ਕਰਨ ਦੀ ਕੋਈ ਵੀ ਸੱਭਿਅਕ ਸਮਾਜ ਇਜਾਜ਼ਤ ਨਹੀਂ ਦਿੰਦਾ ਪਰ ਭਾਰਤ ਲਈ ਇਹ ਡਾਢੇ ਚਿੰਤਾ ਵਾਲਾ ਵਿਸ਼ਾ ਹੈ। ਜੋ ਵੀ ਮਾੜੇ ਅਨਸਰ ਅਜਿਹੀਆਂ ਘਿਨਾਉਣੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ ਉਨ੍ਹਾਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਰਾਜਨੀਤਕ ਪੁਸ਼ਤ-ਪਨਾਹੀ ਹਾਸਿਲ ਹੁੰਦੀ ਹੈ। ਇਹ ਵੀ ਇੱਕ ਮੰਦਭਾਗੀ ਗੱਲ ਹੈ ਕਿ ਕੁਝ ਰਾਜਨੀਤਿਕ ਪਾਰਟੀਆਂ ਇਸ ਵਿਚਾਰਧਾਰਾ 'ਤੇ ਹੀ ਖੜ੍ਹੀਆਂ ਹਨ ਕਿ ਭਾਰਤ ਵਿੱਚ ਸੱਤਾ ਵਿੱਚ ਬਣੇ ਰਹਿਣ ਲਈ ਦੇਸ਼ ਦੇ ਲੋਕਾਂ ਨੂੰ ਧਰਮ ਅਤੇ ਜਾਤ-ਪਾਤ ਦੇ ਨਾਂ 'ਤੇ ਵੰਡਣ ਨੂੰ ਪਹਿਲ ਦਿੰਦੀਆਂ ਹਨ। ਬੇਸ਼ੱਕ ਉਕਤ ਵਿਚਾਰਧਾਰਾ ਹਾਲ ਦੀ ਘੜੀ ਸਿਆਸੀ ਪਾਰਟੀਆਂ ਨੂੰ ਰਾਸ ਆ ਰਹੀ ਮਹਿਸੂਸ ਹੁੰਦੀ ਹੋਵੇ ਪਰ ਇਸ ਦੇ ਨਤੀਜੇ ਆਉਣ ਵਾਲੇ ਸਮੇਂ ਭਾਰਤ ਲਈ ਕਿਸ ਕਦਰ ਘਾਤਕ ਅਤੇ ਮਾਰੂ ਸਿੱਧ ਹੋ ਸਕਦੇ ਹਨ, ਸ਼ਾਇਦ ਇਸ ਦੀ ਅਸੀਂ ਕਲਪਨਾ ਵੀ ਨਹੀਂ ਕਰ ਸਕਦੇ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜੇਕਰ ਅਸੀਂ ਅੱਜ ਨਫਰਤ ਦੀ ਫਸਲ ਬੀਜਦੇ ਹਾਂ ਤਾਂ ਸਾਨੂੰ ਆਉਣ ਵਾਲੇ ਸਮੇਂ ਵਿੱਚ ਉਹੋ ਜਿਹੀ ਫਸਲ ਹੀ ਵੱਢਣੀ ਪਵੇਗੀ। ਸੱਤਾ ਦੀ ਲਾਲਸਾ ਵਿੱਚ ਦੋ ਧਰਮਾਂ ਦੇ ਲੋਕਾਂ ਵਿਚਕਾਰ ਜੋ ਨਫਰਤ ਦੀਆਂ ਖਾਈਆਂ ਦੇਸ਼ ਦੇ ਸਮੁੱਚੇ ਲੋਕਾਂ ਵਿਚਕਾਰ ਪੁੱਟ ਰਹੇ ਹਾਂ, ਯਕੀਨਨ ਉਨ੍ਹਾਂ ਦੀ ਪੂਰਤੀ ਸਦੀਆਂ ਵਿਚ ਵੀ ਕਰਨੀ ਮੁਸ਼ਕਿਲ ਹੋਵੇਗੀ। ਮੁਜ਼ੱਫਰ ਰਜ਼ਮੀ ਨੇ ਕਿੰਨੇ ਸੋਹਣੇ ਸ਼ਬਦਾਂ ਵਿਚ ਕਿਹਾ ਹੈ :

ਵੋਹ ਅਹਿਦ ਭੀ ਦੇਖਾ ਹੈ ਤਾਰੀਖ ਕੀ ਆਖੋਂ ਨੇ।
ਲਮਹੋਂ ਨੇ ਖਤਾ ਕੀ ਥੀ ਸਦੀਓਂ ਨੇ ਸਜ਼ਾ ਪਾਈ।

ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਭਾਰਤ ਇੱਕ ਬਾਗ ਰੂਪੀ ਗੁਲਦਸਤਾ ਹੈ। ਗੁਲਦਸਤੇ ਦੀ ਖੂਬਸੂਰਤੀ ਫੁੱਲਾਂ ਦੀ ਵੰਨ-ਸੁਵੰਨਤਾ ਵਿੱਚ ਹੀ ਛੁਪੀ ਹੁੰਦੀ ਹੈ। ਇਸੇ ਪ੍ਰਕਾਰ ਇਸ ਦੇਸ਼ ਦਾ ਸੁਹਪਣ ਵੀ ਵੱਖ ਵੱਖ ਧਰਮਾਂ ਦੇ ਲੋਕਾਂ ਦੀ ਆਪਸੀ ਭਾਈਚਾਰਕ ਸਾਂਝ ਵਿੱਚ ਹੀ ਹੈ। ਲੋਕ ਚਾਹੇ ਉਹ ਹਿੰਦੂ ਹੋਣ ਜਾਂ ਮੁਸਲਮਾਨ ਸਾਰੇ ਹੀ ਆਪਸ ਵਿੱਚ ਪਿਆਰ ਮੁਹੱਬਤ ਨਾਲ ਮਿਲਜੁਲ ਕੇ ਰਹਿਣਾ ਚਾਹੁੰਦੇ ਹਨ। ਸੱਚ ਪੁੱਛੋ ਤਾਂ ਦੇਸ਼ ਅੰਦਰ ਜੋ ਵੀ ਨਫਰਤ ਦੀ ਅੱਗ ਫੈਲਾਈ ਜਾ ਰਹੀ ਹੈ, ਉਸ ਤੋਂ ਦੋਵੇਂ ਧਰਮਾਂ ਦੇ ਲੋਕ ਦੁਖੀ ਹਨ। ਦੋਵੇਂ ਹੀ ਧਰਮਾਂ ਦੇ ਲੋਕਾਂ ਦੀ ਮਨੋਵਿਰਤੀ ਦਾ ਨਕਸ਼ਾ ਇੱਕ ਉਰਦੂ ਕਵੀ ਨੇ ਇਸ ਤਰ੍ਹਾਂ ਖਿੱਚਿਆ ਹੈ:

ਮਜ਼ਹਬ ਕੇ ਨਾਮ ਪਰ ਯੇਹ ਫਸਾਦਾਤ ਦੇਖ ਕਰ,
ਹਿੰਦੂ ਹੈ ਗਮਜ਼ਦਾ ਤੋ ਮੁਸਲਮਾਂ ਉਦਾਸ ਹੈ !

# ਵਿਸ਼ਵ ਦੇ ਮਹਾਨ ਯਾਤਰੀ ਗੁਰੂ ਨਾਨਕ ਸਾਹਿਬ

**✪ ਗੁਰੂ ਸਾਹਿਬ ਸ੍ਰੀਲੰਕਾ, ਅਰਬ ਦੇਸ, ਫਾਰਸ ਦੀ ਖਾੜੀ ਦੇ ਦੇਸ ਅਫਗਾਨਿਸਤਾਨ, ਤਿੱਬਤ ਅਤੇ ਚੀਨ, ਇਟਲੀ ਦੀ ਰਾਜਧਾਨੀ ਰੋਮ ਵੀ ਗਏ ਸਨ**

**✪ ਦੁਨੀਆ ਨੂੰ ਗਿਆਨ ਦੇਣ ਤੇ ਤਾਰਨ ਲਈ ਗੁਰੂ ਨੂੰ ਕੁਝ ਸਮੇਂ ਲਈ ਪਰਿਵਾਰ ਦਾ ਮੋਹ ਤਿਆਗਣਾ ਪਿਆ**

ਡਾ. ਸੁਖਦਿਆਲ ਸਿੰਘ ਪ੍ਰਸਿੱਧ ਸਿੱਖ ਇਤਿਹਾਸਕਾਰ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਉਹ ਇਤਿਹਾਸ ਵਿਭਾਗ ਵਿਚ ਪ੍ਰੋਫੈਸਰ ਵਜੋਂ ਆਪਣੀ ਭੂਮਿਕਾ ਨਿਭਾ ਚੁੱਕੇ ਹਨ। 550 ਸਾਲਾ ਗੁਰੂ ਨਾਨਕ ਪ੍ਰਕਾਸ਼ ਉਤਸਵ ਲਈ ਉਨ੍ਹਾਂ ਦਾ ਲੜੀਵਾਰ ਲੇਖ ਅਸੀਂ ਪੇਸ਼ ਕਰ ਰਹੇ ਹਾਂ। ਉਨ੍ਹਾਂ ਦੀ ਖੋਜ ਲੱਗਭੱਗ ਰਚਨਾਤਮਕ ਹੁੰਦੀ ਹੈ। ਸਿੱਖ ਇਤਿਹਾਸ ਬਾਰੇ ਉਹ ਕਾਫੀ ਖੋਜਾਂ ਕਰ ਚੁੱਕੇ ਹਨ। ਅਸੀਂ ਪਾਠਕਾਂ ਦੇ ਲਈ ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਬਾਰੇ ਉਨ੍ਹਾਂ ਦੀ ਇਤਿਹਾਸਕ ਖੋਜ ਨੂੰ ਲੜੀਵਾਰ ਪੇਸ਼ ਕਰ ਰਹੇ ਹਾਂ। - ਸੰਪਾਦਕ

**ਡਾ. ਸੁਖਦਿਆਲ ਸਿੰਘ**
ਸੰਪਰਕ ਨੰਬਰ- 98158-80539

ਗੁਰੂ ਨਾਨਕ ਸਾਹਿਬ, ਵਿਸ਼ਵ ਦੇ ਉਹ ਮਹਾਨ ਨਾਇਕ ਸਨ ਜਿਨ੍ਹਾਂ ਨੇ ਇਤਨੀਆਂ ਵਿਸ਼ਾਲ ਯਾਤਰਾਵਾਂ ਕੀਤੀਆਂ ਸਨ ਜਿਨ੍ਹਾਂ ਦਾ ਸਾਨੀ ਅਜੇ ਤੱਕ ਕੋਈ ਹੋਰ ਨਹੀਂ ਹੋ ਸਕਿਆ। ਇਹ ਯਾਤਰਾਵਾਂ ਆਪਣੀ ਮਿਸਾਲ ਆਪ ਹੀ ਹਨ। ਗੁਰੂ ਜੀ ਨੇ ਨਾ ਹੀ ਸਿਰਫ ਹਿੰਦ ਉਪ-ਮਹਾਂਦੀਪ ਦਾ ਹੀ ਕੋਨਾ-ਕੋਨਾ ਫਿਰ ਕੇ ਦੇਖਿਆ ਸੀ, ਸਗੋਂ ਉਹ ਸਮੁੱਚੇ ਹਿੰਦ ਉਪ-ਮਹਾਂਦੀਪ ਦੀਆਂ ਹੱਦਾਂ ਤੋਂ ਵੀ ਪਰੇ ਸ੍ਰੀ ਲੰਕਾ, ਅਰਬ ਦੇਸ, ਫਾਰਸ ਦੀ ਖਾੜੀ ਦੇ ਦੇਸ, ਅਫਗਾਨਿਸਤਾਨ, ਤਿੱਬਤ ਅਤੇ ਚੀਨ ਆਦਿ ਮੁਲਕਾਂ ਵਿਚ ਵੀ ਗਏ ਸਨ। ਜਨਮਸਾਖੀਆਂ ਵਿਚ ਗੁਰੂ ਜੀ ਵੱਲੋਂ ਰੂਮ ਅਤੇ ਸ਼ਾਮ ਤੱਕ ਜਾਣ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ। ਸ਼ਾਮ ਦਾ ਮਤਲਬ ਹੈ ਤੁਰਕੀ ਅਤੇ ਸੀਰੀਆ। ਜਦੋਂ ਕਿ ਰੂਮ ਤੋਂ ਭਾਵ ਹੈ ਇਟਲੀ ਦੀ ਰਾਜਧਾਨੀ ਰੋਮ। ਭਾਵ ਕਿ ਗੁਰੂ ਸਾਹਿਬ ਯੂਰਪ ਵਿਚ ਵੀ ਚਲੇ ਗਏ ਸਨ। ਅੱਜ ਕੱਲ ਕੁਝ ਐਸੇ ਦਸਤਾਵੇਜ਼ ਵੀ ਪਰਾਪਤ ਹੋਏ ਹਨ ਜਿਹੜੇ ਕਿ ਗੁਰੂ ਜੀ ਵੱਲੋਂ ਰੋਮ ਵਿਖੇ ਜਾਣ ਦੀ ਗੱਲ ਦੀ ਹਾਮੀ ਭਰਦੇ ਹਨ। ਵੈਸੇ ਅਜੇ ਤੱਕ ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ ਦਾ ਨਾ ਹੀ ਕੋਈ ਦੀਰਘ ਅਧਿਐਨ ਹੀ ਹੋਇਆ ਹੈ ਅਤੇ ਨਾ ਹੀ ਕੋਈ ਗੰਭੀਰਤਾ ਭਰੀ ਖੋਜ ਹੀ ਹੋਈ ਹੈ। ਅਸੀਂ ਅੱਜ ਤੱਕ ਗੁਰੂ ਜੀ ਦੀਆਂ ਯਾਤਰਾਵਾਂ ਦਾ ਪਰੰਪਰਿਕ ਜਿਹਾ ਹੀ ਅਧਿਐਨ ਕਰਦੇ ਆ ਰਹੇ ਹਾਂ। ਇਹ ਵੀ ਕਿ ਅਜੇ ਤੱਕ ਗੁਰੂ ਜੀ ਬਾਰੇ ਹੋਈ ਖੋਜ ਸਿਰਫ ਨਾਂਹ-ਪੱਖੀ ਹੀ ਹੈ। ਇਹ ਖੋਜ ਹਾਂ-ਪੱਖੀ ਨਹੀਂ ਹੈ। ਜਦੋਂ ਕੋਈ ਗੰਭੀਰ ਖੋਜੀ ਹਾਂ-ਪੱਖੀ ਖੋਜ ਕਰੇਗਾ ਤਾਂ ਸ਼ਾਇਦ ਗੁਰੂ ਜੀ ਦੀਆਂ ਯਾਤਰਾਵਾਂ ਵਿਸ਼ਵ ਦੇ ਇਤਿਹਾਸ ਵਿਚ ਅਨੇਕਾਂ ਨਵੇਂ ਦਿਸ-ਹੱਦੇ ਕਾਇਮ ਕਰਨਗੀਆਂ।

ਗੁਰੂ ਨਾਨਕ ਦੇਵ ਜੀ ਦੀਆਂ ਯਾਤਰਾਵਾਂ ਇਕ ਐਸੇ ਪੱਖ ਨੂੰ ਵੀ ਸਾਹਮਣੇ ਲੈ ਕੇ ਆਉਂਦੀਆਂ ਹਨ ਜਿਸ ਨੂੰ ਅਜੇ ਤੱਕ ਵੀ ਪਾਠਕਾਂ ਸਾਹਮਣੇ ਲਿਆਂਦਾ ਨਹੀਂ ਗਿਆ। ਇਹ ਪੱਖ ਹੈ ਗੁਰੂ ਸਾਹਿਬ ਵੱਲੋਂ ਹਿੰਦੂਕਸ਼ ਪਰਬਤ ਨੂੰ ਪਾਰ ਕਰਕੇ ਸਾਮੀ ਤੇ ਇਸਲਾਮੀ ਮੁਲਕਾਂ ਵਿੱਚ ਜਾਣਦਾ। ਵੈਦਿਕ ਸਾਹਿਤ ਵਿਚ ਸਾਨੂੰ ਐਸੇ ਵੇਰਵੇ ਵੀ ਮਿਲਦੇ ਹਨ ਜਿਨ੍ਹਾਂ ਰਾਹੀਂ ਹਿੰਦੁਸਤਾਨੀਆਂ 'ਤੇ ਸਿੰਧ ਦਰਿਆ ਨੂੰ ਪਾਰ ਕਰਕੇ ਪਰਲੇ ਮੁਲਕਾਂ ਵਿੱਚ ਜਾਣ ਤੇ ਪਾਬੰਦੀ ਲੱਗੀ ਹੋਈ ਸੀ। ਪਰ ਗੁਰੂ ਨਾਨਕ ਸਾਹਿਬ ਨਾ ਹੀ ਸਿਰਫ ਸਿੰਧ ਦਰਿਆ ਨੂੰ ਹੀ ਪਾਰ ਕਰਕੇ ਪਰਲੇ ਮੁਲਕਾਂ ਵਿੱਚ ਗਏ ਸਨ, ਸਗੋਂ ਉਹਨਾਂ ਨੇ ਹਿੰਦੂਕਸ਼ ਪਰਬਤ ਨੂੰ ਵੀ ਪਾਰ ਕੀਤਾ ਸੀ।

ਹਿੰਦੂ-ਕੁਸ਼ ਪਰਬਤ ਦਾ ਮਤਲਬ ਹੈ ਕਿ ਜਿੱਥੇ ਹਿੰਦੂਆਂ ਨੂੰ ਮਾਰ ਦਿੱਤਾ ਜਾਂਦਾ ਸੀ। ਹਿੰਦੂਆਂ ਨੂੰ ਮਾਰਨਾ ਇਸ ਕਰਕੇ ਸ਼ੁਰੂ ਕੀਤਾ ਗਿਆ ਸੀ, ਕਿਉਂਕਿ ਅਰਬ ਦੇਸਾਂ ਵਿਚ ਇਸਲਾਮ ਦਾ ਉਭਾਰ ਹੋ ਗਿਆ ਸੀ। ਇਸਲਾਮ ਅਨੁਸਾਰ ਹਰ ਉਹ ਬੰਦਾ ਕਾਫ਼ਿਰ ਸੀ ਤੇ ਹੈ ਜਿਹੜਾ ਬੁੱਤ ਪੂਜਕ ਹੈ। ਕਾਫ਼ਿਰ ਦਾ ਮਤਲਬ ਹੈ ਝੂਠਾ। ਝੂਠੇ ਬੰਦੇ ਨੂੰ ਇਸਲਾਮ ਦੇ ਅਨੁਸਾਰ ਵੈਸੇ ਤਾਂ ਕਿਤੇ ਵੀ ਰਹਿਣ ਦਾ ਅਧਿਕਾਰ ਨਹੀਂ ਹੈ ਪਰ ਇਸਲਾਮ ਦੀ ਧਰਤੀ ਤੇ ਰਹਿਣ ਦੀ ਤੇ ਆਉਣ ਦੀ ਤਾਂ ਉਕਾ ਹੀ ਇਜ਼ਾਜ਼ਤ ਨਹੀਂ ਹੋਣੀ ਚਾਹੀਦੀ। ਭਾਰਤੀਆਂ ਨੂੰ, ਇਸਲਾਮ ਦੇ ਧਾਰਨੀ, ਬੁੱਤ-ਪੂਜਕ ਅਤੇ ਕਾਫ਼ਿਰ ਸਮਝਦੇ ਸਨ। ਇਸ ਲਈ ਹਿੰਦੂ-ਕੁਸ਼ ਦੇ ਨਾਂ ਵਾਲੇ ਪਰਬਤ ਤੋਂ ਪਾਰ ਕੋਈ ਵੀ ਭਾਰਤੀ ਨਹੀਂ ਜਾ ਸਕਦਾ ਸੀ। ਜਿਹੜਾ ਜਾਂਦਾ ਸੀ ਉਸ ਨੂੰ ਮਾਰ ਦਿੱਤਾ ਜਾਂਦਾ ਸੀ। ਲੰਮੇ ਸਮੇਂ ਲਈ ਇਹੀ ਵਰਤਾਰਾ ਵਰਤਦਾ ਰਹਿਣ ਕਾਰਨ ਇਸ ਪਰਬਤ ਦਾ ਨਾਂ ਹਿੰਦੂ-ਕੁਸ਼ ਪਰਬਤ ਹੀ ਪੈ ਗਿਆ ਸੀ। ਇਸ ਤਰ੍ਹਾਂ ਭਾਰਤੀਆਂ ਵਿਚ, ਸਾਮੀ ਅਤੇ ਇਸਲਾਮੀ ਮੁਲਕਾਂ ਵਿਚ ਜਾਣ ਦੀ ਗੱਲ ਬਿਲਕੁਲ ਹੀ ਬੰਦ ਹੋ ਗਈ ਸੀ। ਗੁਰੂ ਨਾਨਕ ਸਾਹਿਬ ਜੀ ਨੇ ਆਪਣੀਆਂ ਯਾਤਰਾਵਾਂ ਸ਼ੁਰੂ ਕਰਕੇ ਇਹ ਰੀਤ ਫਿਰ ਤੋਂ ਸ਼ੁਰੂ ਕਰ ਦਿੱਤੀ ਸੀ। ਭਾਵ ਕਿ ਗੁਰੂ ਜੀ ਨੇ ਯਾਤਰਾਵਾਂ 'ਤੇ ਜਾ ਕੇ ਹਿੰਦੂ-ਕੁਸ਼ ਪਰਬਤ ਤੋਂ ਪਾਰ ਜਾਣ ਦੀ ਮਿੱਥ ਵੀ ਤੋੜ ਦਿੱਤੀ ਸੀ। ਵਿਸ਼ੇਸ਼ ਰੂਪ ਵਿੱਚ ਦੇਖਣ ਵਾਲੀ ਗੱਲ ਇਹ ਹੈ ਕਿ ਗੁਰੂ ਨਾਨਕ ਸਾਹਿਬ ਯਾਤਰਾਵਾਂ 'ਤੇ ਘਰ-ਘਾਟ ਜਾਂ ਗ੍ਰਹਿਸਤੀ ਜੀਵਨ ਨੂੰ ਤਿਆਗ ਕੇ ਨਹੀਂ ਗਏ ਸਨ, ਸਗੋਂ ਪਰਿਵਾਰ ਦਾ ਪੂਰਾ ਪਰਬੰਧ ਕਰਕੇ ਅਤੇ ਪੂਰੇ ਉਲੀਕੇ ਗਏ ਪਰੋਗਰਾਮ ਅਨੁਸਾਰ ਗਏ ਸਨ। ਇਹੀ ਕਾਰਨ ਸੀ ਕਿ ਜਦੋਂ ਵੀ ਗੁਰੂ ਜੀ ਆਪਣੀਆਂ ਯਾਤਰਾਵਾਂ ਤੋਂ ਵਾਪਸ ਆਉਂਦੇ ਸਨ ਤਾਂ ਉਹ ਸਿੱਧਾ ਆਪਣੇ ਪਰਿਵਾਰ ਪਾਸ ਹੀ ਆਉਂਦੇ ਸਨ। ਗੁਰੂ ਨਾਨਕ ਸਾਹਿਬ ਨੇ ਆਪਣੀਆਂ ਯਾਤਰਾਵਾਂ ਦੀ ਸ਼ੁਰੂਆਤ ਸੁਲਤਾਨਪੁਰ ਲੋਧੀ ਤੋਂ ਕੀਤੀ ਸੀ। ਸੁਲਤਾਨਪੁਰ ਲੋਧੀ ਵਿਖੇ ਗੁਰੂ ਜੀ 17 ਸਾਲ ਦੀ ਉਮਰ ਤੋਂ ਲੈ ਕੇ ਸਤਾਈ-ਅਠਾਈ ਸਾਲ ਦੀ ਉਮਰ ਤੱਕ ਰਹੇ ਸਨ। ਇਉਂ ਗੁਰੂ ਜੀ ਸੁਲਤਾਨਪੁਰ ਲੋਧੀ ਵਿਖੇ ਦਸ ਸਾਲਾਂ ਤੱਕ ਰਹੇ ਸਨ। ਸੁਲਤਾਨਪੁਰ ਵਿਖੇ ਹੀ ਗੁਰੂ ਜੀ ਨੇ ਮੋਦੀਖਾਨੇ ਦੇ




ਮੁਖੀ ਦੇ ਰੂਪ ਵਿਚ ਸਰਕਾਰੀ ਅਧਿਕਾਰੀ ਦੀ ਜ਼ਿੰਮੇਵਾਰੀ ਵੀ ਅਦਾ ਕੀਤੀ ਅਤੇ ਸਰਕਾਰੀ ਜ਼ਿੰਮੇਵਾਰੀ ਅਦਾ ਕਰਦੇ ਹੋਏ ਮੁਲਾਜ਼ਮ ਸ਼੍ਰੇਣੀ ਨੂੰ ਇਹ ਸੰਦੇਸ਼ ਦਿੱਤਾ ਕਿ ਸਰਕਾਰੀ ਨੌਕਰੀ ਵੀ ਸੱਚ ਦੇ ਮਾਰਗ 'ਤੇ ਚੱਲ ਕੇ ਕੀਤੀ ਜਾ ਸਕਦੀ ਹੈ। ਗੁਰੂ ਨਾਨਕ ਸਾਹਿਬ ਦੇ ਇਸ ਸੱਚ ਦੇ ਮਾਰਗ ਤੋਂ ਸੁਲਤਾਨਪੁਰ ਲੋਧੀ ਦਾ ਹਾਕਮ ਦੌਲਤ ਖਾਂ ਲੋਧੀ ਵੀ ਜਾਣੂੰ ਸੀ ਅਤੇ ਇਸਲਾਮ ਦੇ ਵਿਆਖਿਆਕਾਰ ਕਾਜ਼ੀ-ਮੌਲਵੀ ਵੀ ਜਾਣੂ ਸਨ। ਦੌਲਤ ਖਾਂ ਲੋਧੀ ਵੱਲੋਂ ਕਰਵਾਈਆਂ ਗਈਆਂ ਹਿਸਾਬ ਕਿਤਾਬ ਦੀਆਂ ਪੜਤਾਲਾਂ ਨੇ ਅਤੇ ਕਾਜ਼ੀ ਵਲੋਂ ਪੜ੍ਹੀ ਗਈ ਨਿਵਾਜ਼ ਨੇ ਗੁਰੂ ਨਾਨਕ ਸਾਹਿਬ ਦੇ ਸੱਚ ਨੂੰ ਹੀ ਪਰਗਟ ਕੀਤਾ ਸੀ। ਸਿਖ ਇਤਿਹਾਸ ਨੂੰ ਪੂਰੀ ਬਾਕਾਇਦਗੀ ਨਾਲ ਲਿਖਣ ਵਾਲਾ ਪਹਿਲਾ ਅੰਗਰੇਜ਼ ਲੇਖਕ ਲੈਫਟੀਨੈਂਟ-ਕਰਨਲ ਮੈਲਕਾਮ ਲਿਖਦਾ ਹੈ ਕਿ ਸੁਲਤਾਨਪੁਰ ਲੋਧੀ ਵਿਖੇ ਮੋਦੀਖਾਨੇ ਵਿੱਚ ਕੀਤੇ ਗਏ ਕੰਮਾਂ ਨੇ ਗੁਰੂ ਨਾਨਕ ਸਾਹਿਬ ਦੀ ਪਰਸਿੱਧੀ ਨੂੰ ਬੁਲੰਦੀਆਂ 'ਤੇ ਪਹੁੰਚਾ ਦਿੱਤਾ ਸੀ।

**ਗੁਰੂ ਨਾਨਕ ਸਾਹਿਬ ਦਾ ਯਾਤਰਾ ਮਿਸ਼ਨ**

ਗੁਰੂ ਨਾਨਕ ਸਾਹਿਬ ਇਕ ਵਿਸ਼ੇਸ਼ ਮਿਸ਼ਨ ਨੂੰ ਪਰਚਾਰਨ ਲਈ ਆਏ ਸਨ। ਇਹ ਵਿਸ਼ੇਸ਼ ਮਿਸ਼ਨ ਸੀ ਸਮੁੱਚੀ ਮਨੁੱਖਤਾ ਨੂੰ ਇਕ ਸਮਾਨ, ਸੁਤੰਤਰਤਾ ਅਤੇ ਨਿਰਭੈਤਾ ਵਾਲੇ ਸਮਾਜ ਵਿਚ ਪਰੋਣ ਦਾ। ਇਹ ਮਿਸ਼ਨ ਤਦ ਹੀ ਪੂਰਾ ਹੋਣਾ ਸੀ ਜੇਕਰ ਪੂਰੀ ਸੁਤੰਤਰਤਾ ਅਤੇ ਨਿਰਭੈਤਾ ਨਾਲ ਇਸ ਨੂੰ ਪਰਚਾਰਿਆ ਜਾਂਦਾ। ਸਰਕਾਰੀ ਜ਼ਿੰਮੇਵਾਰੀ ਦੀਆਂ ਬੰਦਸ਼ਾਂ ਵਿਚ ਰਹਿ ਕੇ ਇਸ ਮਿਸ਼ਨ ਦੀ ਪੂਰਤੀ ਹੋਣੀ ਸੰਭਵ ਨਹੀਂ ਸੀ। ਇਸ ਲਈ ਗੁਰੂ ਨਾਨਕ ਸਾਹਿਬ ਨੇ ਆਪਣੇ ਮਿਸ਼ਨ ਨੂੰ ਸੱਚ ਦੇ ਮਾਰਗ ਤੇ ਤੋਰਨ ਲਈ ਸਭ ਕਿਸਮ ਦੀਆਂ ਸਮਾਜਕ ਅਤੇ ਸਰਕਾਰੀ ਮੁਲਾਜ਼ਮਤ ਦੀਆਂ ਜ਼ਿੰਮੇਵਾਰੀਆਂ ਨੂੰ ਛੱਡ ਦੇਣ ਦਾ ਫੈਸਲਾ ਕਰ ਲਿਆ ਸੀ। ਇਹ ਫੈਸਲਾ ਇਕ ਸਵੇਰ ਵੇਈਂ ਨਦੀ ਵਿਚ ਇਸ਼ਨਾਨ ਕਰਕੇ ਚੜ੍ਹਦੇ ਸੂਰਜ ਨਾਲ ਹੀ ਕਰ ਲਿਆ ਗਿਆ ਸੀ। ਮੋਦੀਖਾਨਾ ਛੱਡ ਦਿੱਤਾ ਗਿਆ ਸੀ, ਸਮਾਜਕ ਜਿੰਮੇਵਾਰੀਆਂ ਛੱਡ ਦਿੱਤੀਆਂ ਗਈਆਂ ਸਨ ਅਤੇ ਕੁਝ ਸਮੇਂ ਲਈ ਪਰਿਵਾਰਕ ਜਿੰਮੇਵਾਰੀਆਂ ਵੀ ਛੱਡ ਦਿੱਤੀਆਂ ਗਈਆਂ ਸਨ। ਇਸ ਐਲਾਨ ਨਾਲ ਮਿਸ਼ਨ ਨੂੰ ਸ਼ੁਰੂ ਕਰ ਦਿੱਤਾ ਗਿਆ ਸੀ ਕਿ ਇੱਥੇ "ਨਾ ਕੋਈ ਹਿੰਦੂ ਹੈ ਅਤੇ ਨਾ ਕੋਈ ਮੁਸਲਮਾਨ।" ਇਸ ਦਾ ਸਿੱਧਾ ਤੇ ਸਪਸ਼ਟ ਮਤਲਬ ਸੀ ਕਿ ਇੱਥੇ ਕੋਈ ਫਿਰਕੇਦਾਰੀ ਨਹੀਂ ਹੈ। ਇਹ ਸਮੁੱਚੀ ਮਨੁੱਖਤਾ ਇਕ ਰੱਬ ਦੀ ਪੈਦਾ ਕੀਤੀ ਹੋਈ ਹੈ ਅਤੇ ਸਮੁੱਚੀ ਮਨੁੱਖਤਾ ਵਿੱਚ ਇੱਕੋ ਰੱਬ ਦੀ ਜੋਤ ਹੀ ਜਗ ਰਹੀ ਹੈ। ਇਹ ਸਭ ਮਨੁੱਖ ਬਰਾਬਰ ਦੇ ਅਧਿਕਾਰੀ ਹਨ। ਜਿਸ ਤਰ੍ਹਾਂ ਸਮਾਜ ਹਿੰਦੂ ਅਤੇ ਮੁਸਲਮਾਨ ਫਿਰਕਿਆਂ ਵਿਚ ਵੰਡਿਆ ਹੋਇਆ ਸੀ ਗੁਰੂ ਨਾਨਕ ਦੀਆਂ ਨਿਗਾਹਾਂ ਵਿਚ ਇਹ ਸਭ ਝੂਠ ਸੀ। ਸੱਚ ਇਹ ਸੀ ਕਿ ਇਹ ਸਭ ਸੁਤੰਤਰ ਅਤੇ ਬਰਾਬਰ ਹਨ। ਗੁਰੂ ਸਾਹਿਬ ਅਨੁਸਾਰ ਮਨੁੱਖਾਂ ਨੂੰ ਅਲੱਗ-ਅਲੱਗ ਵਰਗਾਂ ਵਿਚ ਸਮਝਣ ਵਾਲਾ ਰਾਜਨੀਤਿਕ ਪਰਬੰਧ ਵੀ ਗਲਤ ਸੀ ਅਤੇ ਵੱਖ-ਵੱਖ ਫਿਰਕਿਆਂ ਵਿੱਚ ਦੇਖਣ ਵਾਲਾ ਧਾਰਮਿਕ ਨਜ਼ਰੀਆ ਵੀ ਗਲਤ ਸੀ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਇੱਕੋ ਛੋਟੇ ਜਿਹੇ ਵਾਕ "ਨਾ ਕੋ ਹਿੰਦੂ ਨਾ ਮੁਸਲਮਾਨ" ਨਾਲ ਆਪਣੇ ਸਮੇਂ ਦੇ ਸਮੁੱਚੇ ਰਾਜਨੀਤਿਕ ਅਤੇ ਧਾਰਮਿਕ ਸਿਸਟਮ ਨੂੰ ਰੱਦ ਕਰ ਦਿੱਤਾ ਸੀ। ਇਸਲਾਮੀ ਹਾਕਮ ਤੇ ਇਸਲਾਮੀ ਨੇਤਾ ਹੈਰਾਨ ਸਨ ਕਿ ਇੱਕ ਹਿੰਦੂ ਪਰਿਵਾਰ ਵਿੱਚ ਪੈਦਾ ਹੋਇਆ ਨੌਜੁਆਨ ਕੀ ਕਹਿ ਰਿਹਾ ਹੈ। ਇਸਲਾਮ ਪਿਛਲੇ ਚਾਰ-ਪੰਜ ਸੌ ਸਾਲ ਤੋਂ ਭਾਰਤ ਵਿੱਚ ਆਪਣੇ ਪੈਰ-ਪਸਾਰ ਦਾ ਹੋਇਆ ਨਿਰਵਿਘਨ ਚਲਦਾ ਆ ਰਿਹਾ ਸੀ ਪਰ ਗੁਰੂ ਨਾਨਕ ਨੇ ਆਪਣੇ ਇੱਕੋ ਵਾਕ ਨਾਲ ਇਸ ਸਭ ਕਾਸੇ ਨੂੰ ਰੱਦ ਕਰ ਦਿੱਤਾ ਸੀ। ਬ੍ਰਾਹਮਣਵਾਦ ਤਾਂ ਕਿਉਂਕਿ ਖੁਦ ਹੀ ਗੁਲਾਮ ਸੀ ਇਸ ਲਈ ਉਸ ਨੂੰ ਗੁਰੂ ਨਾਨਕ ਸਾਹਿਬ ਦੀਆਂ ਗੱਲਾਂ ਜ਼ਿਆਦਾ ਰੜਕੀਆਂ ਨਹੀਂ ਸਨ। ਗੁਰੂ ਦੀਆਂ ਇਹ ਗੱਲਾਂ ਸਿਰਫ ਇਸਲਾਮੀ ਵਿਆਖਿਆਕਾਰਾਂ ਨੂੰ ਹੀ ਰੜਕੀਆਂ ਸਨ। ਇਸੇ ਰੜਕ ਦਾ ਹੀ ਨਤੀਜਾ ਸੀ ਕਿ ਗੁਰੂ ਨਾਨਕ ਸਾਹਿਬ ਨੂੰ ਮਸੀਤ ਵਿੱਚ ਨਮਾਜ਼ ਪੜ੍ਹਨ ਲਈ ਲਿਜਾਇਆ ਗਿਆ ਸੀ। ਪਰ ਗੁਰੂ ਨਾਨਕ ਨੇ ਜਦ ਕਾਜ਼ੀ ਨੂੰ ਇਹ ਪੁੱਛਿਆ ਕਿ ਕੀ ਤੁਸੀਂ ਧੱਕੇ ਨਾਲ ਪੜ੍ਹਾਈ ਹੋਈ ਨਮਾਜ਼ ਨੂੰ ਹੀ ਇਸਲਾਮ ਦਾ ਮਾਰਗ ਸਮਝਦੇ ਹੋਂ ? ਨਮਾਜ਼ ਤਨ ਅਤੇ ਮਨ ਦੀ ਇਕਾਗਰਤਾ ਨਾਲ ਪੜ੍ਹੀ ਜਾਣੀ ਚਾਹੀਦੀ ਹੈ ਅਤੇ ਨਮਾਜ਼ ਪੜ੍ਹਨ ਵਾਲਾ ਉਹਨਾ ਗੁਣਾ ਦਾ ਧਾਰਨੀ ਹੋਣਾ ਚਾਹੀਂਦਾ ਹੈ ਜਿਹੜੇ ਗੁਣਾਂ ਦੀ ਵਿਆਖਿਆ ਇਸਲਾਮ ਵਿੱਚ ਕੀਤੀ ਗਈ ਹੈ। ਇਸ ਤਰ੍ਹਾਂ ਸੁਲਤਾਨਪੁਰ ਲੋਧੀ ਗੁਰੂ ਨਾਨਕ ਸਾਹਿਬ ਦੇ ਖੁੱਲੇ ਪਰਚਾਰ ਦਾ ਪਹਿਲਾ ਕੇਂਦਰ ਸੀ। ਗੁਰੂ ਨਾਨਕ ਦੇ ਮਿਸ਼ਨ ਦੀ ਪਹਿਲੀ ਬਹਿਸ ਇੱਥੇ ਹੀ ਇਸਲਾਮ ਦੇ ਵਿਆਖਿਆਕਾਰਾਂ ਨਾਲ ਹੋਈ ਸੀ। ਇਸ ਤੋਂ ਬਾਅਦ ਗੁਰੂ ਨਾਨਕ ਸਾਹਿਬ ਨੇ ਸੁਲਤਾਨਪੁਰ ਤੋਂ ਬਾਹਰ ਨਿਕਲ ਕੇ ਸਮੁੱਚੀ ਲੋਕਾਈ ਨਾਲ ਆਪਣੇ ਵਿਚਾਰ ਸਾਂਝੇ ਕਰਨੇ ਸਨ।

**ਗੁਰੂ ਨਾਨਕ ਜੀ ਦਾ ਸਾਥੀ ਮਰਦਾਨਾ**

ਲੋਕਾਈ ਨਾਲ ਵਿਚਾਰ ਸਾਂਝੇ ਕਰਨ ਲਈ ਯਾਤਰਾਵਾਂ 'ਤੇ ਜਾਣਾ ਜ਼ਰੂਰੀ ਸੀ। ਗੁਰੂ ਨਾਨਕ ਦੇ ਪਰਚਾਰ ਦਾ ਮੁੱਖ ਸੋਮਾ ਗੁਰਬਾਣੀ ਸੀ। ਗੁਰਬਾਣੀ ਦੇ ਗਾਉਣ ਦਾ ਮੁੱਖ ਸੋਮਾ ਰਬਾਬ ਸੀ। ਰਬਾਬ ਵੀ ਉਹ ਜੋ ਗੁਰੂ ਸਾਹਿਬ ਨੇ ਵਿਸ਼ੇਸ਼ ਰੂਪ ਵਿੱਚ ਸਿਰਫ ਆਪਣੇ ਲਈ ਤਿਆਰ ਕਰਵਾਈ ਸੀ। ਇਹ ਗੁਰਮੁਖੀ ਰਬਾਬ ਸੀ। ਇਸ ਰਾਹੀਂ ਉਹ ਰਾਗ ਵੀ ਅਲਾਪੇ ਜਾ ਸਕਦੇ ਸਨ ਜਿਹੜੇ ਬਜ਼ਾਰ ਵਿਚ ਵਿਕਦੀਆਂ ਰਬਾਬਾਂ ਨਹੀ ਅਲਾਪ ਸਕਦੀਆਂ ਸਨ। ਇਸ ਰਬਾਬ ਨੂੰ ਵਰਤਣ ਲਈ ਭਾਈ ਮਰਦਾਨੇ ਨੂੰ ਵੀ ਵਿਸ਼ੇਸ਼ ਤੌਰ 'ਤੇ ਸਿਖਾਇਆ ਗਿਆ ਸੀ। ਜਨਮਸਾਖੀ ਵਿੱਚ ਲਿਖਿਆ ਗਿਆ ਹੈ: "ਤਾ ਨਾਨਕ ਕਹਿਆ ਸੁਣ ਮਰਦਾਨਿਆ ਅਸਾ ਤੈਨੂੰ ਤਾਰ ਦਾ ਗੁਣ ਦਿੱਤਾ ਸੀ। ਸੋ ਅੱਜ ਦਿਨ ਵਾਸਤੇ ਅਸੀਂ ਤੈਨੂੰ ਉਡੀਕਦੇ ਰਹੇ। ਆਉ ਭਲਾ ਕੀਤੋ।" ਭਾਵ ਕਿ ਜਿਹੜਾ ਅਸੀਂ ਤੁਹਾਨੂੰ ਰਾਗ ਵਿਦਿਆ ਵਿਚ ਟਰੇਂਡ ਕੀਤਾ ਸੀ ਹੁਣ ਉਸ ਨੂੰ ਪੂਰਾ ਕਰਨ ਦਾ ਸਮਾਂ ਆ ਗਿਆ ਹੈ।

ਸਾਡੀਆਂ ਲਿਖਤਾਂ ਤਾਂ ਹਰ ਸਮੇਂ ਭਾਈ ਮਰਦਾਨਾ ਜੀ ਨੂੰ ਭੁੱਖਾ ਮਰਦਾ ਹੀ ਦਿਖਾ ਰਹੀਆਂ ਹਨ ਅਤੇ ਗੁਰੂ ਜੀ ਨੂੰ ਅੱਕ ਦਾ ਜਾਂ ਰੇਤ ਦਾ ਆਹਾਰ ਕਰਦਿਆਂ ਹੀ ਦਿਖਾ ਰਹੀਆਂ ਹਨ। ਇਹਨਾਂ ਅਨੁਸਾਰ ਭਾਈ ਮਰਦਾਨਾ ਰੋਟੀ ਮੰਗ ਕੇ ਲਿਆਉਂਦਾ ਸੀ। ਪਰ ਕੀ ਕਦੇ ਸੋਚਿਆ ਹੈ ਕਿ ਜਿਸ ਗੁਰੂ ਨਾਨਕ ਵੱਲੋਂ ਭੁੱਖੇ ਸਾਧੂਆਂ ਲਈ ਲੰਗਰ ਲਗਾ ਦਿੱਤੇ ਸਨ। ਕੀ ਸੱਚ ਦਾ ਪਰਚਾਰ ਕਰਨ ਸਮੇਂ ਗੁਰੂ ਨਾਨਕ ਸਾਹਿਬ ਦਾ ਸਾਥੀ ਭੁੱਖਾ ਮਰੇਗਾ, ਜਾਂ ਰੋਟੀ ਮੰਗ ਮੰਗ ਕੇ ਲੈ ਕੇ ਆਵੇਗਾ ਜਾਂ ਭੁੱਖ ਮਾਰਨ ਲਈ ਰੇਤ ਅਤੇ ਅੱਕਾਂ ਦਾ ਆਹਾਰ ਕਰੇਗਾ ? ਗੁਰੂ ਨਾਨਕ ਸਾਹਿਬ ਨੇ ਆਪਣੇ ਪਰਚਾਰ ਦੌਰਿਆਂ ਸਮੇਂ ਵੀ ਲੰਗਰ ਲਗਵਾਏ ਸਨ। ਇਸ ਬਾਰੇ ਹੋਰ ਖੋਜ ਹੋਣੀ ਚਾਹੀਂਦੀ ਹੈ। ਲੰਗਰ ਵੀ ਗੁਰੂ ਨਾਨਕ ਸਾਹਿਬ ਦੇ ਨਾਲ ਨਾਲ ਚਲਦਾ ਸੀ। ਗੁਰੂ ਨਾਨਕ ਸਾਹਿਬ ਥਾਂ ਥਾਂ ਤੇ ਸੰਗਤਾਂ ਦੀ ਸਥਾਪਨਾ ਵੀ ਕਰਦੇ ਜਾਂਦੇ ਸਨ।

**ਪੰਜਾਬੀ ਸਮਾਜ ਦੀ ਵੱਖਰਤਾ**

ਲੰਮੀਆਂ ਵਿਸ਼ਾਲ ਯਾਤਰਾਵਾਂ ਕਰਨ ਤੋਂ ਪਹਿਲਾਂ, ਗੁਰੂ ਨਾਨਕ ਸਾਹਿਬ ਨੇ ਪੰਜਾਬ ਦੀਆਂ ਸਥਾਨਕ ਯਾਤਰਾਵਾਂ ਕੀਤੀਆਂ ਸਨ। ਪੰਜਾਬੀ ਸਮਾਜ ਬਾਕੀ ਸਾਰੇ ਭਾਰਤੀ ਸਮਾਜ ਨਾਲੋਂ ਵੱਖਰਾ ਅਤੇ ਵਿਸ਼ੇਸ਼ ਸਮਾਜ ਸੀ। ਸਾਡੇ ਲੇਖਕ ਗੁਰੂ ਨਾਨਕ ਸਾਹਿਬ ਦੇ ਸਮੇਂ ਦੇ ਸਮਾਜ ਦੀ ਗੱਲ ਕਰਨ ਸਮੇਂ ਹਮੇਸ਼ਾਂ ਹੀ ਪੰਜਾਬੀ ਸਮਾਜ ਨੂੰ ਨਜ਼ਰਅੰਦਾਜ਼ ਕਰ ਜਾਂਦੇ ਹਨ। ਸਾਰੇ ਭਾਰਤੀ ਸਮਾਜ ਵਿਚ ਸਿਰਫ ਇਹ ਪੰਜਾਬੀ ਸਮਾਜ ਹੀ ਸੀ ਜਿੱਥੇ ਬਰਾਹਮਣ ਦੀ ਸਰਦਾਰੀ ਨਹੀਂ ਸੀ। ਇੱਥੇ ਇਸਲਾਮ ਦਾ ਬੋਲਬਾਲਾ ਸੀ ਤੇ ਜਿਹੜਾ ਪੰਜਾਬੀ ਸਮਾਜ ਇਸਲਾਮੀ ਜਕੜ ਤੋਂ ਬਾਹਰ ਸੀ। ਭਾਵ ਕਿ ਪੰਜਾਬ ਦਾ ਗੈਰ-ਮੁਸਲਿਮ ਸਮਾਜ ਸੀ ਉਸ ਵਿਚ ਜੱਟ-ਕਿਸਾਨੀ ਸਮਾਜ ਦਾ ਬੋਲਬਾਲਾ ਸੀ। ਜੱਟ-ਕਿਸਾਨੀ ਸਮਾਜ ਦੀਆਂ ਆਪਣੀਆਂ ਰਹੁ-ਰੀਤਾਂ, ਪਰੰਪਰਾਵਾਂ ਤੇ ਰਸਮੋ-ਰਿਵਾਜ ਸਨ। ਇਹ ਸਭ ਕੁਝ ਬ੍ਰਾਹਮਣਵਾਦ ਤੋਂ ਵੱਖਰਾ ਸੀ। ਇਸ ਜੱਟ-ਕਿਸਾਨੀ ਸਮਾਜ ਦੀ ਵਿਸ਼ੇਸ਼ਤਾ ਇਹ ਸੀ ਕਿ ਇਸ ਵਿੱਚ ਪੰਜਾਬ ਦਾ ਦਲਿਤ ਵਰਗ ਵੀ ਪੂਰੀ ਤਰ੍ਹਾਂ ਮੋਢੇ ਨਾਲ ਮੋਢਾ ਜੋੜ ਕੇ ਚੱਲ ਰਿਹਾ ਸੀ। ਇਹਨਾਂ ਦਾ ਕਿਸਾਨੀ ਦਾ ਕਿੱਤਾ ਇੱਕ ਸੀ। ਜੱਟ-ਕਿਸਾਨ ਨਾਲ ਦਲਿਤ ਵਰਗ, ਸੀਰੀ ਜਾਂ ਨੌਕਰ ਦੇ ਰੂਪ ਵਿਚ ਖੇਤੀਬਾੜੀ ਦਾ ਕੰਮ ਕਰਦਾ ਸੀ। ਇਹ ਕੰਮ ਭਾਰਤੀ ਹਿੰਦੂ ਸਮਾਜ ਵਿਚ ਨਹੀਂ ਸੀ। ਪੰਜਾਬ ਦੀ ਖੇਤੀਬਾੜੀ ਵਿਚ ਜੱਟ ਤੇ ਦਲਿਤ ਵਰਗ ਹਰ ਸਮੇਂ ਇਕੱਠੇ ਹੋ ਕੇ ਕੰਮ ਕਰਦੇ ਸਨ। ਕਿਸਾਨੀ ਕਿੱਤੇ ਦੀ ਇਸ ਪੱਕੀ ਸਾਂਝ ਨੇ ਪੰਜਾਬੀ ਸਮਾਜ ਨੂੰ ਭਾਰਤ ਦੇ ਬਾਕੀ ਹਿੰਦੂ ਸਮਾਜ ਤੋਂ ਵਿਸ਼ੇਸ਼ਤਾ ਦੇ ਰੱਖੀ ਸੀ। ਪੰਜਾਬ ਵਿਚ ਹਿੰਦੂ ਤੀਰਥ ਅਸਥਾਨ ਵੀ ਘੱਟ ਸਨ। ਇੱਥੇ ਜ਼ਿਆਦਾ ਬਹੁਤਾਤ ਪੀਰਖ਼ਾਨਿਆਂ ਦੀ ਤੇ ਸੂਫ਼ੀ ਖ਼ਾਨਗਾਹਾਂ ਦੀ ਸੀ। ਜਾਂ ਫਿਰ ਜੱਟਾਂ ਦੇ ਜਠੇਰਿਆਂ ਦੀਆਂ ਮੜੀਆਂ ਸਨ। ਜਦੋਂ ਗੁਰੂ ਨਾਨਕ ਜੀ ਪੰਜਾਬ ਵਿਚਲੀਆਂ ਥਾਵਾਂ 'ਤੇ ਧਰਮ ਦਾ ਪਰਚਾਰ ਕਰਦੇ ਸਨ ਤਾਂ ਖ਼ਾਨਗਾਹਾਂ ਤੇ ਪੀਰਖ਼ਾਨਿਆਂ ਦੀ ਜ਼ਿਕਰ ਜ਼ਿਆਦਾ ਆਉਂਦਾ ਹੈ।

**ਮਲਿਕ ਭਾਗੋ ਤੇ ਭਾਈ ਲਾਲੋ**

ਜਦੋਂ ਗੁਰੂ ਨਾਨਕ ਸਾਹਿਬ ਨੇ ਸੁਲਤਾਨਪੁਰ ਲੋਧੀ ਤੋਂ ਯਾਤਰਾਵਾਂ ਦੀ ਸ਼ੁਰੂਆਤ ਕੀਤੀ ਸੀ ਤਾਂ ਉਹ ਸਭ ਤੋਂ ਪਹਿਲਾਂ ਸਿੱਧਾ ਐਮਨਾਬਾਦ ਵਿਖੇ ਗਏ ਸਨ। ਇੱਥੇ ਉਹਨਾਂ ਦੇ ਅਨਿੰਨ ਸ਼ਰਧਾਲੂ ਭਾਈ ਲਾਲੋ ਜੀ ਰਹਿੰਦੇ ਸਨ। ਐਮਨਾਬਾਦ ਦਾ ਪੁਰਾਣਾ ਨਾਂ ਸੈਦਪੁਰ ਜਾਂ ਸਯੱਦਪੁਰ ਵੀ ਸੀ। ਭਾਈ ਲਾਲੋ ਜੀ ਤਰਖਾਣ ਸਨ। ਵੈਸੇ ਐਮਨਾਬਾਦ ਦਾ ਮੁਖੀ ਇਕ ਮਲਿਕ ਭਾਗੋ ਨਾਂ ਦਾ ਜਾਗੀਰਦਾਰ ਸੀ। ਇਸੇ ਮਲਿਕ ਭਾਗੋ ਨਾਲ ਗੁਰੂ ਜੀ ਦੀ ਹੱਕ ਅਤੇ ਹਰਾਮ ਦੀ ਕਮਾਈ ਬਾਰੇ ਬਹਿਸ ਹੋਈ ਸੀ। ਇਸ ਦਾ ਸਿੱਟਾ ਇਹੋ ਹੀ ਸੀ ਕਿ ਦਸਾਂ ਨਹੁੰਆਂ ਦੀ ਕਮਾਈ ਦੁੱਧ ਦੇ ਸਮਾਨ ਹੈ ਜਦੋਂ ਕਿ ਧੱਕੇ ਨਾਲ, ਗਰੀਬਾਂ ਦੀ ਕਮਾਈ ਵਿੱਚੋਂ ਇਕੱਠਾ ਕੀਤਾ ਧਨ ਲਹੂ ਦੇ ਸਮਾਨ ਹੈ। ਐਮਨਾਬਾਦ ਵਿਖੇ ਹੀ ਸਭ ਤੋਂ ਪਹਿਲੀ ਸਿੱਖ ਸੰਗਤ ਸਥਾਪਤ ਕੀਤੀ ਗਈ ਸੀ ਅਤੇ ਭਾਈ ਲਾਲੋ ਜੀ ਇਸ ਸਿੱਖ ਸੰਗਤ ਦੇ ਮੁਖੀ ਸਨ।

ਐਮਨਾਬਾਦ ਤੋਂ ਹੀ ਗੁਰੂ ਨਾਨਕ ਸਾਹਿਬ ਆਪਣੇ ਮਾਤਾ-ਪਿਤਾ ਜੀ ਨੂੰ ਮਿਲਣ ਤਲਵੰਡੀ ਵਿਖੇ ਗਏ ਸਨ। ਗੁਰੂ ਜੀ ਰਾਇ ਬੁਲਾਰ ਜੀ ਨੂੰ ਵੀ ਮਿਲੇ ਸਨ। ਮਾਤਾ-ਪਿਤਾ ਜੀ ਅਤੇ ਰਾਇ ਬੁਲਾਰ ਜੀ ਹੁਣ ਤੱਕ ਇਸ ਗੱਲ ਤੋਂ ਜਾਣੂ ਹੋ ਗਏ ਸਨ ਕਿ ਉਹਨਾਂ ਦਾ ਪੁੱਤਰ ਸੱਚਮੁੱਚ ਹੀ ਸੱਚ ਦੇ ਮਾਰਗ ਦਾ ਪਰਚਾਰਕ ਹੈ। ਇਸ ਕਰਕੇ ਉਹ ਵੀ ਗੁਰੂ ਨਾਨਕ ਸਾਹਿਬ ਦੇ ਪਰਚਾਰ ਦੇ ਪਰਸੰਸਕ ਸਨ। ਰਾਇ ਬੁਲਾਰ ਜੀ ਨੇ ਗੁਰੂ ਜੀ ਨੂੰ ਵਿਦਾਇਗੀ ਦਿੰਦਿਆਂ ਕਿਹਾ ਸੀ ਕਿ ਗੁਰੂ ਜੀ ਆਪਣੀ ਇਕ ਇੱਛਾ ਦੱਸ ਜਾਣ ਤਾਂ ਕਿ ਉਸ ਨੂੰ ਉਹ ਗੁਰੂ ਜੀ ਦੀ ਯਾਦ ਵਿੱਚ ਹੀ ਪੂਰੀ ਕਰਵਾ ਸਕਣ। ਗੁਰੂ ਜੀ ਨੇ ਕਿਹਾ ਕਿ ਰਾਇ ਜੀ ਜੇਕਰ ਉਹਨਾਂ ਦੀ ਇੱਛਾ ਪੂਰਤੀ ਕਰਨਾ ਹੀ ਚਾਹੁੰਦੇ ਹਨ ਤਾਂ ਉਹ ਤਲਵੰਡੀ ਵਿਖੇ ਇਕ ਸਰੋਵਰ ਬਣਵਾ ਦੇਣ ਤਾਂ ਕਿ ਇੱਥੇ ਹਰ ਵਿਅਕਤੀ ਸਵੇਰੇ-ਸ਼ਾਮ ਇਸ਼ਨਾਨ ਕਰ ਸਕੇ। ਤਲਵੰਡੀ ਵਿਖੇ ਪਾਣੀ ਦੀ ਕਮੀ ਸੀ। ਰਾਇ ਜੀ ਨੇ ਬੜੇ ਹੀ ਸਤਿਕਾਰ ਅਤੇ ਸ਼ਰਧਾ ਸਹਿਤ ਤਲਵੰਡੀ ਵਿਖੇ ਇੱਕ ਸਰੋਵਰ ਦੀ ਖੁਦਾਈ ਕਰਵਾਈ ਸੀ।

ਤਲਵੰਡੀ ਸਾਬੋ ਤੋਂ ਹੀ ਗੁਰੂ ਨਾਨਕ ਸਾਹਿਬ ਅਤੇ ਉਹਨਾਂ ਦੇ ਸੰਗੀ ਸਾਥੀਆਂ ਦਾ ਕਾਫਲਾ ਮੁਲਤਾਨ ਦੇ ਕੋਲ ਤੁਲੰਭਾ ਵਿਖੇ ਪਹੁੰਚਿਆ। ਇੱਥੇ ਉਸ ਠੱਗ ਨਾਲ ਗੁਰੂ ਜੀ ਦਾ ਵਾਰਤਾਲਾਪ ਹੋਇਆ ਜਿਹੜਾ ਪਿੱਛੋਂ ਸੱਜਣ ਦੇ ਨਾਂ ਨਾਲ ਮਸ਼ਹੂਰ ਹੋਇਆ ਸੀ। ਇਸ ਠੱਗ ਦਾ ਸੱਜਣ ਨਾਂ ਸ਼ਾਇਦ ਪਿੱਛੋਂ ਦੇ ਰੱਖੇ ਗਏ ਨਾਂ ਦਾ ਪਰਤੀਕ ਹੈ ਕਿਉਂਕਿ ਸੱਜਣ ਬਹੁਤ ਅੱਛਾ ਨਾਂ ਹੈ। ਇੱਥੇ ਵੀ ਸਿੱਖ ਸੰਗਤ ਕਾਇਮ ਕੀਤੀ ਗਈ ਸੀ ਅਤੇ ਸੱਜਣ ਨੂੰ ਹੀ ਇਸ ਸੰਗਤ ਦਾ ਮੁਖੀ ਬਣਾਇਆ ਗਿਆ ਸੀ। ਪੰਜਾਬ ਵਿੱਚ ਹੀ ਵਿਚਰਦਿਆਂ ਸ਼ਾਇਦ ਤੁਲੰਭੇ ਤੋਂ ਹੀ, ਗੁਰੂ ਸਾਹਿਬ ਪਾਕਪੱਟਣ ਵੀ ਗਏ ਸਨ। ਇੱਥੇ ਬਾਬਾ ਸ਼ੇਖ ਫ਼ਰੀਦ ਜੀ ਦੀ ਖ਼ਾਨਗਾਹ ਸੀ। ਕਿਹਾ ਜਾਂਦਾ ਹੈ ਕਿ ਪਾਕਪੱਟਣ ਤੋਂ ਗੁਰੂ ਸਾਹਿਬ ਨੂੰ ਸੇਖ਼ ਫਰੀਦ ਜੀ ਦੀਆਂ ਲਿਖਤਾਂ ਅਤੇ ਹੋਰ ਲਿਖਤਾਂ ਵੀ ਕਾਫੀ

**ਬਾਕੀ ਸਫ਼ਾ 29 'ਤੇ**

# ਪੰਜਾਬ ਦੇ ਕਿਸਾਨਾਂ ਦੀ ਮੌਤ ਦਾ ਵਾਰੰਟ ਬਣੇ ਖੇਤ

**ਸਰਬਜੀਤ ਸਿੰਘ ਧਾਲੀਵਾਲ**



ਖੇਤਾਂ ਦੀ ਉਦਾਸੀ ਪਿੰਡਾਂ ਦੀਆਂ ਜੂਹਾਂ ਤੋਂ ਲੈ ਕੇ ਅਖ਼ਬਾਰਾਂ ਦੇ ਪੰਨਿਆਂ ਤਕ ਪਸਰ ਗਈ ਹੈ। ਅਖ਼ਬਾਰ ਦੇ ਪੰਨੇ ਪਰਤਣ ਲੱਗਿਆ ਅਜੀਬ ਕਿਸਮ ਦੀ ਘਬਰਾਹਟ ਹੁੰਦੀ ਹੈ। ਤਿੰਨ ਹੋਰ ਕਿਸਾਨਾਂ ਵੱਲੋਂ ਆਪਣੀ ਜੀਵਨ ਲੀਲ੍ਹਾ ਖ਼ਤਮ ਕਰਨ ਵਰਗੀਆਂ ਅਖ਼ਬਾਰਾਂ ਦੇ ਸਫ਼ਿਆਂ ਤੇ ਸਰ੍ਹਾਲ ਵਾਂਗ ਲੇਟੀਆਂ ਸੁਰਖੀਆਂ ਸਵੇਰ ਸਾਰ ਰੂਹ ਵਿਚ ਭੱਖੜੇ ਵਾਂਗ ਚੁੱਭ ਜਾਂਦੀਆਂ ਹਨ। ਖੇਤਾਂ ਵਿਚ ਹੁਣ ਫਸਲਾਂ ਨਹੀਂ, ਕਰਜ਼ਾ ਉੱਗਦਾ ਹੈ, ਜੋ ਛੋਟੇ ਤੇ ਦਰਮਿਆਨੇ ਕਿਸਾਨਾਂ ਦੀ ਮੌਤ ਦਾ ਵਾਰੰਟ ਹੋ ਨਿੱਬੜਦਾ ਹੈ। ਪਿੰਡਾਂ ਦੇ ਚੌਗਿਰਦੇ ਵਿਚ ਖੜ੍ਹੇ ਦਰਖ਼ਤ ਜੱਟਾਂ ਅਤੇ ਖੇਤ ਮਜ਼ਦੂਰਾਂ ਲਈ ਸਲੀਬਾਂ ਬਣ ਗਏ ਨੇ ਜਿਨ੍ਹਾਂ ਨਾਲ ਲਟਕ ਕੇ ਉਹ ਆਪਣੀ ਸੰਸਾਰਕ ਯਾਤਰਾ ਅੱਧਵਾਟੇ ਹੀ ਖ਼ਤਮ ਕਰ ਲੈਂਦੇ ਨੇ।

ਅਕਸਰ ਖਿਆਲ ਆਉਂਦਾ ਹੈ ਕਿ ਜੇਕਰ ਯੁੱਗ ਕਵੀ ਧਨੀ ਰਾਮ ਚਾਤ੍ਰਿਕ ਅੱਜ ਹੁੰਦਾ ਤਾਂ ਉਹ ਕਿਸਾਨੀ ਦੇ ਦਰਦ ਨੂੰ ਕਿਵੇਂ ਕਲਮਬੰਦ ਕਰਦਾ। ਉਸ ਦੇ ਗੀਤਾਂ ਦੇ ਬੋਲ ਕੀ ਹੁੰਦੇ। ਲੰਘੀ ਸਦੀ ਵਿਚ ਉਸ ਨੇ ਕਿਸਾਨਾਂ ਦੀ ਖ਼ੁਸ਼ਹਾਲੀ ਦਾ ਚਿਤਰਣ ਬਾਖੂਬੀ ਕੀਤਾ ਸੀ। ਉਸ ਦੇ ਬੋਲ ਸਨ:

ਤੂੜੀ ਤੰਦ ਸਾਂਭ, ਹਾੜ੍ਹੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਕਿਸਾਨੀ ਲਈ ਉਹ ਜ਼ਰੂਰ ਭਲਾ ਸਮਾਂ ਹੋਵੇਗਾ। ਚਾਤ੍ਰਿਕ ਨੇ ਸ਼ਾਹਾਂ ਦੇ ਹਿਸਾਬ ਦੀ ਗੱਲ ਕੀਤੀ ਹੈ, ਭਾਵ ਉਹ ਕਰਜ਼ੇ ਦਾ ਜ਼ਿਕਰ ਕਰਦਾ ਹੈ। ਪਰ ਇਸ ਦੇ ਬਾਵਜੂਦ ਉਸ ਦੇ ਬੋਲਾਂ ਵਿੱਚੋਂ ਕਿਸਾਨਾਂ ਦੀ ਚੜ੍ਹਦੀ ਕਲਾ ਡੁੱਲ੍ਹ ਡੁੱਲ੍ਹ ਪੈਂਦੀ ਹੈ। ਪਰ ਚਾਤ੍ਰਿਕ ਦਾ ਸਮਾਂ ਹੋਰ ਸੀ, ਹੁਣ ਹਾਲਾਤ ਬਦਲ ਚੁੱਕੇ ਹਨ। ਇਸੇ ਕਰਕੇ ਕਈ ਸਾਲ ਪਹਿਲਾਂ ਸੰਤ ਰਾਮ ਉਦਾਸੀ ਨੂੰ ਲਿਖਣਾ ਪਿਆ ਸੀ :

ਗਲ ਲੱਗ ਕੇ ਸੀਰੀ ਦੇ ਜੱਟ ਰੋਵੇ,
ਬੋਹਲਾਂ ਵਿਚੋਂ ਨੀਰ ਵਗਿਆ,
ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ,
ਤੂੜੀ ਵਿਚੋਂ ਪੁੱਤ ਜੱਗਿਆ।

ਇਨ੍ਹਾਂ ਬੋਲਾਂ ਵਿਚ ਕਿਸਾਨੀ ਅਤੇ ਖੇਤ ਮਜ਼ਦੂਰਾਂ ਦੇ ਮੰਦੜੇ ਹਾਲ ਦਾ ਵਰਨਣ ਰੂਹ ਨੂੰ ਤੜਫਾਉਂਦਾ ਹੈ। ਇਸੇ ਤਰ੍ਹਾਂ ਕਿਸਾਨ ਦੀ ਬੇਹਾਲੀ ਦਾ ਜ਼ਿਕਰ ਕਰਦਿਆਂ ਕਵੀ ਪਾਸ਼ ਨੇ ਵੀ ਕਈ ਸਾਲ ਪਹਿਲਾਂ ਲਿਖਿਆ ਸੀ :

ਇਹ ਤਾਂ ਸਾਰੀ ਉਮਰ ਨਹੀਂ ਲੱਥਣਾ,
ਭੈਣਾਂ ਦੇ ਵਿਆਹ 'ਤੇ ਚੁੱਕਿਆ ਕਰਜ਼ਾ,
ਪੈਲੀਆਂ ਵਿਚ ਛਿੜਕੇ ਹੋਏ ਲਹੂ ਦਾ,
ਹਰ ਕਤਰਾ ਇਕੱਠਾ ਕਰਕੇ,
ਇਨਾ ਰੰਗ ਨਹੀਂ ਬਣਨਾ, ਕਿ ਚਿਤਰ ਲਵਾਂਗੇ,
ਇਕ ਸ਼ਾਂਤ ਮੁਸਕਰਾਉਂਦੇ ਹੋਏ ਜਣੇ ਦਾ ਚਿਹਰਾ।

**ਇਕ ਹੋਰ ਥਾਂ ਪਾਸ਼ ਲਿਖਦਾ ਹੈ:**

ਤੇਲ ਦੇ ਘਾਟੇ ਸੜਦੀਆਂ ਫਸਲਾਂ,
ਬੈਂਕ ਦੀਆਂ ਮਿਸਲਾਂ ਦੇ ਜਾਲ ਅੰਦਰ ਫੜਫੜਾਉਂਦੇ ਪਿੰਡ,
ਤੇ ਸ਼ਾਂਤੀ ਲਈ ਫੈਲੀਆਂ ਬਾਹਾਂ,
ਸਾਡੇ ਯੁੱਗ ਦਾ ਸਭ ਤੋਂ ਕਮੀਨਾ ਚੁਟਕਲਾ ਹੈ।

ਵਕਤ ਦੀਆਂ ਸਰਕਾਰਾਂ ਨੇ ਹਰੇ ਇਨਕਲਾਬ ਨੂੰ ਕਿਸੇ ਵੱਡੀ ਤਰਕੀਬ ਅਧੀਨ ਕਿਸਾਨਾਂ ਦੀ ਖ਼ੁਸ਼ਹਾਲੀ ਦੇ ਪ੍ਰਤੀਕ ਵਜੋਂ ਇਸ ਕਦਰ ਉਭਾਰਿਆ ਕਿ ਕਿਸਾਨੀ ਸੁੱਧ-ਬੁੱਧ ਖੋਹ ਬੈਠੀ। "ਦੱਬ ਕੇ ਵਾਹ, ਤੇ ਰੱਜ ਕੇ ਖਾਹ" ਦੇ ਨਾਹਰੇ ਨੂੰ ਰੇਡੀਓ ਤੋਂ ਇੰਨਾ ਪ੍ਰਚਾਰਿਆ ਗਿਆ ਕਿ ਕਿਸਾਨੀ ਇਸ ਦੀ ਚਕਾਚੌਂਧ ਵਿਚ ਫਸ ਗਈ। ਉਨ੍ਹਾਂ ਕਰਜ਼ਾ ਚੁੱਕ ਕੇ ਟਰੈਕਟਰ ਲੈ ਲਏ। ਟਿਊਬਵੈੱਲ ਲਾ ਲਏ। ਹੋਰ ਸੰਦ ਸੰਦੇੜਾ ਇੰਨਾ ਖਰੀਦ ਲਿਆ ਕਿ ਆਪਣਾ ਝੁੱਗਾ ਚੌੜ ਕਰਵਾ ਲਿਆ। ਸਰਕਾਰਾਂ ਦੀ ਫੋਕੀ ਸ਼ਾਬਾਸ਼ ਦਾ ਕਮਲਾ ਕੀਤਾ ਹੋਇਆ ਕਿਸਾਨ ਕਰਜ਼ੇ ਦੀਆਂ ਪੰਡਾਂ ਚੁੱਕਦਾ ਰਿਹਾ। ਉਹ ਝੂਠੀ-ਮੂਠੀ ਦੀ ਵਾਹ-ਵਾਹ ਦੇ ਜਾਲ ਵਿਚ ਫਸਿਆ ਮਿੱਟੀ ਨਾਲ ਮਿੱਟੀ ਹੁੰਦਾ ਰਿਹਾ ਤੇ ਆਖ਼ਰ ਉਹ ਖ਼ੁਦ ਮਿੱਟੀ ਹੋ ਗਿਆ। ਦੇਸ਼ ਆਤਮ ਨਿਰਭਰ ਹੋ ਗਿਆ ਪਰ ਕਿਸਾਨ ਨਿਰਧਨ ਹੋ ਗਿਆ। ਉੱਘੇ ਅਰਥ ਸ਼ਾਸਤਰੀ ਡਾ. ਗਿਆਨ ਸਿੰਘ ਦਾ ਕਹਿਣਾ ਹੈ ਕਿ ਹਰੇਕ ਤੀਜਾ ਕਿਸਾਨ ਪੰਜਾਬ ਵਿਚ ਗਰੀਬੀ ਦੀ ਰੇਖਾ ਤੋਂ ਥੱਲੇ ਹੈ। ਕਿਸਾਨਾਂ ਦੇ ਖਰਚੇ ਵਧ ਗਏ ਹਨ ਤੇ ਆਮਦਨ ਘਟ ਗਈ ਹੈ ਤੇ ਨਤੀਜੇ ਵਜੋਂ ਕਿਸਾਨ ਕਰਜ਼ਈ ਹੋ ਰਿਹਾ ਹੈ। ਕਿਸਾਨ ਪਰਿਵਾਰਾਂ ਦੀ ਔਸਤਨ ਆਮਦਨ 2 ਲੱਖ 90 ਹਜ਼ਾਰ ਹੈ। ਪਰ ਖਰਚਾ 3 ਲੱਖ 35 ਹਜ਼ਾਰ। ਜ਼ਾਹਰ ਹੈ ਕਿ ਉਹ ਘਾਟੇ ਦੀ ਖੇਤੀ ਕਰਦਾ ਹੈ ਜਿਸ ਕਰਕੇ ਉਸ ਦੀ ਆਰਥਕ ਹਾਲਤ ਦਿਨੋਂ-ਦਿਨ ਪਤਲੀ ਹੁੰਦੀ ਜਾਂਦੀ ਹੈ।

ਪੰਜਾਬੀ ਯੂਨੀਵਰਸਿਟੀ ਵਲੋਂ ਪੰਜਾਬ ਸਰਕਾਰ ਦੇ ਕਹਿਣ 'ਤੇ ਕੀਤੇ ਗਏ ਇਕ ਸਰਵੇ ਵਿਚ ਪਤਾ ਲੱਗਿਆ ਹੈ ਕਿ ਪਿਛਲੇ ਕੁੱਝ ਸਾਲ ਵਿਚ ਆਤਮ ਹੱਤਿਆ ਦੀਆਂ ਘਟਨਾਵਾਂ ਵਿਚ ਬਹੁਤ ਵਾਧਾ ਹੋਇਆ ਹੈ। ਇਸ ਯੂਨੀਵਰਸਿਟੀ ਵੱਲੋਂ ਕੀਤੇ ਸੱਤ ਜ਼ਿਲ੍ਹਿਆਂ ਦੇ ਸਰਵੇ ਵਿਚ ਜੋ ਅੰਕੜੇ ਸਾਹਮਣੇ ਆਏ ਹਨ, ਉਨ੍ਹਾਂ ਮੁਤਾਬਿਕ ਇਨ੍ਹਾਂ ਜ਼ਿਲ੍ਹਿਆਂ ਵਿਚ 2000 ਤੋਂ 2010 ਤਕ 365 ਕਿਸਾਨ ਅਤੇ ਖੇਤ ਮਜ਼ਦੂਰਾਂ ਨੇ ਆਤਮ ਹੱਤਿਆ ਕੀਤੀ ਸੀ। ਪਰ 2010 ਤੋਂ 2016 ਤੱਕ, ਭਾਵ ਅਗਲੇ 6 ਸਾਲਾਂ ਵਿਚ 1317 ਕਿਸਾਨਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਹਨ। ਕਹਿਣ ਤੋਂ ਭਾਵ ਕੇ ਗਿਣਤੀ ਵਿਚ ਚਾਰ ਗੁਣਾਂ ਵਾਧਾ ਹੋਇਆ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ 2000 ਤੋਂ ਲੈ ਕੇ 2016 ਤਕ 1682 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਆਤਮ ਹੱਤਿਆ ਕੀਤੀ ਹੈ।

ਜਦੋਂ ਯੂਨੀਵਰਸਿਟੀਆਂ ਨੇ ਪਹਿਲਾ ਸਰਵੇ 2000 ਤੋਂ ਮਾਰਚ 2010 ਤਕ ਦਾ ਕੀਤਾ ਸੀ ਤਾਂ ਸਾਰੇ ਪੰਜਾਬ ਵਿਚ ਉਸ ਸਮੇਂ 6926 ਆਤਮ ਹੱਤਿਆ ਦੇ ਕੇਸ ਸਾਹਮਣੇ ਆਏ ਸਨ। ਇਨ੍ਹਾਂ ਵਿੱਚੋਂ 3954 ਕਿਸਾਨ ਅਤੇ 2972 ਖੇਤ ਮਜ਼ਦੂਰ ਸਨ। ਤਕਰੀਬਨ 80 ਫ਼ੀਸਦੀ ਖ਼ੁਦਕੁਸ਼ੀਆਂ ਦਾ ਕਾਰਨ ਕਰਜ਼ਾ ਸੀ। ਜਿਹੜੇ ਲੋਕ ਇਹ ਕਹਿ ਰਹੇ ਹਨ ਕਿ ਕਿਸਾਨ ਐਸ਼ੋ ਇਸ਼ਰਤ ਅਤੇ ਆਪਣੇ ਸਮਾਜਿਕ ਸਰੋਕਾਰਾਂ 'ਤੇ ਜ਼ਿਆਦਾ ਖ਼ਰਚਾ ਕਰ ਕੇ ਕਰਜ਼ਈ ਹੋ ਰਿਹਾ ਹੈ, ਸ਼ਾਇਦ ਉਨ੍ਹਾਂ ਲੋਕਾਂ ਨੂੰ ਕਿਸਾਨੀ ਦੀ ਆਰਥਕਤਾ ਦਾ ਊਂਕਾ ਹੀ ਗਿਆਨ ਨਹੀਂ। ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਜਿਹੜੇ ਕਿਸਾਨ ਮਰ ਰਹੇ ਹਨ ਉਹ ਜੀਵਨ ਨਿਰਬਾਹ ਕਿਵੇਂ ਕਰਦੇ ਹਨ। ਉਨ੍ਹਾਂ ਨੇ ਐਸ਼ੋ ਇਸ਼ਰਤ ਬਾਰੇ ਤਾਂ ਕੀ ਸੋਚਣਾ ਸੀ, ਉਨ੍ਹਾਂ ਨੂੰ ਤਾਂ ਦੋ ਡੰਗ ਦੀ ਰੋਟੀ ਹੀ ਮਸਾਂ ਜੁੜਦੀ ਹੈ। ਅਸਲ ਵਿਚ ਜਿਹੜੇ ਲੋਕ ਇਹ ਪ੍ਰਚਾਰ ਕਰ ਰਹੇ ਹਨ ਕਿ ਕਿਸਾਨ ਫ਼ਜ਼ੂਲ ਖ਼ਰਚੇ ਵਿਚ ਰੁਝੇ ਹੋਏ ਹਨ, ਉਹ ਕਿਸਾਨੀ ਭਾਈਚਾਰੇ ਦੇ ਜਜ਼ਬਾਤਾਂ ਨਾਲ ਖੇਡ ਰਹੇ ਹਨ। ਅਜਿਹੇ ਲੋਕਾਂ ਨੂੰ ਪਿੰਡਾਂ ਵਿਚ ਰਹਿ ਕੇ ਪਹਿਲਾਂ ਕਿਸਾਨਾਂ ਦੇ ਜੀਵਨ ਨਿਰਬਾਹ ਦੀ ਅਸਲੀਅਤ ਤੋਂ ਜਾਣੂ ਹੋਣਾ ਚਾਹੀਦਾ ਹੈ, ਇਸ ਤੋਂ ਬਾਅਦ ਹੀ ਕੋਈ ਉਨ੍ਹਾਂ ਦੀ ਹਾਲਤ ਬਾਰੇ ਤਬਸਰਾ ਕਰਨਾ ਚਾਹੀਦਾ ਹੈ।

ਅਸਲੀਅਤ ਇਹ ਹੈ ਕਿਸਾਨਾਂ ਦੀ ਮੌਤ ਮਹਿਜ਼ ਇਕ ਅੰਕੜਾ ਬਣ ਕੇ ਰਹਿ ਗਈ ਹੈ। ਸਮੇਂ ਸਮੇਂ ਸਰਕਾਰ ਗਿਣਤੀ-ਮਿਣਤੀ ਕਰਨ ਦਾ ਕੰਮ ਯੂਨੀਵਰਸਿਟੀਆਂ ਨੂੰ ਦੇ ਦਿੰਦੀ ਹੈ। ਕਿਸਾਨਾਂ ਦੀ ਮੌਤ ਰਾਜਸੀ ਪਾਰਟੀਆਂ ਲਈ ਇਕ ਦੂਜੇ ਨੂੰ ਮਿਹਣੇ ਮਾਰਨ ਦਾ ਧੰਦਾ ਬਣ ਗਈ ਹੈ। ਰਾਜ ਕਰਨ ਵਾਲੀ ਧਿਰ ਕਹਿ ਛੱਡਦੀ ਹੈ ਕਿ ਤੁਹਾਡੀ ਸਰਕਾਰ ਵੇਲੇ ਜ਼ਿਆਦਾ ਮਰੇ ਸਨ ਤੇ ਸਾਡੀ ਵਾਰੀ ਘੱਟ ਮਰੇ ਹਨ। ਵਿਰੋਧੀ ਪਾਰਟੀਆਂ ਕਹਿ ਛੱਡਦੀਆਂ ਹਨ ਕਿ ਪਹਿਲਾਂ ਘੱਟ ਮਰੇ ਸਨ ਤੇ ਹੁਣ ਜ਼ਿਆਦਾ ਮਰੇ ਹਨ। ਇਹ ਬਿਆਨਬਾਜ਼ੀ ਵੀ ਇਕ ਚੰਗੀ ਰਾਜਸੀ ਕਮਾਈ ਦਾ ਜ਼ਰੀਆ ਬਣ ਗਈ ਹੈ। ਰਾਜਸੀ ਕੋੜਮੇ ਦਾ ਸਬੰਧ ਸਿਰਫ਼ ਬਿਆਨਬਾਜ਼ੀ ਤੱਕ ਹੀ ਹੈ ਤੇ ਉਸ ਤੋਂ ਬਾਅਦ ਸਾਰਾ ਕੁੱਝ ਮਹਿਜ਼ ਇਕ ਮਗਰਮੱਛ ਦੇ ਹੰਝੂ ਹੀ ਹਨ।

ਬਹੁਤ ਸਾਰੇ ਲੋਕਾਂ ਨੂੰ ਇਸ ਗੱਲ ਦਾ ਇਲਮ ਹੀ ਨਹੀਂ ਕਿ ਕਈ ਸਾਲ ਸਰਕਾਰਾਂ ਕਿਸਾਨਾਂ ਦੀਆਂ ਖ਼ੁਦਕਸ਼ੀਆਂ ਤੋਂ ਮੁਨਕਰ ਰਹੀਆਂ। ਜਿਉਂਦਾ ਰਹੇ ਇੰਦਰਜੀਤ ਸਿੰਘ ਜੇਜੀ, ਜਿਸ ਨੇ ਖੇਤੀ ਖੇਤਰ ਵਿਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਾ ਅਜਿਹਾ ਬੀੜਾ ਚੁੱਕਿਆ ਕਿ ਸਰਕਾਰ ਨੂੰ ਅਖ਼ੀਰ ਮੰਨਣਾ ਪਿਆ ਕਿ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਨੇ। ਇਸ ਸਦੀ ਦੇ ਪਹਿਲੇ ਦਹਾਕੇ ਵਿਚ ਸਰਕਾਰ ਨੇ ਪਹਿਲੀ ਵਾਰ ਬਜਟ ਵਿਚ ਕਿਸਾਨਾਂ ਦੀ ਮਾਲੀ ਮਦਦ ਕਰਨ ਦਾ ਐਲਾਨ ਕੀਤਾ। ਇਹ ਵੱਖਰੀ ਗੱਲ ਹੈ ਕਿ ਇਹ ਮਾਲੀ ਮਦਦ ਦੇਣ ਵੇਲੇ ਸਰਕਾਰੀਤੰਤਰ ਦਾ ਕਿਸਾਨਾਂ ਪ੍ਰਤੀ ਰਵਈਆ ਬੜਾ ਗੈਰ ਮਨੁੱਖੀ ਹੁੰਦਾ ਹੈ। ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਾ ਸਿਲਸਿਲਾ ਪਹਿਲਾਂ ਸੰਗਰੂਰ ਜ਼ਿਲ੍ਹੇ ਦੇ ਲਹਿਰ ਅਤੇ ਮੂਨਕ ਇਲਾਕੇ ਦੇ ਕਪਾਹ ਖਿੱਤੇ ਵਿਚ ਸ਼ੁਰੂ ਹੋਇਆ ਤੇ ਫਿਰ ਸਾਰੀ ਨਰਮਾ ਬੈਲਟ ਵਿਚ ਫੈਲ ਗਿਆ। ਹੌਲੀ ਹੌਲੀ ਇਸ ਦੀ ਲਪੇਟ ਵਿਚ ਹੁਣ ਸਾਰਾ ਪੰਜਾਬ ਆ ਗਿਆ ਹੈ।

ਅਖ਼ੀਰ ਕਿਸਾਨ ਦੀ ਟੁੱਟ ਰਹੀ ਆਰਥਿਕਤਾ ਦਾ ਸਰਕਾਰੇ ਦਰਬਾਰੇ ਜ਼ਿਕਰ ਹੋਣਾ ਸ਼ੁਰੂ ਹੋਇਆ ਹੈ। ਕਿਸਾਨ ਜਥੇਬੰਦੀਆਂ ਦਾ ਵੀ ਇਸ ਵਿਚ ਯੋਗਦਾਨ ਰਿਹਾ ਹੈ। ਕਿਸਾਨ ਦੀ ਮੰਦਹਾਲੀ ਹੁਣ ਸਿਆਸੀ ਮੰਚ 'ਤੇ ਜੇਰੇ ਬਹਿਸ ਹੈ। ਕਰਜ਼ਾ ਹੁਣ ਇਕ ਵੱਡਾ ਸਿਆਸੀ ਮੁੱਦਾ ਬਣ ਗਿਆ ਹੈ। ਰਾਜਸੀ ਪਾਰਟੀਆਂ ਤੇ ਖੇਤਾਂ ਵਿੱਚੋਂ ਉੱਠ ਰਹੀ ਗੁੱਸੇ ਦੀ ਲਹਿਰ ਦਾ ਦਬਾ ਵਧ ਰਿਹਾ ਹੈ। ਪਰ ਦੁੱਖ ਦੀ ਗੱਲ ਇਹ ਹੈ ਕਿ ਦੇਸ਼ ਦੀ ਅਰਥ ਵਿਵਸਥਾ ਦੇ ਨੀਤੀ ਘਾੜਿਆਂ ਦੀ ਸੋਚ ਵਿੱਚੋਂ ਕਿਸਾਨ ਮਨਫ਼ੀ ਹੋ ਰਿਹਾ ਹੈ ਜਦੋਂ ਕਿ ਦੇਸ਼ ਦੀ ਅਰਥ ਵਿਵਸਥਾ ਉਸ ਉੱਤੇ ਨਿਰਭਰ ਹੈ। ਜੇਕਰ ਉਹ ਟੁੱਟ ਗਿਆ ਤਾਂ ਇਸ ਦੇਸ਼ ਦਾ ਬੁਰਾ ਹਾਲ ਹੋ ਜਾਵੇਗਾ। ਸਵਾਲ ਇਹ ਹੈ ਕਿ ਕੌਣ ਭਰੇਗਾ 120 ਕਰੋੜ ਲੋਕਾਂ ਦਾ ਢਿੱਡ।

ਸਭ ਤੋਂ ਤਕਲੀਫ ਦੇਣ ਵਾਲੀ ਗੱਲ ਇਹ ਹੈ ਕਿ ਜਦੋਂ ਕਿਸਾਨੀ ਨਿਰਾਸ਼ਾ ਦੇ ਆਲਮ ਵਿਚ ਡੁੱਬੀ ਹੋਈ ਹੈ ਤਾਂ ਉਸ ਸਮੇਂ ਕੇਂਦਰ ਸਰਕਾਰ ਦਾ ਖੇਤੀ ਅਰਥਚਾਰੇ ਬਾਰੇ ਵਤੀਰਾ ਬਹੁਤ ਦਿਲ ਦੁਖਾਊ ਹੈ। ਦੇਸ਼ ਦਾ ਵਿੱਤ ਮੰਤਰੀ ਅਰੁਣ ਜੇਤਲੀ ਵਾਰ ਵਾਰ ਕਹਿ ਚੁੱਕਾ ਹੈ ਕਿ ਕੇਂਦਰ ਕਿਸਾਨਾਂ ਦੇ ਕਰਜ਼ਾ ਮਾਫ਼ ਕਰਨ ਲਈ ਰਾਜਾਂ ਦੀ ਮਦਦ ਨਹੀਂ ਕਰੇਗਾ। ਪਹਿਲਾਂ ਹੀ ਕੇਂਦਰ ਸਰਕਾਰ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਤੋਂ ਭੱਜ ਗਈ ਹੈ। ਹਾਲਾਂਕਿ 2014 ਦੀਆਂ ਚੋਣਾਂ ਤੋਂ ਪਹਿਲਾਂ ਭਾਜਪਾ ਨੇ ਇਹ ਰੀਪੋਰਟ ਲਾਗੂ ਕਰਨ ਦਾ ਵਾਅਦਾ ਕੀਤਾ ਸੀ।

ਇਹੀ ਵਜ੍ਹਾ ਹੈ ਕਿ ਸਾਰੇ ਦੇਸ਼ ਦੀ ਕਿਸਾਨੀ ਵਿਚ ਗੁੱਸੇ ਦੀ ਲਹਿਰ ਜ਼ੋਰ ਫੜ ਰਹੀ ਹੈ। ਕੁੱਝ ਦਿਨ ਪਹਿਲਾਂ ਤਾਮਿਲਨਾਡੂ ਦੇ ਕਿਸਾਨ ਕਈ ਦਿਨ ਦਿੱਲੀ ਵਿਚ ਆਪਣਾ ਮੁਜ਼ਾਹਰਾ ਕਰਕੇ ਗਏ ਨੇ। ਮਹਾਰਾਸ਼ਟਰ ਵਿਚ ਵੀ ਇਹ ਹੋ ਚੁੱਕਾ ਹੈ ਤੇ ਪੰਜਾਬ ਦੇ ਕਿਸਾਨ ਵੀ ਬਹੁਤ ਵਾਰ ਦਿੱਲੀ ਜਾ ਚੁੱਕੇ ਹਨ। ਹਰਿਆਣਾ ਅਤੇ ਗੁਜਰਾਤ ਦੇ ਕਿਸਾਨ ਵੀ ਕਾਫੀ ਲੰਬੇ ਸਮੇਂ ਤੋਂ ਸੰਘਰਸ਼ ਕਰ ਰਹੇ ਨੇ। ਕਿਸਾਨ ਦਾ ਰੋਹ ਆਉਣ ਵਾਲੇ ਦਿਨਾਂ ਵਿਚ ਹੋਰ ਪ੍ਰਚੰਡ ਰੂਪ ਧਾਰਨ ਕਰ ਸਕਦਾ ਹੈ। ਅਸਲ ਵਿਚ ਕੇਂਦਰੀ ਵਿਤ ਮੰਤਰੀ ਨੇ ਕਿਸਾਨ ਕਰਜ਼ਿਆਂ ਬਾਰੇ ਇੰਨਾ ਰੁੱਖਾ ਬਿਆਨ ਦਿੱਤਾ, ਜਿਸ ਨਾਲ ਕਿਸਾਨਾਂ ਦੇ ਹਿਰਦਿਆਂ 'ਤੇ ਸੱਟ ਵੱਜੀ ਹੈ। ਕੇਂਦਰ ਸਰਕਾਰ ਕੋਲ ਆਮਦਨ ਦੇ ਇੰਨੇ ਜ਼ਿਆਦਾ ਵਸੀਲੇ ਹਨ ਕਿ ਉਹ ਕਰਜ਼ੇ ਦਾ ਭਾਰ ਸਹਿਜੇ ਹੀ ਚੁੱਕ ਸਕਦੀ ਹੈ, ਹਾਲਾਂਕਿ ਕਰਜ਼ਾ ਮੁਆਫ ਕਰਨ ਨਾਲ ਗੱਲ ਨਿੱਬੜਨੀ ਨਹੀਂ। ਪੰਜਾਬ ਵਰਗੇ ਪ੍ਰਾਂਤ ਵਿਚ ਕਿਸਾਨੀ ਦੇ ਕਰਜ਼ਾ ਮੁਆਫੀ ਦੇ ਐਲਾਨ ਤੋਂ ਬਾਅਦ ਖ਼ੁਦਕੁਸ਼ੀਆਂ ਦਾ ਸਿਲਸਿਲਾ ਹੋਰ ਤੇਜ਼ ਹੋ ਗਿਆ ਹੈ।

ਖ਼ੁਦਕੁਸ਼ੀਆਂ ਰੋਕਣ ਲਈ ਵੱਡੇ ਉਪਰਾਲੇ ਦੀ ਜ਼ਰੂਰਤ ਹੈ। ਕਿਸਾਨੀ ਦਾ ਮਨੋਬਲ ਇੰਨਾ ਡਿਗ ਪਿਆ ਹੈ ਕਿ ਉਸ ਨੂੰ ਮੁੜ ਬਹਾਲ ਕਰਨ ਲਈ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਪੱਧਰ 'ਤੇ ਵੱਡੀ ਮੁਹਿਮ ਸ਼ੁਰੂ ਕਰਨ ਦੀ ਲੋੜ ਹੈ। ਮਨੋਬਲ ਡਿਗਣ ਦੇ ਕਈ ਕਾਰਨ ਹਨ। ਕਿਸਾਨ ਆਪਣੇ ਬੱਚਿਆਂ ਦੇ ਭਵਿੱਖ ਵਾਰੇ ਚਿੰਤਤ ਹੈ। ਭ੍ਰਿਸ਼ਟ ਵਿਵਸਥਾ ਵਿਚ ਉਹ ਇਕੱਲਾ ਪੈ ਗਿਆ ਹੈ। ਵਿੱਦਿਅਕ ਢਾਂਚਾ ਨਿੱਘਰ ਗਿਆ ਹੈ ਜਿਸ ਕਰ ਕੇ ਉਸਦੇ ਬੱਚੇ ਨੌਕਰੀ ਦੇ ਕਾਬਲ ਵੀ ਨਹੀਂ ਬਣਦੇ। ਵੱਡਾ ਸਵਾਲ ਇਹ ਹੈ ਕਿ ਕਿਵੇਂ ਖੇਤੀ ਛੋਟੀ ਅਤੇ ਦਰਮਿਆਨੀ ਕਿਸਾਨੀ ਲਈ ਲਾਹੇਵੰਦ ਧੰਦਾ ਬਣੇ। ਛੋਟੀ ਤੇ ਦਰਮਿਆਨੀ ਕਿਸਾਨੀ ਲਈ ਖੇਤੀ ਦੇ ਨਾਲ-ਨਾਲ ਸਰਕਾਰ ਨੂੰ ਨੌਕਰੀਆਂ ਦਾ ਪ੍ਰਬੰਧ ਵੀ ਕਰਨਾ ਪਵੇਗਾ। ਸਰਕਾਰੀ ਨੌਕਰੀਆਂ ਦੀ ਥੁੜ ਹੈ। ਇਸ ਲਈ ਕਿਸਾਨਾਂ ਦੇ ਬੱਚਿਆਂ ਨੂੰ ਗ਼ੈਰ ਸਰਕਾਰੀ ਖੇਤਰ ਵਿਚ ਨੌਕਰੀਆਂ ਲਈ ਤਿਆਰ ਕੀਤਾ ਜਾਣਾ ਚਾਹੀਦਾ ਹੈ। ਟ੍ਰੇਨਿੰਗ ਦੇਣੀ ਚਾਹੀਦੀ ਹੈ। ਇਸ ਦੇ ਨਾਲ ਹੀ ਕਿਸਾਨ ਨੂੰ ਕਣਕ ਚਾਵਲ ਦੇ ਚੱਕਰ ਵਿੱਚੋਂ ਬਾਹਰ ਕੱਢਣਾ ਪਵੇਗਾ। ਇਸ ਲਈ ਖੇਤੀ ਖੇਤਰ ਵਿਚ ਵੱਡੀ ਤਬਦੀਲੀ ਕਰਨੀ ਪਵੇਗੀ ਤੇ ਸਖ਼ਤ ਫੈਸਲੇ ਲੈਣੇ ਪੈਣਗੇ। ਭਾਵ ਕੌੜਾ ਘੁੱਟ ਭਰਨਾ ਪਵੇਗਾ। ਇਸ ਲਈ ਰਾਜਸੀ ਇੱਛਾ ਸ਼ਕਤੀ ਦੀ ਜ਼ਰੂਰਤ ਹੈ। ਛੋਟੇ ਤੇ ਦਰਮਿਆਨੇ ਕਿਸਾਨ ਲਈ ਸਹਿਕਾਰੀ ਖੇਤੀ ਦਾ ਮਾਡਲ ਲਾਗੂ ਕਰਨਾ ਪਵੇਗਾ। ਉਨ੍ਹਾਂ ਲਈ ਪੈਨਸ਼ਨ ਦਾ ਪ੍ਰਬੰਧ ਕਰਨਾ ਪਵੇਗਾ। 1000-2000 ਪ੍ਰਤੀ ਮਹੀਨਾ ਨਾਲ ਕੰਮ ਨਹੀਂ ਚੱਲਣਾ। ਇਹ ਘੱਟੋ ਘੱਟ 8000-10000 ਰੁਪਏ ਮਹੀਨਾ ਦੇਣੀ ਪਵੇਗੀ। ਕਿਸਾਨੀ ਦਾ ਦੇਸ਼ ਦੇ ਵਿਕਾਸ ਅਤੇ ਆਰਥਿਕਤਾ ਵਿਚ ਵੱਡਾ ਯੋਗਦਾਨ ਹੈ। ਜੇਕਰ ਮੁਲਾਜ਼ਮ, ਫੌਜੀਆਂ ਤੇ ਹੋਰਨਾਂ ਨੂੰ ਪੈਨਸ਼ਨ ਮਿਲ ਸਕਦੀ ਹੈ ਤਾਂ ਫਿਰ ਕਿਸਾਨਾਂ ਨੂੰ ਕਿਉਂ ਨਹੀਂ। ਖੇਤ ਮਜ਼ਦੂਰਾਂ ਲਈ ਵੀ ਇਹ ਕੁੱਝ ਕਰਨਾ ਪਵੇਗਾ। ਪੇਂਡੂ ਅਰਥਚਾਰੇ ਦਾ ਖੇਤ ਮਜ਼ਦੂਰ ਅਨਿੱਖੜਵਾਂ ਅੰਗ ਹੈ। ਉਸ ਨੂੰ ਵੱਖ ਕਰ ਕੇ ਨਹੀਂ ਵੇਖਿਆ ਜਾ ਸਕਦਾ। ਉਸ ਨੂੰ ਵੀ ਸੰਕਟ ਵਿਚੋਂ ਕੱਢਣ ਦੀ ਲੋੜ ਹੈ।

ਕਿਸਾਨਾਂ ਦੇ ਮੁਫ਼ਤ ਇਲਾਜ, ਉਨ੍ਹਾਂ ਦੇ ਬੱਚਿਆਂ ਦੀ ਮੁਫ਼ਤ ਪੜ੍ਹਾਈ ਦਾ ਇੰਤਜ਼ਾਮ ਵੀ ਕਰਨਾ ਪਵੇਗਾ। ਸਮਾਜਿਕ ਸੁਧਾਰ ਲਹਿਰ ਚਲਾਉਣੀ ਪਵੇਗੀ। ਪੰਜਾਬ ਨੂੰ ਸੋਗ ਦੇ ਮਾਹੌਲ ਵਿਚੋਂ ਕੱਢਣ ਲਈ ਇਕ ਬਹੁਤ ਵੱਡੇ ਸਾਂਝੇ ਹੰਭਲੇ ਦੀ ਲੋੜ ਹੈ। ਇਹ ਤਾਂ ਹੀ ਸੰਭਵ ਹੈ ਜੇ ਸਾਰੇ ਪੰਜਾਬੀ ਇਕਮੁੱਠ ਹੋ ਕੇ ਇਸ ਦਿਸ਼ਾ ਵੱਲ ਯਤਨ ਕਰਨ।



ਹੱਡ ਬੀਤੀ-ਜੱਗ ਬੀਤੀ

# ਪੰਜਾਬ ’ਚ ਨਸ਼ਿਆਂ ਦਾ ਦੁਖਾਂਤ ਭੁਗਤ ਰਹੇ ਬਜ਼ੁਰਗ

**ਮੋਹਨ ਸ਼ਰਮਾ**



ਨਸ਼ਿਆਂ ਦੇ ਮਾਰੂ ਸੰਤਾਪ ਨੇ ਜਿਥੇ ਪੰਜਾਬ ਦੀ ਜਵਾਨੀ ਨੂੰ ਝੰਬ ਕੇ ਰੱਖ ਦਿੱਤਾ ਹੈ, ਉਥੇ ਨਸ਼ਿਆਂ ਦੀ ਭੇਟ ਚੜ੍ਹੇ ਨੌਜਵਾਨਾਂ ਦੇ ਮਾਪੇ ਤੇ ਪਰਿਵਾਰ ਇਕ ਵੱਖਰੀ ਕਿਸਮ ਦਾ ਸੰਤਾਪ ਭੁਗਤ ਰਹੇ ਹਨ। ਇਕ ਪਾਸੇ ਜਿਥੇ ਨਸ਼ਈ ਲੋਕ ਸਮਾਜਿਕ ਕਦਰਾਂ-ਕੀਮਤਾਂ ਅਤੇ ਕਾਨੂੰਨ ਵਿਵਸਥਾ ਦੀਆਂ ਧੱਜੀਆਂ ਉਡਾਉਂਦੇ ਹਨ, ਉੱਥੇ ਹੀ ਉਹ ਆਪਣੇ ਮਾਪਿਆਂ ਦੀ ਹਾਲਤ ਕੱਖੋਂ ਹੌਲੀ ਅਤੇ ਪਾਣੀਉਂ ਪਤਲੀ ਕਰਨ ਵਿਚ ਕੋਈ ਕਸਰ ਨਹੀਂ ਛੱਡ ਰਹੇ। ਭੁੱਕੀ, ਅਫ਼ੀਮ ਅਤੇ ਸ਼ਰਾਬ ਜਿਹੇ ਰਵਾਇਤੀ ਨਸ਼ਿਆਂ ਨੇ ਜਿੱਥੇ ਘਰਾਂ ਦੀ ਬਰਕਤ ਖੋਹ ਲਈ ਹੈ, ਉੱਥੇ ਹੀ ‘ਚਿੱਟੇ’ ਵਰਗੇ ਮਹਿੰਗੇ ਅਤੇ ਜਾਨ ਲੇਵਾ ਨਸ਼ੇ ਨੇ ਚਿੱਟੀਆਂ ਚੁੰਨੀਆਂ ਵਿਚ ਵਾਧਾ ਕਰਨ ਦੇ ਨਾਲ-ਨਾਲ ਸਿਵਿਆਂ ਦੀਆਂ ਲਾਟਾਂ ਨੂੰ ਵੀ ਪ੍ਰਚੰਡ ਕੀਤਾ ਹੈ। ਘਰਾਂ ਅੰਦਰ ਵਿਛੇ ਸੱਥਰਾਂ ਉੱਪਰ ਸਵਾਲ ਧੁਖ ਰਹੇ ਹਨ ਕਿ ਇਹ ਕਿਹੋ ਜਿਹਾ ਵਿਕਾਸ ਹੈ, ਜਿਸ ਨੇ ਰੰਗਲੇ ਪੰਜਾਬ ਵਿਚ ਲੁੱਟਾਂ-ਖੋਹਾਂ, ਮਾਰ-ਧਾੜ, ਠੱਗੀਆਂ, ਨਜ਼ਾਇਜ਼ ਕਬਜ਼ਿਆਂ, ਬਲਾਤਕਾਰਾਂ ਅਤੇ ਭਾੜੇ ਦੇ ਕਾਤਲਾਂ ਵਿਚ ਢੇਰ ਵਾਧਾ ਕਰਨ ਦੇ ਨਾਲ-ਨਾਲ ਨਸ਼ਿਆਂ ਦੀ ਦਲਦਲ ਵਿਚ ਧਸੇ ਪੁੱਤਾਂ ਨੂੰ ਸਿਵਿਆਂ ਦੇ ਰਾਹ ਤੋਰ ਦਿੱਤਾ ਹੈ ? ਦੋ ਤਿੰਨ ਦਹਾਕੇ ਪਹਿਲਾਂ ਜੋ ਬਾਪ ਹੁੱਬ ਕੇ ਆਪਣੇ ਪੁੱਤਾਂ ਦੀਆਂ ਖੇਡਾਂ, ਵਿੱਦਿਅਕ ਜਾਂ ਹੋਰ ਖੇਤਰਾਂ ਵਿਚ ਪ੍ਰਾਪਤੀਆਂ ਸਬੰਧੀ ਲੋਕਾਂ ਨੂੰ ਦੱਸਣ ਵਿਚ ਮਾਣ ਮਹਿਸੂਸ ਕਰਦਾ ਸੀ, ਹੁਣ ਉਹ ਬਾਪ ਲੋਕਾਂ ਨਾਲ ਅੱਖ ਮਿਲਾਉਣ ਦੀ ਥਾਂ ਪਾਸਾ ਵੱਟ ਕੇ ਲੰਘਣ ਦੀ ਕੋਸ਼ਿਸ਼ ਕਰਦਾ ਹੈ। ਉਸ ਨੂੰ ਡਰ ਹੁੰਦਾ ਹੈ ਕਿ ਕਿਤੇ ਨਸ਼ਈ ਪੁੱਤ ਦੇ ਕਾਰਨਾਮਿਆਂ ਦਾ ਕੋਈ ਜ਼ਿਕਰ ਨਾ ਛੇੜ ਲਵੇ ਅਤੇ ਉਸ ਨੂੰ ਨਮੋਸ਼ੀ ਨਾ ਝੱਲਣੀ ਪਵੇ। ਬਾਪ ਦੇ ਚਿਹਰੇ ਉਤੇ ਛਾਈ ਘੋਰ ਉਦਾਸੀ, ਮਾਂ ਦੀਆਂ ਵਿਰਾਨ ਹੋਈਆਂ ਅੱਖਾਂ, ਪੀੜ-ਪਰੁੱਤਾ ਪਤਨੀ ਦਾ ਚਿਹਰਾ ਅਤੇ ਵਿਲਕਦੇ ਬੱਚੇ ਉਦਾਸ ਪੰਜਾਬ ਦੀ ਤਸਵੀਰ ਪੇਸ਼ ਕਰ ਰਹੇ ਹਨ।



ਨਸ਼ਈਆਂ ਦੀਆਂ ਕਮੀਨੀਆਂ ਹਰਕਤਾਂ, ਨਸ਼ਾ ਕਰਕੇ ਰੋਜ਼ ਕੋਈ ਨਾ ਕੋਈ ਉਧ-ਮੂਲ ਖੜ੍ਹਾ ਕਰਨਾ, ਘਰਾਂ ਵਿਚ ਆ ਰਹੇ ਉਲਾਂਭੇ, ਨਸ਼ੇ ਦੀ ਪੂਰਤੀ ਲਈ ਪੈਸਾ ਲੈਣ ਵਾਸਤੇ ਪਤਨੀਆਂ ਦੀ ਕੁੱਟ-ਮਾਰ, ਮਾਂ ਜਿਹੇ ਪਵਿੱਤਰ ਰਿਸ਼ਤੇ ਨੂੰ ਕਲੰਕਤ ਕਰਦਿਆਂ ਗਾਲ੍ਹਾਂ ਦੀ ਵਰਖਾ ਅਤੇ ਘਰਾਂ ਵਿੱਚੋਂ ਚੀਖ-ਚਿਹਾੜੇ ਦੀਆਂ ਆਵਾਜ਼ਾਂ ਦਾ ਸ਼ੋਰ ਪੰਜਾਬ ਦਾ ਆਮ ਹੀ ਦ੍ਰਿਸ਼ ਹੈ। ਅਜਿਹੇ ਸੋਗੀ ਮਾਹੌਲ ਵਿਚ ਹੀ ਪਿਛਲੇ ਦਿਨੀਂ ਇਕ ਘਟਨਾ ਵਾਪਰੀ, ਜਦੋਂ ਸਵੇਰੇ-ਸਵੇਰੇ ਨਸ਼ਈ ਪੁੱਤ ਨੇ ਰੋਅਬ ਨਾਲ ਨਸ਼ੇ ਦਾ ਝੱਸ ਪੂਰਾ ਕਰਨ ਲਈ ਬਾਪ ਵੱਲ ਅੱਖਾਂ ਕੱਢ ਕੇ ਪੈਸਿਆਂ ਦੀ ਮੰਗ ਕੀਤੀ ਤਾਂ ਬਾਪ ਤੋਂ ਬਰਦਾਸ਼ਤ ਨਾ ਹੋਇਆ। ਉਹ ਆਪੇ ਤੋਂ ਬਾਹਰ ਹੋ ਗਿਆ। ਉਸ ਨੇ ਰਾਈਫ਼ਲ ਕੱਢੀ ਅਤੇ ਇਕਲੌਤੇ ਪੁੱਤ ‘ਤੇ ਗੋਲੀ ਚਲਾ ਦਿੱਤੀ। ਗੋਲੀ ਅਤੇ ਚੀਖ-ਚਿਹਾੜੇ ਦੀ ਆਵਾਜ਼ ਨਾਲ ਆਂਢੀ-ਗੁਆਂਢੀ ਭੱਜ ਕੇ ਆ ਗਏ। ਵਿਹੜੇ ਵਿਚ ਜਖ਼ਮੀ ਹੋਇਆ ਨਸ਼ਈ ਪੁੱਤ ਬੇਹੋਸ਼ੀ ਦੀ ਹਾਲਤ ਵਿਚ ਪਿਆ ਸੀ। ਪੱਟ ਵਿਚ ਗੋਲੀ ਲੱਗਣ ਕਾਰਨ ਨਸ਼ਈ ਪੁੱਤ ਦੀ ਜਾਨ ਤਾਂ ਬਚ ਗਈ ਸੀ ਪਰ ਉਸ ਦੀ ਮਾਂ, ਪਤਨੀ ਅਤੇ ਬੱਚੇ ਵਿਲਕ ਰਹੇ ਸਨ। ਬਾਪ ਇਕ ਪਾਸੇ ਗੁੰਮ-ਸੁੰਮ ਪੱਥਰ ਜਿਹਾ ਬਣਿਆ ਖੜ੍ਹਾ ਸੀ। ਜਖ਼ਮੀ ਮੁੰਡੇ ਨੂੰ ਕੁਝ ਹਮਦਰਦ ਲੋਕ ਹਸਪਤਾਲ ਲੈ ਗਏ। ਪੁਲਿਸ ਕੋਲ ਵੀ ਇਤਲਾਹ ਪਹੁੰਚ ਗਈ ਅਤੇ ਥਾਣੇਦਾਰ 2-3 ਸਿਪਾਹੀਆਂ ਨਾਲ ਪਿੰਡ ਪਹੁੰਚ ਗਿਆ। ਪੁਲਿਸ ਪਾਰਟੀ ਬਾਪ ਨੂੰ ਹੱਥਕੜੀ ਲਾ ਕੇ ਪੁੱਤ ਦੇ ਬਿਆਨ ਕਲਮਬੰਦ ਕਰਨ ਲਈ ਹਸਪਤਾਲ ਵੱਲ ਚੱਲ ਪਈ।

ਪਿੰਡ ਦਾ ਸਰਪੰਚ, ਕੁਝ ਹੋਰ ਵਿਅਕਤੀ ਅਤੇ ਰਿਸ਼ਤੇਦਾਰਾਂ ਦੇ ਇਕੱਠ ਵਿਚ ਇਸ ਦਿਲ ਕੰਬਾਊ ਘਟਨਾ ਦਾ ਜ਼ਿਕਰ ਸਾਂਝਾ ਕਰਦਿਆਂ ਘੁਸਰ-ਮੁਸਰ ਹੋ ਰਹੀ ਸੀ ਕਿ ਭਲਾ ਕਿਹੜੇ ਬਾਪ ਦਾ ਦਿਲ ਕਰਦਾ ਹੈ ਕਿ ਉਹ ਰੀਝਾਂ ਨਾਲ ਪਾਲੇ ਪੁੱਤ ਉੱਤੇ ਮਾਰੂ ਹਮਲਾ ਕਰੇ ? ਅਜਿਹੀ ਅਣਹੋਣੀ ਘਟਨਾ ਲਈ ਬਾਪ ਕਿੰਨਾ ਕੁ ਜ਼ਿੰਮੇਵਾਰ ਹੈ ? ਕਿਉਂ ਗੋਲੀ ਚਲਾਉਣੀ ਪਈ ਉਸ ਨੂੰ ਆਪਣੇ ਇਕਲੌਤੇ ਪੁੱਤ ‘ਤੇ ? ਅਜਿਹੀਆਂ ਚਿੰਤਾਜਨਕ ਗੱਲਾਂ ਸਾਂਝੀਆਂ ਕਰਦਿਆਂ ਨਸ਼ਈ ਮੁੰਡਿਆਂ ਦੁਆਰਾ ਕੀਤੀ ਜਾ ਰਹੀ ਆਰਥਿਕ ਬਰਬਾਦੀ ਦੇ ਨਾਲ-ਨਾਲ ਪਰਿਵਾਰਾਂ ਨੂੰ ਮਾਨਸਿਕ ਤੌਰ ‘ਤੇ ਰੋਗੀ ਬਣਾਉਣ ਦੀਆਂ ਕਹਾਣੀਆਂ ਸੁਣਾਈਆਂ ਜਾ ਰਹੀਆਂ ਸਨ।

ਥੋੜ੍ਹੀ ਦੇਰ ਬਾਅਦ ਪੁਲਿਸ ਪਾਰਟੀ ਨਾਲ ਹੱਥਕੜੀਆਂ ਵਿੱਚ ਜਕੜਿਆ ਬਾਪ ਵੀ ਜ਼ਖ਼ਮੀ ਪੁੱਤ ਦੇ ਕੋਲ ਪਹੁੰਚ ਗਿਆ। ਉਦਾਸੀ ਦਾ ਬੁੱਤ ਬਣਿਆ ਪਹਿਲਾਂ ਉਹ ਬਿਟਰ-ਬਿਟਰ ਬੇਹੋਸ਼ੀ ਦੀ ਹਾਲਤ ਵਿਚ ਪਏ ਪੁੱਤ ਵੱਲ ਵਿਹੰਦਾ ਰਿਹਾ ਅਤੇ ਫਿਰ ਉਸ ਦੀਆਂ ਅੱਖਾਂ ਵਿਚੋਂ ਪਰਲ-ਪਰਲ ਹੰਝੂ ਵਹਿਣ ਲੱਗ ਪਏ।

“ਜਵਾਨ ਪੁੱਤ ਦੇ ਗੋਲੀ ਮਾਰ ਕੇ ਹੁਣ ਰੋਣ ਦਾ ਡਰਾਮਾ ਕਿਉਂ ਕਰਦੈਂ.. .ਇਹ ਤਾਂ ਸੁਖ ਰਹਿ ਗਈ ਬਈ ਮੁੰਡੇ ਦੇ ਗੋਲੀ ਪੱਟ ਵਿੱਚ ਲੱਗੀ ਹੈ। ਜੇ ਭਲਾ ਛਾਤੀ ਵਿੱਚ ਗੋਲੀ ਲੱਗਦੀ, ਫਿਰ ਤਾਂ ਮਾਰ ਦੇਣਾ ਸੀ ਨਾ ਮੁੰਡਾ ...।” ਥਾਣੇਦਾਰ ਨੇ ਘੂਰ ਕੇ ਬਾਪ ਵੱਲ ਵਿਹੰਦਿਆਂ ਕਿਹਾ।

ਬਾਪ ਨੇ ਹੱਥਕੜੀਆਂ ਨਾਲ ਜਕੜੇ ਦੋਨੋਂ ਹੱਥ ਥਾਣੇਦਾਰ ਵੱਲ ਜੋੜਦਿਆਂ ਕਿਹਾ, “ਇਹ ਤਾਂ ਜੀ ਇਕ ਵਾਰ ਮਰਦਾ, ਪਰ ਇਹਦੇ ਕਾਰਨ ਸਾਰਾ ਟੱਬਰ ਤਿਲ-ਤਿਲ ਕਰਕੇ ਰੋਜ਼ ਮਰ ਰਿਹਾ ਹੈ। ਅਸੀਂ ਕਿੱਧਰ ਨੂੰ ਜਾਈਏ ?” ਪੀੜਾਂ ਨਾਲ ਵਿੰਨ੍ਹੇ ਬਾਪ ਦੇ ਬੋਲ ਅਤੇ ਨੈਣਾਂ ਦੇ ਕੋਇਆਂ ਵਿੱਚੋਂ ਵਹਿੰਦੇ ਅੱਥਰੂਆਂ ਕਾਰਨ ਆਲੇ-ਦੁਆਲੇ ਸੋਗੀ ਸੰਨਾਟਾ ਪਸਰ ਗਿਆ।


ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥

*“If you wish to play the Game of Love, place your head in your palm and walk on My Path.”*
**- Guru Nanak Dev Ji**

BAISAKHI 2019 CELEBRATION
KEERTAN DARBAR & NAGAR KEERTAN



Sunday, April 14, 2019 • 7:00 am - 6:00 pm
Los Angeles Convention Center
1201 S. FIGUEROA STREET, LOS ANGELES, CA 90015

AMRIT VELA PROGRAM
GURU RAM DAS ASHRAM
1620 Preuss Rd., Los Angeles, CA 90035
3:30 am Japji Sahib
3:50 am Asa di Var
6:30 am Grand Motorcade Procession of Siri Guru Granth Sahib Ji to Convention Center

KEERTAN DARBAR PROGRAM
Convention Center, Concourse Hall
7:00 am Prakash of Siri Guru Granth Sahib Ji, followed by Children's Jethas from Southern CA Gurudwaras, Ragi Jethas from Southern CA Gurudwaras, Guest Ragi Jethas & Honored Guests
*Children's Activities Room • Baisakhi Bazaar*
*Langar served all day*
3:00 pm Grand Procession of Siri Guru Granth Sahib Ji to the Guru's Nagar Keertan Float

NAGAR KEERTAN PROGRAM
Gilbert Lindsey Plaza and Downtown Los Angeles
*Gatka Demonstrations,*
*Delicious snacks served after the parade*
3:00 pm - 6:00 pm

PLEASE ATTEND WITH YOUR FAMILY AND FRIENDS! ALL ARE WELCOME

AMRIT SANCHAR
Saturday, April 13, 2019
at Guru Ram Das Ashram

Please call: (310) 201-0954
For more Baisakhi Celebration information, visit
www.gururamdasashram.org

47975

ਆਪ ਜੀ ਸਾਰੇ ਪਰਿਵਾਰ ਸਮੇਤ ਸੇਵਾ ਵਿੱਚ ਸ਼ਾਮਿਲ ਹੋਵੋ, ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ




# ਪਾਠਕਾਂ ਦਾ ਨਜ਼ਰੀਆ

## ਪੰਜਾਬ ਉਤੇ ਬਿਹਾਰੀ ਕਰਨਗੇ ਰਾਜ

ਅੱਜ ਜਿਵੇਂ ਜਹਾਜ਼ ਭਰ ਭਰ ਕੇ ਸਟੂਡੈਂਟਾਂ ਦੇ ਵਿਦੇਸ਼ਾਂ ਵਿੱਚ ਪੁਜ ਰਹੇ ਹਨ । ਲਗਦਾ ਹੁਣ ਬਹੁਤਾ ਚਿਰ ਨਹੀਂ ਲੱਗਣਾ ਜਦੋਂ ਪੰਜਾਬ ਪੰਜਾਬੀਆਂ ਤੋਂ ਖਾਲੀ ਹੋ ਜਾਣਾ । ਪੰਜਾਬ ਉਤੇ ਬਿਹਾਰੀਆਂ ਨੇ ਰਾਜ ਕਰਨਾ ਹੈ ।

ਪੰਜਾਬ ਦੇ ਕਾਲਜ , ਯੂਨੀਵਰਸਿਟੀਆਂ ਵਿਦਿਆਰਥੀਆਂ ਤੋਂ ਖਾਲੀ ਹੋ ਰਹੇ ਹਨ । ਆਈਲੈਟਸ ਕਾਲਜਾਂ ਦੇ ਅੰਦਰ ਵਿਦਿਆਰਥੀਆਂ ਦਾ ਹੜ੍ਹ ਆਇਆ ਹੈ । ਅੱਜ ਜਿਹੜਾ ਪਲੱਸ ਟੂ ਕਰਦਾ ਹੈ ਉਹ ਆਈਲੈਟਸ ਕਰਕੇ ਬਾਹਰ ਚਲੇ ਜਾਂਦਾ ਹੈ ।

ਜਿਹੜਾ ਵਿਦੇਸ਼ ਚਲਾ ਜਾਂਦਾ ਹੈ ਉਸ ਨੇ ਸਮਾਂ ਪਾ ਕੇ ਆਪਣਾ ਪਰਿਵਾਰ ਵੀ ਸੱਦਣਾ ਹੈ । ਐਦਾਂ ਪਰਿਵਾਰ ਦੇ ਇਕ ਮੈਂਬਰ ਨਾਲ ਸਾਰਾ ਟੱਬਰ ਵੀ ਵਿਦੇਸ਼ ਚਲਾ ਜਾਣਾ ਹੈ । ਪੰਜਾਬ 'ਚ ਰੁਜ਼ਗਾਰ ਦਾ ਇਹ ਹਾਲ ਹੈ , ਲੋਕ ਪੀਐਚਡੀ ਦੀਆਂ ਡਿਗਰੀਆਂ ਲੈ ਕੇ ਧੱਕੇ ਖਾ ਰਹੇ ਹਨ। ਸਰਕਾਰਾਂ ਦੀ ਪਾਲਿਸੀ ਹੈ ਕਿ ਪੰਜਾਬ 'ਚ ਬੇਰੁਜ਼ਗਾਰੀ ਐਨੀ ਕੁ ਕਰ ਦਿਓ ਕਿ ਲੋਕ ਤੰਗ ਹੋ ਕੇ ਪੰਜਾਬ 'ਚੋਂ ਖੁਦ ਹੀ ਚਲੇ ਜਾਣ । ਮਾਂ ਪਿਉ ਤੇ ਬੱਚੇ ਇਹ ਸਮਝਦੇ ਹਨ ਕਿ ਪੰਜਾਬ ਵਿਚ ਜਿਨ੍ਹਾਂ ਮਰਜ਼ੀ ਪੜ੍ਹ ਲਓ , ਐਥੇ ਨੌਕਰੀ ਤਾਂ ਮਿਲਣੀ ਨਹੀਂ, ਕਿਉਂ ਨਾ ਆਈਲੈਟਸ ਕਰਕੇ ਵਿਦੇਸ਼ ਚਲੇ ਜਾਈਏ ।

ਵਿਦੇਸ਼ਾਂ ਵਿੱਚ ਬਹੁਤ ਸਟੂਡੈਂਟਾਂ ਦੇ ਆਉਣ ਨਾਲ ਇਥੇ ਕੰਮ ਉਤੇ ਲੋਕਾਂ ਦਾ ਸ਼ੋਸ਼ਣ ਹੋ ਰਿਹਾ ਹੈ । ਪ੍ਰਤੀ ਘੰਟਾ ਬਹੁਤ ਘੱਟ ਉਜ਼ਰਤ ਮਿਲਦੀ ਹੈ । ਇਸ ਤਰ੍ਹਾਂ ਪੁਰਾਣੇ ਬੰਦਿਆਂ ਦੀ ਕੰਮਾਂ ਵਿੱਚ ਕਦਰ ਨਹੀਂ ਰਹੀਂ । ਕਿਉਂਕਿ ਮਾਲਕਾਂ ਨੂੰ ਸਸਤੇ ਕਾਮੇ ਮਿਲਣ ਲੱਗ ਪਏ ਹਨ । ਉਹ ਪੁਰਾਣੇ ਬੰਦਿਆਂ ਨੂੰ ਰੱਖ ਕੇ ਰਾਜ਼ੀ ਨਹੀਂ । ਨਵੇਂ ਬੰਦਿਆਂ ਨੂੰ ਕੁਝ ਦੇ ਕੇ ਰਾਜ਼ੀ ਨਹੀਂ ।

ਜਦੋਂ ਕਿਸੇ ਕੌਮ ਦੀ ਵੱਡੀ ਅਬਾਦੀ ਦਾ ਤਬਾਦਲਾ ਹੋ ਜਾਵੇ ਉਹ ਇਕ ਅਤਿ ਗੰਭੀਰ ਮਸਲਾ ਬਣ ਜਾਂਦਾ ਹੈ । ਮੇਰੇ ਮੁਤਾਬਿਕ ਪੰਜਾਬ ਇਕ ਨਵੀਂ ਸਮੱਸਿਆ ਵਿਚ ਫਸ ਰਿਹਾ ਹੈ । ਜੇਕਰ ਆਪਾਂ ਇਸ ਫਿਕਰ ਤੇ ਵਿਚਾਰ ਨਾ ਕੀਤੀ ਇਸ ਦੇ ਸਿੱਟੇ ਭਿਆਨਕ ਨਿਕਲਣਗੇ ।

**ਐਸ ਸੁਰਿੰਦਰ**

## ਪੰਜਾਬ ਦਾ ਬਿਮਾਰ ਸਿਹਤ ਖੇਤਰ ਤੇ ਕੈਪਟਨ ਸਰਕਾਰ

ਸਰਕਾਰ ਦਾ ਆਪਣੇ ਹਸਪਤਾਲਾਂ ਨੂੰ ਨਿੱਜੀ ਖੇਤਰ ਨੂੰ ਸੌਂਪਣ ਵਿਰੁੱਧ ਲੋਕਾਂ ਦੇ ਸਖ਼ਤ ਵਿਰੋਧ ਦੇ ਬਾਅਦ ਸਿਹਤ ਮੰਤਰੀ ਵੱਲੋਂ ਦਿੱਤਾ ਬਿਆਨ ਕਿ ਉਨ੍ਹਾਂ ਦਾ ਸਰਕਾਰੀ ਹਸਪਤਾਲ ਨਿੱਜੀ ਖੇਤਰਾਂ ਨੂੰ ਦੇਣ ਦਾ ਕੋਈ ਇਰਾਦਾ ਨਹੀਂ ਹੈ, 'ਤੇ ਯਕੀਨ ਕਰਨਾ ਔਖਾ ਹੈ। ਉਨ੍ਹਾਂ ਦਾ ਇਹ ਕਹਿਣਾ ਕਿ ਇਹ ਕਦਮ ਸਰਕਾਰੀ ਹਤਸਪਾਲਾਂ ਦੀਆਂ ਸੇਵਾਵਾਂ ਨੂੰ ਚੰਗਾ ਬਣਾਉਣ ਲਈ ਪੁੱਟਿਆ ਗਿਆ ਹੈ ਕਿਉਂਕਿ ਸਰਕਾਰ ਨੂੰ ਸਪੈਸ਼ਲਿਸਟ ਡਾਕਟਰ ਨਹੀਂ ਮਿਲ ਰਹੇ, ਇਹ ਮੰਨਣਯੋਗ ਨਹੀਂ ਹੈ। ਇਹ ਗੱਲ ਘੋਖਣ ਵਾਲੀ ਹੈ ਕਿ ਜੇ ਸਰਕਾਰ ਆਪਣੇ ਹਸਪਤਾਲਾਂ ਵਿਚ ਡਾਕਟਰਾਂ ਦੇ ਕੰਮ ਕਰਨ ਲਈ ਆਧੁਨਿਕ ਸਹੂਲਤਾਂ ਨਹੀਂ ਦੇਵੇਗੀ ਤਾਂ ਡਾਕਟਰ ਕਿਉਂ ਆਉਣਗੇ ? ਕੋਈ ਡਾਕਟਰ ਆਪਣੇ ਹੁਨਰ ਨੂੰ ਵਿਅਰਥ ਨਹੀਂ ਗੁਆਉਣਾ ਚਾਹੁੰਦਾ। ਸਰਕਾਰੀ ਹਸਪਤਾਲਾਂ ਨੂੰ ਨਿੱਜੀ ਹੱਥਾਂ ਵਿਚ ਸੌਂਪਣ ਦਾ ਮਤਲਬ ਕਾਰਪੋਰੇਟ ਖੇਤਰ ਨੂੰ ਗੱਫੇ ਦੇਣਾ ਹੈ ਤਾਂ ਜੋ ਉਹ ਮਰੀਜ਼ਾਂ ਨੂੰ ਆਪਣੇ ਹਸਪਤਾਲਾਂ ਵਿਚ ਲਿਜਾ ਕੇ ਸਰਕਾਰੀ ਮਾਨਤਾ 'ਤੇ ਮੋਟੀ ਕਮਾਈ ਕਰ ਸਕਣ। ਇਸ ਨਾਲ ਮਰੀਜ਼ਾਂ ਦੀ ਲੁੱਟ ਵਿਚ ਬਹੁਤ ਵਾਧਾ ਹੋ ਜਾਏਗਾ। ਮੰਤਰੀ ਦੇ ਬਿਆਨ ਬਾਰੇ ਇਸ ਲਈ ਵੀ ਸ਼ੰਕੇ ਪੈਦਾ ਹੁੰਦੇ ਹਨ ਕਿਉਂਕਿ ਪਿਛਲੇ ਸਾਲ ਜਦੋਂ ਕੁਝ ਨਿੱਜੀ ਮੈਡੀਕਲ ਕਾਲਜਾਂ ਨੇ ਆਪਣੀਆਂ ਫੀਸਾਂ ਵਿਚ ਬੇਤਹਾਸ਼ਾ ਵਾਧਾ ਕੀਤਾ ਸੀ ਤਾਂ ਮੰਤਰੀ ਨੇ ਉਨ੍ਹਾਂ ਦਾ ਸਾਥ ਦਿੱਤਾ ਸੀ। ਇਸ ਕਰਕੇ ਮੈਡੀਕਲ ਵਿਦਿਆਰਥੀਆਂ 'ਤੇ ਬਹੁਤ ਬੋਝ ਵਧ ਗਿਆ ਅਤੇ ਅਨੇਕਾਂ ਯੋਗ ਵਿਦਿਆਰਥੀ ਪੈਸੇ ਦੀ ਕਮੀ ਕਾਰਨ ਇਨ੍ਹਾਂ ਕਾਲਜਾਂ ਵਿਚ ਦਾਖਲਾ ਨਹੀਂ ਲੈ ਸਕੇ। ਸਰਕਾਰ ਨੂੰ ਚਾਹੀਦਾ ਹੈ ਕਿ ਸਿਹਤ ਦੇ ਖੇਤਰ ਅਤੇ ਮੈਡੀਕਲ ਵਿੱਦਿਆ ਵਿਚ ਹੋਣ ਵਾਲੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ ਕਦਮ ਚੁੱਕੇ, ਦਵਾਈਆਂ ਦੀਆਂ ਕੀਮਤਾਂ ਨੂੰ ਨਿਯਮਤ ਕਰਕੇ ਪਹੁੰਚਯੋਗ ਬਣਾਏ। ਸਾਡੇ ਦੇਸ਼ ਨੇ ਸਭ ਨੂੰ ਮੁਫ਼ਤ ਗੁਣਵੱਤਾ ਸਿਹਤ ਸੇਵਾਵਾਂ ਦੇਣ ਲਈ 1978 ਦੀ ਆਲਮੀ ਸੰਧੀ 'ਤੇ ਦਸਤਖ਼ਤ ਕੀਤੇ ਹੋਏ ਹਨ ਅਤੇ ਅਸੀਂ ਇਸ ਕੌਮਾਂਤਰੀ ਫ਼ੈਸਲੇ ਦੇ ਪਾਬੰਦ ਹਾਂ। ਇਸ ਲਈ ਸਰਕਾਰ ਨੂੰ ਇਸ ਦਿਸ਼ਾ ਵੱਲ ਕਦਮ ਪੁੱਟਣੇ ਚਾਹੀਦੇ ਹਨ ਨਾ ਕਿ ਨਿੱਜੀ ਖੇਤਰ ਨੂੰ ਸਰਕਾਰੀ ਹਸਪਤਾਲ ਸੌਂਪ ਕੇ ਲੋਕਾਂ ਨੂੰ ਲੁੱਟਣ ਅਤੇ ਗੱਫੇ ਕਮਾਉਣ ਦੇ।

**ਡਾ. ਅਰੁਣ ਮਿੱਤਰਾ**

## ਬੀਬੀ ਖਾਲੜਾ ਨੂੰ ਕਾਮਯਾਬ ਕਿਉਂ ਕਰਨਾ ਹੈ

ਪੰਜਾਬ ਦਾ ਬੱਚਾ-ਬੱਚਾ ਜਾਣਦਾ ਹੈ ਕਿ ਬੀਬੀ ਖਾਲੜਾ ਨੂੰ ਕਾਮਯਾਬ ਕਿਉਂ ਕਰਨਾ ਹੈ ਤੇ ਜੇ ਕਿਸੇ ਨੂੰ ਅਜੇ ਵੀ ਦੱਸਣਾ ਪਵੇ ਕਿ ਬੀਬੀ ਖਾਲੜਾ ਨੂੰ ਵੋਟ ਕਿਉਂ ਪਾਉਣੀ ਚਾਹੀਦੀ ਹੈ ਤਾਂ ਸਮਝ ਲਵੋ ਕਿ ਉਹ ਮਨੁੱਖੀ ਹੱਕਾਂ ਦੇ ਵੈਰੀਆਂ ਦਾ ਸਾਥੀ ਹੈ ਤੇ ਉਸ ਨੇ ਸਿੱਖੀ ਦੇ ਵੈਰੀਆਂ ਦੇ ਹੱਕ ਵਿਚ ਭੁਗਤਣਾ ਹੈ। ਉਹ ਹੋਰ ਲੋਕ ਨੇ ਜਿਹੜੇ ਕਹਿੰਦੇ ਹੁੰਦੇ ਨੇ ਕਿ ਸਾਨੂੰ ਵੋਟਾਂ ਵਿਚ ਕਾਮਯਾਬ ਕਰੋ, ਅਸੀਂ ਲੋਕਾਂ ਲਈ ਕੁਝ ਕਰਾਂਗੇ ਪਰ ਬੀਬੀ ਖਾਲੜਾ ਤੇ ਉਹਦੇ ਪਰਿਵਾਰ ਨੇ ਪਹਿਲਾਂ ਹੀ ਕਰਕੇ ਦਿਖਾ ਦਿਤਾ ਹੈ, ਹੁਣ ਲੋਕਾਂ ਦੀ ਵਾਰੀ ਹੈ।

ਸਿੱਖ ਇਤਿਹਾਸ ਵਿਚ ਭਾਈ ਜਸਵੰਤ ਸਿੰਘ ਖਾਲੜਾ ਦੀ ਘਾਲਣਾ ਅਤੇ ਸ਼ਹਾਦਤ ਬੇਮਿਸਾਲ ਹੈ। ਉਨਾਂ ਦਿਨਾਂ ਵਿਚ ਹਜ਼ਾਰਾਂ ਹੀ ਮਾਪੇ ਆਪਣੇ ਪੁੱਤਾਂ ਨੂੰ ਲੱਭਦੇ ਹਾਲੋ-ਬੇਹਾਲ ਹੋਏ ਫਿਰਦੇ ਸੀ। ਨਿਆਣੇ ਉਡੀਕਦੇ ਰਹਿੰਦੇ ਸੀ ਕਿ ਪਤਾ ਨਹੀ ਪਾਪਾ ਕਿਥੇ ਗਏ।ਅਨੇਕਾਂ ਬੀਬੀਆਂ ਦੁਬਿਧਾ ਵਿਚ ਸਨ ਕਿ ਚਿੱਟੀ ਚੁੰਨੀ ਲੈ ਲੈਣ ਕਿ ਅਜੇ ਹੋਰ ਉਡੀਕ ਕਰਨ। ਪੰਜਾਬ ਦੇ ਹਰ ਪਿੰਡ ਦੇ ਮੋੜ ਉਤੇ ਖੜ੍ਹੇ ਲੋਕ ਕਿਸੇ ਨਾ ਕਿਸੇ ਦੇ ਗਾਇਬ ਹੋਣ ਦੀ ਗੱਲ ਛੇੜੀ ਬੈਠੇ ਹੁੰਦੇ ਸਨ। ਕੋਈ ਵੀ ਸੁਰੱਖਿਅਤ ਨਹੀਂ ਸੀ। ਪਤਾ ਨਹੀਂ ਖਾਕੀ ਵਰਦੀ ਵਾਲੇ ਬਘਿਆੜ ਕੀਹਨੂੰ ਕਦੋਂ ਚੁੱਕ ਕੇ ਖਪਾ ਦੇਣ। ਇਸ ਕਾਲ਼ੀ-ਬੋਲ਼ੀ ਰਾਤ ਵਿਚ ਭਾਈ ਖਾਲੜਾ ਨਿਤਰਿਆ। ਉਸ ਦੀ ਸ਼ਹਾਦਤ ਮਗਰੋਂ ਇਹ ਕਤਲੋਗਾਰਦ ਮੁੱਕ ਹੀ ਗਈ। ਜਾਲਿਮ ਕਹਿੰਦੇ ਸੀ ਬਈ ਜਿਥੇ ਪੱਚੀ ਹਜ਼ਾਰ ਅਣਪਛਾਤੀਆਂ ਲਾਸ਼ਾਂ ਦਾ ਹਿਸਾਬ ਦੇਣਾ, ਉਥੇ ਵਿਚੇ ਖਾਲੜਿਆ ਤੇਰੀ ਲਾਸ਼ ਦਾ ਲੇਖਾ ਦੇ ਲਵਾਂਗੇ। ਜੋ ਘਾਲਣਾ ਭਾਈ ਸਾਹਿਬ ਨੇ ਘਾਲੀ ਹੈ, ਜੋ ਸੰਤਾਪ ਇਸ ਪਰਿਵਾਰ ਨੇ ਝੱਲਿਆ, ਉਸ ਦੀ ਦਾਸਤਾਨ ਲਿਖਣ ਲਈ ਸਾਰੀ ਦੁਨੀਆ ਦਾ ਕਾਗਜ ਵੀ ਥੋੜਾ ਰਹਿ ਜਾਊ।ਪਰ ਜਦ ਵੀ ਮੈਂ ਆਪਣੇ ਆਪ ਵੱਲ ਦੇਖਦਾ ਹਾਂ ਤਾਂ ਸੋਚਦਾ ਹਾਂ ਕਿ ਜੇ ਉਹ ਕਤਲੋਗਾਰਤ ਚੱਲਦੀ ਰਹਿੰਦੀ ਤਾਂ ਲਾਜ਼ਮੀ ਹੁਣ ਨੂੰ ਮੇਰਾ ਨਾਂ ਵੀ ਗਾਇਬ ਕਰ ਦਿਤੇ ਸਿੱਖਾਂ ਵਿਚ ਹੋਣਾ ਸੀ। ਮੇਰੇ ਵਰਗਿਆਂ ਸਾਰੇ ਸਿੱਖਾਂ ਸਿਰ ਇਸ ਟੱਬਰ ਦਾ ਅਹਿਸਾਨ ਖੜ੍ਹਾ ਹੈ। ਕਿਵੇਂ ਲਾਹਾਂਗੇ ?

**ਸਰਬਜੀਤ ਸਿੰਘ ਘੁਮਾਣ**

## ਵਿਦੇਸ਼ਾਂ 'ਚ ਪੰਜਾਬੀ ਪਨੀਰੀ ਨੂੰ ਸੰਭਾਲੀਏ

ਆਪਣੀ ਬੋਲੀ ਅਤੇ ਆਪਣੇ ਵੇਸ ਨੂੰ ਬਰਕਰਾਰ ਰੱਖਣਾ ਤੇ ਉਹ ਵੀ ਬਿਗਾਨੇ ਮੁਲਕਾਂ ਵਿਚ, ਤੂਫਾਨ ਆਏ ਸਾਗਰਾਂ ਵਿੱਚ ਕਿਸ਼ਤੀ ਚਲਾਉਣ ਵਰਗਾ ਹੀ ਹੁੰਦਾ ਹੈ।ਪਰ ਇਹ ਹਿੰਮਤ ਵੀ ਸਾਡੇ ਪੰਜਾਬੀਆਂ ਦੇ ਹਿੱਸੇ ਹੀ ਆਈ ਹੈ ਕਿ ਉਹ ਜਿੱਥੇ ਵੀ ਗਏ, ਆਪਣੀ ਪਹਿਚਾਣ ਬਰਕਰਾਰ ਰੱਖੀ। ਸਿਰਫ ਆਪਣੀ ਪਹਿਚਾਣ ਹੀ ਨਹੀਂ ਬਲਕਿ ਆਪਣੇ ਹੁਨਰ ਅਤੇ ਆਪਣੀ ਸਿਆਣਪ ਦਾ ਲੋਹਾ ਵੀ ਮਨਵਾਇਆ। ਵਧੀਆ ਰੁਤਬੇ ਹਾਸਿਲ ਕੀਤੇ ਉਹ ਭਾਵੇਂ ਮੈਂਬਰ ਪਾਰਲੀਮੈਂਟ ਦਾ ਹੋਵੇ ਜਾਂ ਕਿਸਾਨ ਦਾ, ਆਪਣੀ ਇਮਾਨਦਾਰੀ ਅਤੇ ਸਿਆਣਪ ਦਾ ਸਬੂਤ ਦੇ ਕੇ ਹਰ ਖੇਤਰ ਵਿੱਚ ਮੱਲਾਂ ਮਾਰੀਆਂ।ਕਹਾਵਤ ਹੈ ਕਿ 'ਡੰਡੇ ਬਿਨ ਝੰਡਾ ਨਹੀਂ' ਤੇ ਜੇ ਡੰਡਾ ਮਜਬੂਤ ਹੈ, ਨੀਂਹ ਮਜਬੂਤ ਹੈ ਤਾਂ ਝੰਡਾ ਵੀ ਖੂਬ ਝੂਲਦਾ ਹੈ। ਸੋ ਪੰਜਾਬੀਆਂ ਨੇ ਆਪਣੀਆਂ ਨੀਹਾਂ ਵਿਦੇਸ਼ਾਂ ਵਿੱਚ ਮਜਬੂਤ ਕੀਤੀਆਂ ਤੇ ਫੇਰ ਉਸ ਉਪਰ ਆਪਣੇ ਝੰਡੇ ਝੁਲਾਏ। ਉਹ ਝੰਡੇ ਭਾਵੇਂ ਸਾਹਿਤ ਅਤੇ ਸਿੱਖਿਆ ਦੇ ਹੋਣ ਜਾਂ ਫਿਰ ਕਾਰੋਬਾਰ ਜਾਂ ਸਿਆਸਤ ਦੇ। ਵਿਦੇਸ਼ਾਂ ਵਿੱਚ ਜੇਕਰ ਅੱਜ ਪੰਜਾਬੀ ਬੋਲੀ,ਪੰਜਾਬੀ ਸੱਭਿਆਚਾਰ ਜਿੰਦਾ ਹੈ ਤਾਂ ਉਹ ਸਿਰਫ ਤੇ ਸਿਰਫ ਸਾਡੇ ਪੰਜਾਬੀਆਂ ਕਰਕੇ ਹੀ ਹੈ, ਜਿਨ੍ਹਾਂ ਨੇ ਸਿਰਤੋੜ ਮਿਹਨਤ ਕਰਨ ਦੇ ਨਾਲ-ਨਾਲ ਸਾਹਿਤ ਸਭਾਵਾਂ ਅਤੇ ਸਿਆਸਤ ਵਿੱਚ ਵੀ ਦਿਲਚਸਪੀ ਲਈ। ਭਾਵੇਂ ਕਿ ਮੀਡੀਆ ਕਿਸੇ ਵੀ ਬੋਲੀ ਅਤੇ ਉਸ ਦੀ ਵਿਰਾਸਤ ਨੂੰ ਫੈਲਾਉਣ ਵਿੱਚ ਸਹਾਈ ਹੋਇਆ ਹੈ ਪਰ ਫੈਲਦੀ ਵੀ ਉਹੀ ਚੀਜ਼ ਹੈ ਜਿਸਦੀ ਹਵਾ ਵਿੱਚ ਖੁਸ਼ਬੋ ਹੋਵੇਗੀ। ਖੁਸ਼ਬੋ ਤਾਂ ਹੀ ਹੋਵੇਗੀ ਜੇ ਅਸੀਂ ਉਹ ਬੀਜਾਂਗੇ। ਸਾਡੇ ਵਿਦੇਸ਼ੀ ਪੰਜਾਬੀਆਂ ਨੇ ਇਸ ਬੀਜ ਨੂੰ ਵਿਦੇਸ਼ਾਂ ਵਿੱਚ ਜਾ ਕੇ ਬੀਜਿਆ ਤੇ ਖੂਬ ਸਿੰਜਿਆ, ਜਿਸ ਦੀ ਬਦੌਲਤ ਬਹੁਤ ਸਾਰੀਆਂ ਸਾਹਿਤ ਸਭਾਵਾਂ ਹੋਂਦ ਵਿੱਚ ਆਈਆਂ ਜਿਸ ਕਾਰਨ ਪੰਜਾਬੀ ਭਾਸ਼ਾ ਦਾ ਵਿਕਾਸ ਹੋਇਆ।ਅਠਾਰਾਂ-ਅਠਾਰਾਂ, ਵੀਹ-ਵੀਹ ਘੰਟੇ ਕੰਮ ਦਾ ਬੋਝ ਝੱਲਕੇ ਵੀ ਆਪਣੀ ਭਾਸ਼ਾ ਅਤੇ ਸਾਹਿਤ ਨੂੰ ਸਮਾਂ ਦਿੱਤਾ। ਬਹੁਤ ਸਾਰੇ ਸਾਹਿਤਕਾਰ ਵਿਦੇਸ਼ਾਂ ਵਿੱਚ ਕੰਮ ਦੇ ਨਾਲ-ਨਾਲ ਸਾਹਿਤ ਰਚ ਰਹੇ ਹਨ। ਸਿਜਦਾ ਹੈ ਉਹਨਾਂ ਨੂੰ, ਕਿਉਂਕਿ ਸਾਹਿਤ ਲਿਖਣ ਲਈ ਸਮਾਂ ਹੋਣਾ ਬਹੁਤ ਜਰੂਰੀ ਹੈ। ਖੈਰ, ਜਿਨ੍ਹਾਂ ਨੇ ਸਾਹਿਤ ਨਹੀਂ ਲਿਖਿਆ ਉਹਨਾਂ ਨੇ ਸਾਹਿਤ ਸਭਾਵਾਂ ਅਤੇ ਸਾਹਿਤ ਸੰਮੇਲਨ ਕਰਵਾ ਕੇ ਸਹਿਤਕਾਰਾਂ ਦਾ ਹੌਸਲਾ ਵਧਾਇਆ। ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆਂ ਦੀ ਦਰਿਆਦਿਲੀ ਹੈ ਕਿ ਸਮੇਂ-ਸਮੇਂ 'ਤੇ ਦੁਨੀਆਂ ਭਰ ਵਿੱਚ ਵਸਦੇ ਪੰਜਾਬੀਆਂ (ਬੁੱਧੀਜੀਵੀਆਂ) ਨੂੰ ਬੁਲਾ ਕੇ ਵਿਸ਼ਵ ਪੱਧਰੀ ਸੰਮੇਲਨ ਕਰਵਾਏ ਜਾਂਦੇ ਹਨ, ਆਉਣ ਵਾਲੀਆਂ ਪੀੜ੍ਹੀਆਂ ਉੱਪਰ ਵੀ ਇਹਨਾਂ ਸੰਮੇਲਨਾ ਦਾ ਅਸਰ ਸਾਕਾਰਾਤਮਿਕ ਹੁੰਦਾ ਹੈ। ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆਂ ਦੇ ਆਪਣੀ ਮਾਂ-ਬੋਲੀ ਦੇ ਪਿਆਰ ਸਦਕਾ ਹੀ ਅੱਜ ਪੰਜਾਬੀ ਸੱਭਿਆਚਾਰਕ ਅਤੇ ਵਿਰਾਸਤੀ ਖੇਡ ਮੇਲੇ ਆਦਿ ਵਿਦੇਸ਼ਾਂ ਦੀ ਧਰਤੀ 'ਤੇ ਲੱਗਦੇ ਹਨ। ਬਸ ਲੋੜ ਹੈ ਕਿ ਇਹਨਾਂ ਸਾਹਿਤਕ-ਸਭਾਵਾਂ ਅਤੇ ਸਨਮਾਨ ਸਮਾਰੋਹਾਂ ਵਿੱਚ ਭਾਈ-ਭਤੀਜਾਵਾਦ ਆਦਿ ਤੋਂ ਬਚਣ ਦੀ, ਜਾਤੀਵਾਦ ਦੇ ਪੱਖ ਤੋਂ ਬਚਦਿਆਂ, ਸਿਰਫ ਚੰਗਾ ਸਾਹਿਤ ਲਿਖਣ ਵਾਲੇ ਲੇਖਕਾਂ ਨੂੰ ਬਿਨਾ ਪੱਖਪਾਤ ਤੋਂ ਕਬੂਲਣ ਦੀ। ਅਸੀਂ ਸਿਰਫ ਆਪਣੇ ਲਈ ਨਹੀਂ ਸਗੋਂ ਸਾਡੇ ਆਪਣਿਆਂ ਅਤੇ ਆਪਣੀ ਭਾਸ਼ਾ ਲਈ ਯੋਗਦਾਨ ਪਾਉਣਾ ਹੈ। ਵਿਦੇਸ਼ਾਂ ਵਿੱਚ ਬੈਠੇ ਸਾਹਿਤਕਾਰਾਂ ਅਤੇ ਬੁੱਧੀਜੀਵੀਆਂ ਨੂੰ ਚਾਹੀਦਾ ਹੈ ਕਿ ਸਾਹਿਤ ਸਿਰਫ ਓਹੀ ਰਚਿਆ ਜਾਵੇ ਜੋ ਬਜੁਰਗਾਂ ਨੂੰ ਸਹਾਰਾ ਦੇਣ ਵਿੱਚ , ਨੌਜਵਾਨਾਂ ਨੂੰ ਸਹੀ ਸੇਧ ਦੇਣ ਵਿੱਚ, ਔਰਤਾਂ ਅਤੇ ਬੱਚਿਆਂ ਦੀ ਰਖਵਾਲੀ ਕਰਨ ਵਿੱਚ, ਕਿਸਾਨਾਂ ਅਤੇ ਕਿਰਤੀਆਂ ਨੂੰ ਹੱਕ ਦਿਵਾਉਣ ਵਿੱਚ ਅਤੇ ਸਮੇਂ ਦੀਆਂ ਤਾਨਾਸ਼ਾਹੀ ਨੀਤੀਆਂ ਨੂੰ ਖਤਮ ਕਰਨ ਵਿੱਚ ਸਹਾਈ ਹੋਵੇ। ਵਿਦੇਸ਼ਾਂ ਵਿੱਚ ਨਵੀਂ ਪਨੀਰੀ ਅਤੇ ਨਵੇਂ ਪਹੁੰਚੇ ਵਿਦਿਆਰਥੀਆਂ ਨੂੰ ਸਾਹਿਤ ਸਭਾਵਾਂ ਦਾ ਹਿੱਸਾ ਜਰੂਰ ਬਣਾਇਆ ਜਾਵੇ ਤਾਂ ਜੋ ਇਹ ਲੜੀ ਅੱਗੇ ਤੋਂ ਅੱਗੇ ਬਣੀ ਰਹੇ। ਸਿਰਫ਼ ਬੋਹੜਾਂ ਦੀ ਰਾਖੀ ਕਰਦਿਆਂ ਨਵੀਂ ਪਨੀਰੀ ਨੂੰ ਸੰਭਾਲਣਾ ਭੁੱਲ ਨਾ ਜਾਈਏ।

**ਬੇਅੰਤ ਕੌਰ ਗਿੱਲ** (94656-06210)



## ਲੋਕ ਸਭਾ ਚੋਣਾਂ ਬਨਾਮ ਭਗਵਾਂ ਮੁੱਦੇ

ਭੁੱਖ ਨਾਲ ਲੜਦੇ, ਬੇਰੁਜ਼ਗਾਰੀ ਦੀ ਮਾਰ ਸਹਿੰਦੇ, ਭ੍ਰਿਸ਼ਟਾਚਾਰ ਦੀ ਚੱਕੀ ਪਿਸਦੇ, ਨਰਕ ਭਰੀ ਜ਼ਿੰਦਗੀ ਜੀਊਂਦੇ ਭਾਰਤ ਦੇ ਨਾਗਰਿਕਾਂ ਲਈ ਸਾਲ 2019 ਦੀਆਂ ਲੋਕ ਸਭਾ ਚੋਣਾਂ ਲਈ ਸਭ ਤੋਂ ਯਾਦਗਾਰੀ ਨਾਹਰਾ ਕਿਹੜਾ ਹੋਏਗਾ ? ਬਿਨਾਂ ਸ਼ੱਕ ਭਾਜਪਾ ਰਾਸ਼ਟਰੀ ਸੁਰੱਖਿਆ, ਮੋਦੀ ਵਲੋਂ ਸੁਰੱਖਿਅਤ ਮਜ਼ਬੂਤ ਰਾਸ਼ਟਰਵਾਦ ਅਤੇ ਉਹਨਾਂ ਦੀ ਅਗਵਾਈ ਮਹੱਤਵਪੂਰਨ ਮੁੱਦਾ ਹੋਏਗਾ। ਪੁਲਵਾਮਾ ਦਾ ਹਮਲਾ ਅਤੇ ਪਾਕਿਸਤਾਨ ਦੇ ਖੈਬਰ ਪਖਤੂਨਵਾ ਦੇ ਬਾਲਾਕੋਟ ਵਿੱਚ ਭਾਰਤ ਵਲੋਂ ਕੀਤੀ ਗਈ ਜਵਾਬੀ ਕਾਰਵਾਈ ਦੀ ਪਿੱਠ ਭੂਮੀ ਵਿੱਚ ਭਾਜਪਾ ਇਸ ਗੱਲ ਉੱਤੇ ਜ਼ੋਰ ਦੇਵੇਗੀ ਕਿ ਭਾਰਤ ਨੇ ਪਾਕਿਸਤਾਨ ਦੇ ਖੇਤਰ ਵਿੱਚ ਜੈਸ਼-ਏ-ਮੁਹੰਮਦ ਦੇ ਟਰੇਨਿੰਗ ਕੈਂਪ ਨੂੰ ਸਫਲਤਾਪੂਰਵਕ ਖਤਮ ਕਰ ਦਿੱਤਾ ਹੈ। ਪਰ ਭਾਰਤੀ ਵੋਟਰਾਂ ਦੇ ਰੋਜ਼ਾਨਾ ਜ਼ਿੰਦਗੀ ਨਾਲ ਦੋ-ਚਾਰ ਹੋਣ ਵਾਲੇ ਅਤੇ ਉਹਨਾਂ ਨੂੰ ਪ੍ਰਭਾਵਤ ਕਰਨ ਵਾਲੇ ਮੁੱਦੇ ਕਿੱਥੇ ਹਨ ? ਵਿਰੋਧੀ ਧਿਰ ਰਾਸ਼ਟਰਵਾਦ ਦੇ ਮੋਦੀ ਅਤੇ ਭਾਜਪਾ ਵਲੋਂ ਫੈਲਾਏ ਜਾ ਰਹੇ ਇਸ ਨਾਹਰੇ ਦੀ ਬਰਾਬਰੀ ਕਿਹੜੇ ਐਲਾਨਾਂ ਅਤੇ ਨਾਹਰਿਆਂ ਨਾਲ ਕਰੇਗੀ ?

ਭਾਜਪਾ 2014 ਵਿੱਚ ਸੱਤਾ ਵਿੱਚ ਆਈ। ਉਸ ਵਲੋਂ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ। ਅਟੱਲ ਪੈਨਸ਼ਨ ਯੋਜਨਾ, ਉਜਵਲਾ ਯੋਜਨਾ, ਅਮ੍ਰਿਤ ਯੋਜਨਾ, ਸਮਾਰਟ ਸਿਟੀ, ਮੇਕ ਇਨ ਇੰਡੀਆ, ਸਵੱਛ ਭਾਰਤ ਆਦਿ ਮੁੱਖ ਹਨ। ਪਰ ਇਹਨਾਂ ਯੋਜਨਾਵਾਂ ਵਿੱਚੋਂ ਕਿੰਨੀਆਂ ਆਮ ਲੋਕਾਂ ਦੇ ਦਰਵਾਜੇ ਤੱਕ ਪੁੱਜ ਸਕੀਆਂ ? ਕੀ ਸਰਕਾਰ ਲੋਕਾਂ ਤੱਕ ਇਸ ਦੀ ਪਹੁੰਚ ਬਣਾ ਸਕੀ ਹੈ ?

ਉਦਾਹਰਨ ਵਜੋਂ ਭਾਰਤ ਦੇ 40 ਫੀਸਦੀ ਗਰੀਬਾਂ ਦੇ ਮੁਫ਼ਤ ਇਲਾਜ ਲਈ ਜੋ ਪੰਜ ਲੱਖ ਰੁਪਏ ਤੱਕ ਦਾ ਇਲਾਜ ਕਰਨ ਦੀ ਯੋਜਨਾ ਹੈ ਅਰੋਗਿਆ ਯੋਜਨਾ-ਇਸ ਲਈ ਰੱਖਿਆ ਗਿਆ ਬਜਟ ਕੁਝ ਦਿਨਾਂ ਵਿੱਚ ਖਤਮ ਹੋ ਗਿਆ। ਕੀ ਦੇਸ਼ ਵਿੱਚ ਸਾਰੇ ਗਰੀਬ ਸਿਹਤਮੰਦ ਹੋ ਗਏ ਜਾਂ ਫਿਰ ਸਰਕਾਰੀ ਖਜ਼ਾਨਾ ਖਤਮ ਹੋ ਗਿਆ ?

ਹਾਕਮ ਧਿਰ ਦੀ ਗੱਲ ਕਰਦਿਆਂ ਕਰਦਿਆਂ, ਦੇਸ਼ ਵਿੱਚ ਵਿਰੋਧੀ ਧਿਰ, ਜੋ ਕੁਝ ਸੂਬਿਆਂ ਵਿੱਚ ਹਾਕਮ ਧਿਰ ਵੀ ਹੈ, ਉਸ ਤੋਂ ਇਹ ਸਵਾਲ ਵੋਟਰਾਂ ਵਲੋਂ ਕਿਉਂ ਨਾ ਪੁੱਛਿਆ ਜਾਏ ਕਿ ਉਹਨਾਂ ਦੀ ਸਰਕਾਰਾਂ ਵਲੋਂ ਕਿਸਾਨਾਂ ਦੇ ਭਲੇ ਲਈ ਕੀ ਕੀਤਾ ਗਿਆ ਹੈ ? ਉਹਨਾਂ ਵਲੋਂ ਭ੍ਰਿਸ਼ਟਾਚਾਰ ਖਤਮ ਕਰਨ ਲਈ ਕੀ ਕਦਮ ਪੁੱਟੇ ਜਾ ਰਹੇ ਹਨ ? ਕੀ ਉਹਨਾਂ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਲਈ ਕੁਝ ਸਾਰਥਕ ਕੀਤਾ ?

ਸਭ ਤੋਂ ਵੱਡੀ ਗੱਲ ਇਹ ਹੈ ਕਿ ਦੁਨੀਆ ਦੇ ਵੱਡੇ ਲੋਕਤੰਤਰ ਦੀਆਂ ਦੇਸ਼ ਵਿਆਪੀ ਚੋਣਾਂ, ਜਿਨ੍ਹਾਂ ਵਿੱਚ ਇੱਕ ਤਿਹਾਈ ਵੋਟਰ ਵੋਟਾਂ ਪਾਉਣ ਲਈ ਪੋਲਿੰਗ ਬੂਥਾਂ ਉੱਤੇ ਨਹੀਂ ਆਉਂਦਾ, ਕੀ ਇਹ ਸਵਾਲ ਸਿਆਸੀ ਲੋਕਾਂ ਜਾਂ ਪਾਰਟੀਆਂ ਤੋਂ ਪੁੱਛਿਆ ਨਹੀਂ ਜਾਣਾ ਚਾਹੀਦਾ ਕਿ ਕੀ ਉਹਨਾਂ ਵਲੋਂ ਖੜ੍ਹੇ ਕੀਤੇ ਜਾਂਦੇ ਭੈੜੇ ਉਮੀਦਵਾਰ ਅਤੇ ਸਿਆਸੀ ਨੀਤੀਆਂ ਹੀ ਇਸ ਦੀਆਂ ਜ਼ਿੰਮੇਵਾਰ ਤਾਂ ਨਹੀਂ ? ਜਾਂ ਫਿਰ ਲੋਕ ਇਹ ਸਮਝਣ ਲੱਗ ਪਏ ਹਨ ਕਿ ਜਦ ਲੋਕਾਂ ਦੇ ਅਸਲ ਨੁਮਾਇੰਦਿਆਂ ਨੂੰ ਛੱਡ ਕੇ ਅਮੀਰ ਲੋਕਾਂ ਜਾਂ ਫਿਰ ਅਪਰਾਧੀ ਕਿਸਮ ਦੇ ਲੋਕਾਂ ਨੇ ਕਾਨੂੰਨ ਦੇ ਘਾੜੇ ਬਣਨਾ ਹੈ ਤਾਂ ਫਿਰ ਆਪਣੀ ਵੋਟ ਕਿਉਂ ਗੁਆਈ ਜਾਏ ? ਇਹ ਦੱਸਣਯੋਗ ਹੈ ਕਿ ਪਿਛਲੀ ਚੁਣੀ ਗਈ ਲੋਕ ਸਭਾ ਵਿੱਚ 82 ਪ੍ਰਤੀਸ਼ਤ ਮੈਂਬਰ ਕਰੋੜਪਤੀ ਸਨ ਅਤੇ ਉਹਨਾਂ ਵਿੱਚੋਂ 33 ਪ੍ਰਤੀਸ਼ਤ ਉੱਤੇ ਅਪਰਾਧਿਕ ਮਾਮਲੇ (ਜਿਨ੍ਹਾਂ ਵਿੱਚ ਕਤਲ, ਬਲਾਤਕਾਰ, ਲੁੱਟ-ਖੋਹ ਸ਼ਾਮਲ ਹਨ) ਦਰਜ ਸਨ।

**ਗੁਰਮੀਤ ਪਲਾਹੀ**

## ਬਸੰਤ ਰਾਗ ਦੇ ਕੀਰਤਨ ਕਰਨ ਦੀ ਮਰਯਾਦਾ ਸੰਬੰਧੀ ਲੇਖ ਦੇ ਧਿਆਨ ਹਿੱਤ

**ਡਾ ਗੁਰਨਾਮ ਸਿੰਘ ਜੀ,**

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕਿ ਫ਼ਤਿਹ।

ਡਾ ਗੁਰਨਾਮ ਸਿੰਘ ਜੀ, ਆਪ ਜੀ ਦਾ ਲੇਖ, ਗੁਰਮਤਿ ਸੰਗੀਤ ਵਿਚ ਬਸੰਤ ਦੀ ਕੀਰਤਨ ਮਰਯਾਦਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਿਚ (ਫਰਵਰੀ 20-26, ਪੰਨਾ 24) ਪੜ੍ਹਿਆ, ਇਸ ਵਿੱਚ ਜਿਥੇ ਆਪ ਜੀ ਨੇ ਬਾਣੀ ਦੇ ਹਵਾਲਿਆਂ ਨਾਲ 6 ਰੁੱਤਾਂ ਵਿੱਚੋਂ ਸਭ ਤੋਂ ਖ਼ੂਬਸੂਰਤ ਰੁੱਤ, ਬਸੰਤ ਦੀ ਰੁੱਤ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ, ਉਥੇ ਹੀ ਆਪ ਨੇ ਗੁਰੂ ਘਰ ਵਿਚ ਬਸੰਤ ਰਾਗ ਦੇ ਕੀਰਤਨ ਕਰਨ ਦੀ ਮਰਯਾਦਾ ਸਬੰਧੀ ਜਾਣਕਾਰੀ ਸਾਂਝੀ ਕੀਤੀ ਹੈ। ਆਪ ਜੀ ਲਿਖਦੇ ਹੋ, ਸਿੱਖ ਧਰਮ ਦੀ ਗੁਰਮਤਿ ਸੰਗੀਤ ਪਰੰਪਰਾ ਦੀ ਮਰਯਾਦਾ ਅਨੁਸਾਰ ਬਸੰਤ ਰਾਗ ਤੇ ਅਧਾਰਿਤ ਬਸੰਤ ਦੀ ਕੀਰਤਨ ਚੌਕੀ ਦਾ ਆਰੰਭ ਸ਼੍ਰੀ ਦਰਬਾਰ ਸਾਹਿਬ ਵਿਖੇ ਲੋਹੜੀ ਵਾਲੀ ਰਾਤ ਅਤੇ ਬਾਕੀ ਗੁਰੂ ਅਸਥਾਨਾਂ 'ਤੇ ਮਾਘ ਦੀ ਸੰਗਰਾਂਦ ਵਾਲੇ ਦਿਨ ਤੋਂ ਕੀਤਾ ਜਾਂਦਾ ਹੈ। ਸ੍ਰੀ ਦਰਬਾਰ ਸਾਹਿਬ ਵਿਖੇ ਲੋਹੜੀ ਦੀ ਰਾਤ ਨੂੰ ਬਸੰਤ ਰਾਗ ਆਰੰਭ ਕਰਨ ਭਾਵ ਬਸੰਤ ਖੋਲ੍ਹਣ ਦੀ ਵਿਸ਼ੇਸ਼ ਅਰਦਾਸ ਵੀ ਕੀਤੀ ਜਾਂਦੀ ਹੈ। ... ਇਸ ਤਰ੍ਹਾਂ ਗੁਰਮਤਿ ਸੰਗੀਤ ਦੀ ਪਰੰਪਰਾ ਵਿੱਚ ਹੋਲੇ ਮਹੱਲੇ ਤਕ ਇਸ ਰਾਗ ਦਾ ਗਾਇਨ ਹਰ ਕੀਰਤਨ ਚੌਕੀ ਵਿੱਚ ਕਰਨ ਦੀ ਪ੍ਰਥਾ ਹੈ।

ਆਪ ਦੀ ਲਿਖਤ ਮੁਤਾਬਕ ਬਸੰਤ ਰਾਗ ਦਾ ਸਮਾਂ, ਪੋਹ ਮਹੀਨੇ ਦਾ ਆਖਰੀ ਦਿਨ ਜਾਂ ਮਾਘ ਦੀ ਸੰਗਰਾਂਦ ਤੋਂ ਹੋਲੇ ਮਹੱਲੇ ਭਾਵ ਚੇਤ ਵਦੀ ਏਕਮ ਤਾਈਂ ਹੁੰਦਾ ਹੈ। ਹੋਲਾ ਮਹੱਲਾ 2017 ਈ: ਵਿੱਚ 30 ਫੱਗਣ (13 ਮਾਰਚ) ਨੂੰ ਆਇਆ ਸੀ। 2018 ਵਿੱਚ 18 ਫੱਗਣ (2 ਮਾਰਚ) ਅਤੇ ਇਸ ਸਾਲ 8 ਚੇਤ (21 ਮਾਰਚ) ਨੂੰ ਆਵੇਗਾ ਅਤੇ ਅਗਲੇ ਸਾਲ ਭਾਵ 2020 ਵਿੱਚ ਹੋਲਾ ਮਹੱਲਾ 27 ਫੱਗਣ (10 ਮਾਰਚ) ਨੂੰ ਆਵੇਗਾ। ਇਸ ਅਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਬਸੰਤ ਰਾਗ ਦੇ ਕੀਰਤਨ ਦਾ ਸਮਾਂ ਮਾਘ ਅਤੇ ਫੱਗਣ ਦਾ ਮਹੀਨਾ ਹੈ। ਪਰ, ਜਦੋਂ ਅਸੀਂ ਬਾਣੀ ਪੜ੍ਹਦੇ ਹਾਂ ਤਾਂ ਰੁੱਤੀ ਸਲੋਕ ਵਿੱਚ, ਜਿਥੇ 6 ਰੁੱਤਾਂ ਦੇ ਹਵਾਲੇ ਨਾਲ ਸਾਨੂੰ ਉਪਦੇਸ਼ ਦਿੱਤਾ ਗਿਆ ਹੈ, ਉਸ ਮੁਤਾਬਕ ਤਾਂ ਮਾਘ ਅਤੇ ਫੱਗਣ ਦੇ ਮਹੀਨੇ ਵਿੱਚ ਹਿਮਕਰ ਰੁੱਤ ਭਾਵ ਬਰਫ਼ਾਨੀ ਰੁੱਤ ਹੁੰਦੀ ਹੈ। ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ ।। (ਪੰਨਾ 929), ਬਾਣੀ ਮੁਤਾਬਕ ਤਾਂ ਬਸੰਤ ਦੀ ਰੁੱਤ, ਚੇਤ ਅਤੇ ਵੈਸਾਖ ਵਿੱਚ ਮੰਨੀ ਗਈ ਹੈ।ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ ।। (ਪੰਨਾ 927)।

ਡਾ ਗੁਰਨਾਮ ਸਿੰਘ ਜੀ, ਇਸ ਦਾ ਕੀ ਕਾਰਨ ਹੋ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਰੁੱਤੀ ਸਲੋਕ ਮੁਤਾਬਕ ਤਾਂ ਬਸੰਤ ਦੀ ਰੁੱਤ, ਚੇਤ ਅਤੇ ਵੈਸਾਖ ਮਹੀਨੇ ਵਿੱਚ ਹੁੰਦੀ ਹੈ ਪਰ ਦਰਬਾਰ ਸਾਹਿਬ ਵਿਖੇ ਇਹ ਰਾਗ ਮਾਘ ਅਤੇ ਫੱਗਣ (ਹਿਮਕਰ ਰੁੱਤ) ਵਿੱਚ ਗਾਇਆ ਜਾਂਦਾ ਹੈ ? ਇਹ ਰਵਾਇਤ ਕਦੋਂ ਅਤੇ ਕਿਵੇਂ ਆਰੰਭ ਹੋਈ ਹੋਵੇਗੀ ? ਕੀ ਇਸ ਤੇ ਮੁੜ ਵਿਚਾਰ ਨਹੀ ਕਰਨੀ ਚਾਹੀਦੀ ? ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਬਾਰੇ ਜਾਣਕਾਰੀ ਸਾਂਝੀ ਕਰਨ ਦੀ ਕ੍ਰਿਪਾਲਤਾ ਕਰਨੀ ਜੀ।

ਉਸਾਰੂ ਸੇਧਾਂ ਦੀ ਉਡੀਕ ਵਿੱਚ

**ਸਰਵਜੀਤ ਸਿੰਘ ਸੈਕਰਾਮੈਂਟੋ**

*ਗੱਤਕਾ ਤੇ ਸਿੱਖ ਮਾਰਸ਼ਲ ਆਰਟ ਨੂੰ ਪੇਟੈਂਟ ਕਰਾਉਣ ਦਾ ਮਾਮਲਾ*

# ਵਿਸ਼ਵ ਗੱਤਕਾ ਫੈਡਰੇਸ਼ਨ ਵਲੋਂ ਲਿਆ ਗਿਆ ਸਖਤ ਨੋਟਿਸ

**ਨਿਊਯਾਰਕ/ਏਟੀ ਨਿਊਜ਼ :** ਸਿੱਖਾਂ ਦੀ ਵਿਰਾਸਤੀ ਖੇਡ ਹੈ ਗੱਤਕਾ, ਜੋ ਕਿ ਗੁਰੂ ਸਾਹਿਬਾਂ ਵਰੋਸਾਈ ਅਤੇ ਪ੍ਰਚਾਰੀ ਗਈ ਸੀ। ਅੱਜ ਵੀ ਦੇਸ਼ਾਂ ਵਿਦੇਸ਼ਾਂ ਵਿੱਚ ਗੱਤਕਾ ਖੇਡ ਨੂੰ ਸਮਰਪਿਤ ਗੱਤਕਾ ਫੈਡਰੇਸ਼ਨਾਂ, ਐਸੋਸੀਏਸ਼ਨਾਂ ਅਤੇ ਕਲੱਬ ਇਸ ਅਮੁੱਲੀ ਤੇ ਪੁਰਾਤਨ ਖੇਡ ਦੇ ਪ੍ਰਚਾਰ-ਪ੍ਰਸਾਰ ਹਿੱਤ ਆਪਣਾ ਬਣਦਾ ਯੋਗਦਾਨ ਪਾ ਰਹੀਆਂ ਹਨ। ਇਹ ਸਾਰੀਆਂ ਜੱਥੇਬੰਦੀਆਂ ਸ੍ਰੀ ਅਕਾਲ ਸਾਹਿਬ ਦੀ ਸਰਪ੍ਰਸਤੀ ਹੇਠ ਗੁਰੂ ਮਰਿਯਾਦਾ ਅੰਦਰ ਰਹਿ ਕੇ ਇਹ ਕਾਰਜ ਕਰਦੀਆਂ ਆ ਰਹੀਆਂ ਹਨ। ਦਿੱਲੀ ਦੀ ਇੱਕ ਨਿੱਜੀ ਫਰਮ ਵਲੋਂ "ਗੱਤਕਾ ਤੇ ਸਿੱਖ ਮਾਰਸ਼ਲ ਆਰਟ" ਸ਼ਬਦਾਂ ਨੂੰ ਪੇਟੈਂਟ ਕਰਾਉਣ ਦੀ ਖਬਰ ਦਾ ਸਖਤ ਨੋਟਿਸ ਲੈਂਦਿਆਂ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਸਕੱਤਰ ਡਾ. ਦੀਪ ਸਿੰਘ ਨੇ ਇਸ ਨੂੰ ਸਿੱਖ ਸਿਧਾਂਤਾਂ ਤੇ ਸਿੱਖ ਰਵਾਇਤਾਂ ਉਤੇ ਸਿੱਧਾ ਹਮਲਾ ਗਰਦਾਨਿਆਂ ਹੈ। ਉਹਨਾਂ ਆਖਿਆਂ ਕਿ ਗੱਤਕਾ ਖੇਡ ਗੁਰੂ ਸਾਹਿਬਾਨਾਂ ਵਲੋਂ ਵਰੋਸਾਈ ਹੋਈ ਪੁਰਾਤਨ ਜੰਗੀ ਕਲਾ ਹੈ। 'ਗੱਤਕਾ ਅਤੇ ਸਿੱਖ ਮਾਰਸ਼ਲ ਆਰਟ' ਸ਼ਬਦ ਉਤੇ ਕਿਸੇ ਵਿਅਕਤੀ ਜਾਂ ਨਿੱਜੀ ਫਰਮ ਦਾ ਹੱਕ ਨਹੀ ਹੋ ਸਕਦਾ ਕਿਉਂਕਿ ਇਹ ਸ਼ਬਦ ਸਿੱਖ ਰਵਾਇਤਾਂ ਨਾਲ ਜੁੜੇ ਹੋਏ ਹਨ। ਗੱਤਕਾ ਖੇਡ ਨਾਲ ਜੁੜੀਆ ਸਿੱਖ ਜੱਥੇਬੰਦੀਆਂ ਇਹਨਾਂ ਸਬਦਾਂ ਦੀ ਵਰਤੋਂ ਵਿਆਪਕ ਰੂਪ ਵਿੱਚ ਕਰਦੀਆਂ ਆਈਆਂ ਹਨ। ਡਾ. ਦੀਪ ਸਿੰਘ ਨੇ ਕਿਹਾ ਕਿ 'ਗੱਤਕਾ ਅਤੇ ਸਿੱਖ ਮਾਰਸ਼ਲ ਆਰਟ' ਸ਼ਬਦ ਨੂੰ ਪੇਟੈਂਟ ਕਰਾਉਣ ਵਾਲੀ ਦਿੱਲੀ ਸਥਿਤ ਨਿੱਜੀ ਫਰਮ ਨੂੰ ਖਾਲਸਾ ਪੰਥ ਕੋਲੋਂ ਮਾਫੀ ਮੰਗਣੀ ਚਾਹੀਦੀ ਹੈ ਅਤੇ ਭਵਿੱਖ ਵਿੱਚ ਅਜਿਹਾ ਕੁੱਝ ਵੀ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਹਨਾਂ ਵਿਸ਼ਵ ਗੱਤਕਾ ਫੈਡਰੇਸ਼ਨ ਵਲੋਂ ਦੇਸ਼ਾਂ-ਵਿਦੇਸ਼ਾਂ ਵਿੱਚ ਗੱਤਕੇ ਦਾ ਪ੍ਰਚਾਰ ਕਰ ਰਹੀਆਂ ਸਮੂਹ ਗੱਤਕਾ ਫੈਡਰੇਸ਼ਨਾਂ, ਐਸੋਸੀਏਸ਼ਨਾਂ, ਜੱਥੇਬੰਦੀਆਂ, ਕਲੱਬਾਂ ਅਤੇ ਗੱਤਕਾ ਖਿਡਾਰੀਆਂ ਨੂੰ ਅਪੀਲ ਕੀਤੀ ਕਿ ਇਹੋ ਜਿਹੀਆਂ ਨਿੱਜੀ ਫਰਮਾਂ ਤੋਂ ਅਤੇ ਭਵਿੱਖ ਵਿੱਚ ਇਹਨਾਂ ਵਲੋਂ ਆਯੋਜਿਤ ਕੀਤੇ ਜਾ ਰਹੇ ਕਿਸੇ ਵੀ ਉਪਰਾਲੇ ਤੋਂ ਕਿਨਾਰਾ ਕਰਨਾ ਚਾਹੀਦਾ ਹੈ। ਇਹੋ ਜਿਹੀਆਂ ਨਿੱਜੀ ਫਰਮਾਂ ਗੱਤਕਾ ਖੇਡ ਨੂੰ ਸਮਰਪਿਤ ਨਹੀ ਹੋ ਸਕਦੀਆਂ ਜੋ ਕਿ 'ਗੱਤਕਾ ਅਤੇ ਸਿੱਖ ਮਾਰਸ਼ਲ ਆਰਟ' ਤੇ ਏਕਾ-ਅਧਿਕਾਰ ਜਤਾ ਕੇ ਸਿੱਖ ਸਿਧਾਂਤਾਂ ਅਤੇ ਰਵਾਇਤਾਂ ਦੀ ਉਲੰਘਣਾ ਕਰਦੀਆਂ ਹੋਣ। ਇਸ ਮੌਕੇ ਬੀਬਾ ਸਰਬਜੀਤ ਕੌਰ ਵਿੱਤ ਸਕੱਤਰ ਅਤੇ ਗਗਨਦੀਪ ਸਿੰਘ ਨਿਉਯਾਰਕ ਵਿਸ਼ੇਸ ਤੌਰ 'ਤੇ ਹਾਜ਼ਰ ਸਨ।

## ਕਰਤਾਰਪੁਰ ਲਾਂਘੇ ਲਈ ਕਿਸਾਨ ਨੇ ਬਿਨਾ ਸ਼ਰਤ ਦਿੱਤੀ 16 ਏਕੜ ਜ਼ਮੀਨ

**ਬਟਾਲਾ/ਏਟੀ ਨਿਊਜ਼ :** ਭਾਰਤ-ਪਾਕਿ ਸਰਹੱਦ 'ਤੇ ਕਿਸਾਨ ਲੱਖਾ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਕਰਤਾਰਪੁਰ ਲਾਂਘੇ ਲਈ ਸਾਢੇ 16 ਏਕੜ ਜ਼ਮੀਨ ਬਿਨਾਂ ਸ਼ਰਤ ਦੇਣ ਦੇ ਨਾਲ ਹੀ ਆਈਸੀਪੀ (ਇੰਟੇਗ੍ਰੇਟਿਡ ਚੈੱਕ ਪੋਸਟ) ਦਾ ਕੰਮ ਸ਼ੁਰੂ ਹੋ ਗਿਆ ਹੈ। ਇਸ ਮੌਕੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਹਾਜ਼ਰ ਸਨ। ਉਨ੍ਹਾਂ ਕਿਸਾਨ ਵੱਲੋਂ ਕੀਤੀ ਪਹਿਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹੋਰਨਾਂ ਕਿਸਾਨਾਂ ਨੂੰ ਵੀ ਅਜਿਹਾ ਉੱਦਮ ਕਰਨਾ ਚਾਹੀਦਾ ਹੈ। ਮੰਤਰੀ ਨੇ ਕਿਹਾ ਕਿ ਕਿਸਾਨਾਂ ਨੂੰ ਸਰਕਾਰ ਜ਼ਮੀਨ ਦਾ ਬਣਦਾ ਹੱਕ ਲਾਜ਼ਮੀ ਅਦਾ ਕਰੇਗੀ। ਪਿੰਡ ਪੱਖੋਕੇ ਟਾਹਲੀ ਸਾਹਿਬ (ਨੇੜੇ ਡੇਰਾ ਬਾਬਾ ਨਾਨਕ) ਦੇ ਕਿਸਾਨ ਲੱਖਾ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਬਿਨਾਂ ਕਿਸੇ ਲਾਲਚ ਤੋਂ ਇਹ ਕਦਮ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਲਾਂਘਾ ਖੁੱਲ੍ਹਣ ਨਾਲ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦੀ ਸੰਗਤ ਦੀ ਆਸ ਨੂੰ ਬੂਰ ਪਏਗਾ ਤੇ ਇਸ ਨਾਲ ਉਨ੍ਹਾਂ ਨੂੰ ਖ਼ੁਸ਼ੀ ਹੈ। ਕਿਸਾਨ ਦੇ ਪੁੱਤਰ ਗੁਰਬਖ਼ਸ਼ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ 15 ਏਕੜ ਜ਼ਮੀਨ ਵੀ ਇਸ ਬਣ ਰਹੇ ਲਾਂਘੇ ਦੇ ਦਾਇਰੇ 'ਚ ਆਉਂਦੀ ਹੈ।

## ਜਾਹੋ-ਜਲਾਲ ਨਾਲ ਮਨਾਇਆ ਹੋਲਾ-ਮਹੱਲਾ

ਇਸ ਵਾਰ ਹੋਲਾ ਮਹੱਲਾ ਮੌਕੇ ਦੇਸ਼ ਵਿਦੇਸ਼ ਤੋਂ 20 ਲੱਖ ਦੇ ਲਗਭਗ ਸੰਗਤਾਂ ਪਹੁੰਚੀਆਂ। ਇਸ ਦੇ ਮੱਦੇਨਜ਼ਰ ਸੰਗਤਾਂ ਦੀ ਰਿਹਾਇਸ਼, ਲੰਗਰ, ਜੋੜਾ ਘਰ ਅਤੇ ਗਠੜੀ ਘਰ ਸਮੇਤ ਤਮਾਮ ਸੁਰੱਖਿਆ ਦੇ ਪ੍ਰਬੰਧ ਕੀਤੇ ਗਏ।

ਹੋਲਾ-ਮਹੱਲਾ ਸਮਾਗਮਾਂ ਬਾਰੇ ਜਾਣਕਾਰੀ ਦਿੰਦਿਆਂ ਤਖ਼ਤ ਸ਼੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਘੁੰਗਰਾਲੀ ਨੇ ਦੱਸਿਆ ਕਿ ਮੰਗਲਵਾਰ ਨੂੰ ਸਵੇਰੇ ਤਖ਼ਤ ਸ਼੍ਰੀ ਕੇਸਗੜ੍ਹ ਸਾਹਿਬ ਵਿਖੇ ਆਸਾ ਦੀ ਵਾਰ ਦੇ ਕੀਰਤਨ ਦੇ ਨਾਲ ਆਰੰਭਤਾ ਹੋਈ। ਉਪਰੰਤ ਸਾਰਾ ਦਿਨ ਤਖ਼ਤ ਸ਼੍ਰੀ ਕੇਸਗੜ੍ਹ ਸਾਹਿਬ ਵਿਖੇ ਦੀਵਾਨ ਸਜਾਏ ਗਏ। ਇਨ੍ਹਾਂ ਵਿਚ ਪੰਥ ਦੇ ਪ੍ਰਸਿੱਧ ਰਾਗੀਆਂ, ਢਾਡੀਆਂ ਅਤੇ ਕਥਾਵਾਚਕਾਂ ਨੇ ਸੰਗਤਾਂ ਨੂੰ ਗੁਰਬਾਣੀ ਅਤੇ ਗੁਰਇਤਿਹਾਸ ਸੁਣਾਇਆ। ਤਖ਼ਤ ਸ਼੍ਰੀ ਕੇਸਗੜ੍ਹ ਸਾਹਿਬ ਵਿਖੇ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ ਤੇ ਰਾਤ ਸਮੇਂ ਰਵਾਇਤੀ ਬਸੰਤ ਕੀਰਤਨ ਦਰਬਾਰ ਕੀਤਾ ਗਿਆ।

ਰਵਾਇਤੀ ਮਹੱਲਾ (ਨਗਰ ਕੀਰਤਨ) ਤਖ਼ਤ ਸ਼੍ਰੀ ਕੇਸਗੜ੍ਹ ਸਾਹਿਬ ਤੋਂ ਆਰੰਭ ਹੋ ਕੇ ਕਿਲਾ ਲੋਹਗੜ੍ਹ ਸਾਹਿਬ ਤੋਂ ਹੁੰਦਾ ਹੋਇਆ ਅਗਲੇ ਪੜਾਅ ਲਈ ਰਵਾਨਾ ਹੋਇਆ।ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਹੋਰ ਸਿੰਘ ਸਾਹਿਬਾਨ ਸ਼ਾਮਲ ਸਨ। ਇਸ ਦੇ ਨਾਲ ਹੀ ਖਾਲਸਾ ਪੰਥ ਦੇ ਜਨਮ ਅਸਥਾਨ ਤਖ਼ਤ ਸ਼੍ਰੀ ਕੇਸਗੜ੍ਹ ਸਾਹਿਬ, ਗੁ. ਸੀਸ ਗੰਜ ਸਾਹਿਬ, ਗੁ. ਭੋਰਾ ਸਾਹਿਬ, ਕਿਲਾ ਆਨੰਦਗੜ੍ਹ ਸਾਹਿਬ, ਕਿਲਾ ਲੋਹਗੜ੍ਹ ਸਾਹਿਬ, ਕਿਲਾ ਸ਼੍ਰੀ ਫਤਿਹਗੜ੍ਹ ਸਾਹਿਬ ਅਤੇ ਕਿਲਾ ਤਾਰਾਗੜ੍ਹ ਸਾਹਿਬ ਵਿਖੇ ਸੰਗਤਾਂ ਦੀ ਭਰਵੀਂ ਆਮਦ ਰਹੀ।ਸਾਰੇ ਗੁਰਦੁਆਰਾ ਸਾਹਿਬਾਨਾਂ ਨੂੰ ਰੰਗ-ਬਿਰੰਗੀਆਂ ਲੜੀਆਂ ਨਾਲ ਸਜਾਇਆ ਗਿਆ। ਦੂਜੇ ਪਾਸੇ ਗੁਰੂ ਦੀਆਂ ਲਾਡਲੀਆਂ ਫ਼ੌਜਾਂ ਨਿਹੰਗ ਸਿੰਘਾਂ ਦੇ ਰਵਾਇਤੀ ਦਲ ਘੋੜਿਆਂ ਉਤੇ ਸਵਾਰ ਹੋ ਕੇ ਸ੍ਰੀ ਆਨੰਦਪੁਰ ਸਾਹਿਬ ਪਹੁੰਚੇ ਅਤੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਵਿਚ ਵਿਸ਼ੇਸ਼ ਖਿੱਚ ਦਾ ਕੇਂਦਰ ਬਣੇ ਰਹੇ।

## ਭਾਰਤ 'ਚ ਮਨੁੱਖੀ ਹੱਕਾਂ ਦੇ ਘਾਣ ਖਿਲਾਫ ਵਰਲਡ ਸਿੱਖ ਪਾਰਲੀਮੈਂਟ ਯੂਐਨਓ ਪਹੁੰਚੀ

ਅੰਦਰ ਘੱਟ ਗਿਣਤੀਆਂ ਤੇ ਖਾਸ ਕਰਕੇ ਸਿੱਖਾਂ, ਕਸ਼ਮੀਰੀਆਂ ਅਤੇ ਨੂੰ ਸਵੈ ਨਿਰਣੈ ਦਾ ਹੱਕ ਤੇ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਦਾ ਹੱਕ ਨਹੀਂ ਦਿੱਤਾ ਜਾ ਰਿਹਾ।

ਵਰਲਡ ਸਿੱਖ ਪਾਰਲੀਮੈਂਟ ਦੇ ਨੁਮਾਇੰਦਿਆਂ ਵੱਲੋਂ ਭਾਰਤ ਸਰਕਾਰ ਖਿਲਾਫ ਅਤੇ ਖਾਲਿਸਤਾਨ ਪੱਖੀ ਨਾਅਰੇ ਲਾਏ ਗਏ।

ਇਸ ਮੌਕੇ ਬੋਲਦਿਆਂ ਭਾਈ ਰਣਜੀਤ ਸਿੰਘ ਸਰਾਏ, ਭਾਈ ਮਨਪ੍ਰੀਤ ਸਿੰਘ ਅਤੇ ਭਾਈ ਪ੍ਰਿਤਪਾਲ ਸਿੰਘ ਸਵਿਟਜ਼ਰਲੈਂਡ ਨੇ ਕਿਹਾ ਕਿ ਅਜ਼ਾਦੀ ਸਾਡਾ ਜਨਮ ਸਿੱਧ ਹੱਕ ਹੈ ਤੇ ਅੰਤਰਰਾਸ਼ਟਰੀ ਕਾਨੂੰਨਾਂ ਤਹਿਤ ਸਿੱਖਾਂ ਅਤੇ ਕਸ਼ਮੀਰੀਆਂ ਨੂੰ ਸਵੈ ਨਿਰਣੈ ਦਾ ਹੱਕ ਅਤੇ ਵਿਚਾਰਾਂ ਦੇ ਪ੍ਰਗਟਾਵੇ ਦਾ ਹੱਕ ਹੋਣਾ ਚਾਹੀਦਾ ਹੈ ਪਰ ਭਾਰਤ ਅੰਤਰਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਕਰਕੇ ਇਹ ਹੱਕ ਘੱਟ ਗਿਣਤੀਆਂ ਨੂੰ ਨਹੀਂ ਦੇ ਰਿਹਾ।

ਬੁਲਾਰਿਆਂ ਵੱਲੋਂ ਭਾਰਤ ਸਰਕਾਰ ਵੱਲੋਂ ਦੱਖਣੀ ਏਸ਼ੀਆਂ ਵਿੱਚ ਕੀਤੀ ਜਾ ਰਹੀ ਜੰਗ ਦੀ ਲਾਮਬੰਦੀ ਖਿਲਾਫ ਵੀ ਅਵਾਜ਼ ਬੁਲੰਦ ਕੀਤੀ। ਅੰਤਰਰਾਸ਼ਟਰੀ ਭਾਈਚਾਰੇ ਨੂੰ ਜਾਣੂੰ ਕਰਵਾਇਆ ਗਿਆ ਕਿ ਜੰਗ ਦੀ ਸੂਰਤ ਵਿੱਚ ਲਹਿੰਦੇ ਤੇ ਚੜ੍ਹਦੇ ਦੋਵੇਂ ਪੰਜਾਬ ਜੰਗ ਦਾ ਅਖਾੜਾ ਬਣ ਜਾਣਗੇ ਤੇ ਸਿੱਖਾਂ ਦੇ ਜਾਨੀ ਮਾਲੀ ਨੁਕਸਾਨ ਤੋਂ ਇਲਾਵਾ ਉਹਨਾਂ ਦੇ ਧਾਰਮਿਕ ਅਸਥਾਨਾਂ ਨੂੰ ਵੀ ਨੁਕਸਾਨ ਪਹੁੰਚੇਗਾ। ਸਿੱਖ ਇਸ ਜੰਗ ਵਿੱਚ ਕੋਈ ਧਿਰ ਨਹੀਂ ਹਨ ਤੇ ਇਸ ਲਈ ਅੰਤਰਾਸ਼ਟਰੀ ਭਾਈਚਾਰੇ ਨੂੰ ਬੇਨਤੀ ਹੈ ਕਿ ਦੱਖਣੀ ਏਸ਼ੀਆ ਖਿੱਤੇ ਵਿੱਚ ਜੰਗ ਨੂੰ ਰੋਕਣ ਲਈ ਹਰ ਸੰਭਵ ਯਤਨ ਕਰਨ।

ਇਸ ਮੌਕੇ ਸਵਿਸ ਪ੍ਰੈਸ ਕਲੱਬ ਜਨੇਵਾ ਵਿੱਚ ਇੱਕ ਸੈਮਨੀਨਾਰ ਕਰਵਾਇਆ ਗਿਆ ਜਿਸ ਵਿੱਚ ਭਾਰਤ ਅੰਦਰ ਵਸਦੀਆਂ ਘਟਗਿਣਤੀਆਂ ਦੇ ਨੁਮਾਇੰਦੇ ਸ਼ਾਮਲ ਹੋਏ। ਤ੍ਰਿਪੁਰਾ ਤੋਂ ਪਤਲ ਕੰਨਿਆ ਜਮਾਤੀਆ, ਮਨੀਪੁਰ ਤੋਂ ਰੇਣੂਬਾਲਾ ਦੇਵੀ ਤਖੀਲਾਬਮ, ਨੇਪਾਲ ਤੋਂ ਫਨਿੰਦਰਾ ਨੇਪਾਲ, ਬੰਬੇ ਹਾਈਕੋਰਟ ਦੇ ਐਡਵੋਕੇਟ ਆਸਿਮ ਸਰੋਦੇ, ਕਨੇਡਾ ਤੋਂ ਅਵਤਾਰ ਸਿੰਘ ਸੇਖੋਂ, ਵਰਲਡ ਸਿੱਖ ਪਾਰਲੀਮੈਂਟ ਦੇ ਮਨਪ੍ਰੀਤ ਸਿੰਘ ਅਤੇ ਰਣਜੀਤ ਸਿੰਘ ਸਰਾਏ ਨੇ ਆਪਣੇ ਵਿਚਾਰ ਰੱਖੇ। ਸਾਰੇ ਬੁਲਾਰਿਆਂ ਨੇ ਭਾਰਤ ਸਰਕਾਰ ਦੀਆਂ ਮਨੁੱਖੀ ਹੱਕਾਂ ਦੇ ਘਾਣ ਬਾਰੇ ਜਾਣਕਾਰੀ ਦਿੱਤੀ ਅਤੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਅੰਤਰਰਾਸ਼ਟਰੀ ਕਾਨੂੰਨਾਂ ਅਨੁਸਾਰ ਚੱਲਣ ਲਈ ਮਜਬੂਰ ਕਰਨ ਲਈ ਕਿਹਾ।

ਮੁਜ਼ਾਹਰੇ ਵਿੱਚ ਵਰਲਡ ਸਿੱਖ ਪਾਰਲੀਮੈਂਟ ਦੇ ਇੰਗਲੈਂਡ ਤੋਂ ਭਾਈ ਜੋਗਾ ਸਿੰਘ, ਭਾਈ ਮਨਪ੍ਰੀਤ ਸਿੰਘ, ਭਾਈ ਰਣਜੀਤ ਸਿੰਘ ਸਰਾਏ, ਭਾਈ ਬਲਬੀਰ ਸਿੰਘ ਬੈਂਸ, ਫਰਾਂਸ ਤੋਂ ਭਾਈ ਸ਼ਿੰਗਾਰਾ ਸਿੰਘ ਮਾਨ, ਭਾਈ ਸਤਨਾਮ ਸਿੰਘ, ਭਾਈ ਦਵਿੰਦਰ ਸਿੰਘ, ਭਾਈ ਪ੍ਰਿਥੀਪਾਲ ਸਿੰਘ, ਜਰਮਨੀ ਤੋਂ ਭਾਈ ਗੁਰਚਰਨ ਸਿੰਘ ਗੁਰਾਇਆ, ਭਾਈ ਗੁਰਪਾਲ ਸਿੰਘ, ਜਤਿੰਦਰ ਸਿੰਘ, ਸਵਿਟਜ਼ਰਲੈਂਡ ਤੋਂ ਭਾਈ ਪ੍ਰਿਤਪਾਲ ਸਿੰਘ ਅਤੇ ਇਟਲੀ ਤੋਂ ਭਾਈ ਜਸਬੀਰ ਸਿੰਘ ਤੋਂ ਇਲਾਵਾ ਭਾਈ ਹਰਦਵਿੰਦਰ ਸਿੰਘ ਬੱਬਰ ਅਤੇ ਯੂਰਪ ਦੇ ਵਸਨੀਕ ਸਿੱਖਾਂ ਨੇ ਵੀ ਭਾਗ ਲਿਆ। ਤਿੰਨ ਸਿੱਖ ਨੌਜਵਾਨਾਂ ਦੇ ਅਦਾਲਤਾਂ ਵਿੱਚ ਕੇਸ ਲੜ ਰਹੀ ਸੰਸਥਾ 'ਸਿੱਖ ਰਿਲੀਫ' ਨੇ ਵੀ ਮੁਜ਼ਾਹਰੇ ਵਿੱਚ ਭਾਗ ਲਿਆ।

## ਪੰਜਾਬ 'ਚ ਇਸ ਵਾਰ ਹੋਵੇਗਾ ਤਿੰਨ ਧਿਰੀ ਮੁਕਾਬਲਾ

ਘਿਰ ਗਿਆ ਹੈ। ਇਸ ਤੋਂ ਇਲਾਵਾ ਫਰੀਦਕੋਟ ਤੇ ਫਤਹਿਗੜ੍ਹ ਸਾਹਿਬ ਤੋਂ ਪਿਛਲੀ ਵਾਰ 'ਆਪ' ਜੇਤੂ ਰਹੀ ਸੀ। ਬੇਸ਼ੱਕ 'ਆਪ' ਵੀ ਇਸ ਵੇਲੇ ਸੰਕਟ ਦਾ ਸ਼ਿਕਾਰ ਹੈ ਪਰ ਇਸ ਦਾ ਲਾਹਾ ਅਕਾਲੀ ਦਲ ਨੂੰ ਕਿੰਨਾ ਮਿਲਦਾ ਹੈ, ਇਹ ਉਮੀਦਵਾਰ ਦੀ ਚੋਣ ਉੱਪਰ ਹੀ ਨਿਰਭਰ ਕਰੇਗਾ। ਲੁਧਿਆਣਾ ਸੀਟ ਇਸ ਵੇਲੇ ਕਾਂਗਰਸ ਕੋਲ ਹੈ। ਇਸ ਨੂੰ ਵੀ ਬਾਦਲ ਦਲ ਦੇ ਖਾਤੇ ਪਾਉਣਾ ਕਾਫੀ ਔਖਾ ਹੈ।

**ਚੋਣਾਂ ਮੌਕੇ ਫੜੇ ਜਾ ਰਹੇ ਹਨ ਨਸ਼ੇ**

11 ਮਾਰਚ ਨੂੰ ਲੋਕ ਸਭਾ ਚੋਣਾਂ ਦੇ ਐਲਾਨ ਹੋਣ ਤੋਂ ਬਾਅਦ 14 ਮਾਰਚ ਤਕ 23 ਕਰੋੜ ਰੁਪਏ ਤੋਂ ਵੱਧ ਦੀਆਂ ਪਾਬੰਦੀਸ਼ੁਦਾ ਵਸਤਾਂ ਤੇ ਨਕਦੀ ਜ਼ਬਤ ਕੀਤੇ ਜਾਣ ਦੀ ਖ਼ਬਰ ਹੈ। ਪੰਜਾਬ ਚੋਣ ਕਮਿਸ਼ਨ ਦੇ ਅੰਕੜਿਆਂ ਮੁਤਾਬਕ ਚੋਣ ਜ਼ਾਬਤੇ ਦੌਰਾਨ ਵੱਡੇ ਪੱਧਰ 'ਤੇ ਬਰਾਮਦਗੀਆਂ ਹੋਈਆਂ ਹਨ। ਮੁੱਖ ਚੋਣ ਅਫਸਰ ਪੰਜਾਬ ਡਾ. ਐਸ ਕਰੁਣਾ ਰਾਜੂ ਵੱਲੋਂ ਜਾਰੀ ਪ੍ਰੈਸ ਬਿਆਨ ਮੁਤਾਬਕ ਸੂਬੇ ਵਿੱਚ ਵੱਖ-ਵੱਖ ਸਰਵਾਈਲੈਂਸ ਟੀਮਾਂ ਨੇ 14,726 ਲੀਟਰ ਸ਼ਰਾਬ ਫੜੀ ਹੈ, ਜਿਸ ਦੀ ਕੀਮਤ 25 ਲੱਖ ਰੁਪਏ ਬਣਦੀ ਹੈ।

ਉਨ੍ਹਾਂ ਦੱਸਿਆ ਪੰਜਾਬ ਵਿੱਚੋਂ 670 ਕਿੱਲੋ ਨਸ਼ੀਲੇ ਪਦਾਰਥ ਵੀ ਫੜੇ ਗਏ ਹਨ, ਜਿਨ੍ਹਾਂ ਦੀ ਕੀਮਤ 21.82 ਕਰੋੜ ਬਣਦੀ ਹੈ। ਸੂਬੇ ਵਿੱਚ 1.32 ਕਰੋੜ ਰੁਪਏ ਦੀ ਨਗਦ ਰਾਸ਼ੀ ਵੀ ਜ਼ਬਤ ਕੀਤੀ ਗਈ ਹੈ ਅਤੇ ਕੁੱਲ ਬਰਾਮਦਗੀਆਂ 23.5 ਕਰੋੜ ਰੁਪਏ ਦੀਆਂ ਬਣਦੀਆਂ ਹਨ।

## ਪੰਜਾਬ ਦੀਆਂ ਜੇਲ੍ਹਾਂ ਦੀ ਹਾਲਤ ਨਰਕ ਭਰਪੂਰ

ਦਸੰਬਰ 2018 ਵਿਚ ਸੰਗਰੂਰ ਜੇਲ੍ਹ 'ਚ ਬੰਦ ਸੁਖਵਿੰਦਰ ਸਿੰਘ ਉਰਫ ਸੁੱਖਾ ਪੁੱਤਰ ਜੱਸਾ ਦੀ ਬਿਮਾਰੀ ਨਾਲ ਮੌਤ ਹੋ ਗਈ। ਜਨਵਰੀ 2019 : ਲੁਧਿਆਣਾ 'ਚ ਸ਼ਿੰਗਾਰ ਸਿੰਘ ਨਾਮਕ ਕੈਦੀ ਦੀ ਬਿਮਾਰੀ ਨਾਲ ਮੌਤ ਹੋ ਗਈ।

ਫਰਵਰੀ ਵਿਚ ਹੀ ਫਰੀਦਕੋਟ ਮਾਡਰਨ ਜੇਲ੍ਹ 'ਚ ਕਤਲ ਮਾਮਲੇ 'ਚ ਉਮਰਕੈਦ ਦੀ ਸਜ਼ਾ ਭੁਗਤ ਰਹੇ ਪਿੰਡ ਅਸਮਾਨ ਖੇੜਾ ਨਿਵਾਸੀ ਮਨਜੀਤ ਸਿੰਘ ਉਰਫ ਮੀਨਾ (52) ਪੁੱਤਰ ਮੁਖਤਿਆਰ ਸਿੰਘ ਦੀ ਬਿਮਾਰੀ ਨਾਲ ਮੌਤ ਹੋ ਗਈ।

ਇਸ ਮਾਰਚ ਮਹੀਨੇ ਦੌਰਾਨ ਅੰਮ੍ਰਿਤਸਰ ਜੇਲ੍ਹ 'ਚ ਬੰਦ ਪਾਕਿਸਤਾਨ ਨਾਗਰਿਕ 62 ਸਾਲਾ ਅਮਜ਼ਦ ਦੀ ਬਿਮਾਰੀ ਨਾਲ ਮੌਤ ਹੋਈ ਹੈ।

## ਸ਼੍ਰੋਮਣੀ ਕਮੇਟੀ, ਗੁਰੂ ਦੀਆਂ ਲਾਡਲੀਆਂ ਫੌਜਾਂ ਅਤੇ ਹੋਲਾ-ਮਹੱਲਾ

11 ਇਕੋ ਦਿਨ ਹੀ ਹਨ। ਇਹ ਸਮੱਸਿਆ ਹੀ ਇਸ ਸਾਲ ਹੋਲੇ ਮਹੱਲੇ ਵਾਲੇ ਦਿਨ ਹੈ।

ਫੱਗਣ ਸੁਦੀ 15 ਭਾਵ ਪੂੰਨਿਆ ਦਾ ਆਰੰਭ ਬੁੱਧਵਾਰ (20 ਮਾਰਚ) ਸਵੇਰੇ 10.45 ਵਜੇ (ਲੱਗਭੱਗ) ਹੋਵੇਗਾ ਅਤੇ ਇਸ ਦਾ ਅੰਤ ਵੀਰਵਾਰ ਨੂੰ ਸਵੇਰੇ ਸੂਰਜ ਚੜ੍ਹਨ ਤੋਂ ਪਿਛੋਂ 7.12 ਵਜੇ ਹੋਵੇਗਾ। ਇਸ ਲਈ ਪੂੰਨਿਆ ਵੀਰਵਾਰ 21 ਮਾਰਚ ਨੂੰ ਹੋਵੇਗੀ। ਹੁਣ ਚੇਤ ਵਦੀ ਏਕਮ ਦਾ ਆਰੰਭ ਵੀਰਵਾਰ ਸਵੇਰੇ 7.12 ਵਜੇ ਹੋਵੇਗਾ ਅਤੇ ਇਸ ਦਾ ਅੰਤ ਸ਼ੁੱਕਰਵਾਰ ਸਵੇਰੇ 3.52 ਵਜੇ ਹੋ ਜਾਵੇਗਾ ਅਤੇ ਚੇਤ ਸੁਦੀ ਦੂਜ ਦਾ ਆਰੰਭ ਹੋ ਜਾਵੇਗਾ। ਸ਼ੁੱਕਰਵਾਰ (22 ਮਾਰਚ) ਸਵੇਰੇ ਸੂਰਜ ਚੜ੍ਹਨ ਵੇਲੇ ਚੇਤ ਸੁਦੀ ਦੂਜ ਹੋਵੇਗੀ। ਇਹ ਹੈ ਅਸਲ ਸਮੱਸਿਆ। ਸ਼੍ਰੋਮਣੀ ਕਮੇਟੀ ਮੁਤਾਬਕ ਹੋਲਾ ਮਹੱਲਾ 21 ਮਾਰਚ ਨੂੰ ਹੈ ਕਿਉਂਕਿ ਬਿਕ੍ਰਮੀ ਕੈਲੰਡਰ ਦੇ ਵਿਧੀ-ਵਿਧਾਨ ਮੁਤਾਬਕ ਚੇਤ ਵਦੀ ਏਕਮ ਵੀਰਵਾਰ 21 ਮਾਰਚ ਨੂੰ ਹੀ ਹੈ। ਇਥੇ ਸ਼੍ਰੋਮਣੀ ਕਮੇਟੀ ਤਕਨੀਕੀ ਤੌਰ 'ਤੇ ਸਹੀ ਹੈ। ਪਰ ਗੁਰੂ ਦੀਆਂ ਲਾਡਲੀਆਂ ਫੌਜਾਂ ਦਾ ਮੰਨਣਾ ਹੈ ਕਿ ਹੋਲਾ ਮਹੱਲਾ ਪੂੰਨਿਆ ਤੋਂ ਅਗਲੇ ਦਿਨ ਮਨਾਇਆ ਜਾਂਦਾ ਹੈ। ਇਸ ਲਈ ਇਹ ਸ਼ੁੱਕਰਵਾਰ ਨੂੰ ਮਨਾਇਆ ਜਾਵੇਗਾ ਜੋ ਕਿ ਅਮਲੀ ਤੌਰ ਤੇ ਤਾਂ ਸਹੀ ਹੈ ਪਰ ਤਕਨੀਕੀ ਤੌਰ ਉਤੇ ਗਲਤ ਹੈ। ਕਿਉਂਕਿ ਕੈਲੰਡਰ ਮੁਤਾਬਕ ਤਾਂ ਸ਼ੁੱਕਰਵਾਰ (22 ਮਾਰਚ) ਨੂੰ ਚੇਤ ਸੁਦੀ ਦੂਜ ਹੋਵੇਗੀ, ਜਦੋਂ ਕਿ ਹੋਲਾ ਮਹੱਲਾ ਤਾਂ ਚੇਤ ਵਦੀ ਏਕਮ ਨੂੰ ਮਨਾਇਆ ਜਾਂਦਾ ਹੈ।

ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਅਜੇਹੀਆਂ ਬਹੁਤ ਸਾਰੀਆਂ ਸਮੱਸਿਆਵਾਂ ਕਾਰਨ ਹੀ ਨਾਨਕਸ਼ਾਹੀ ਕੈਲੰਡਰ ਹੋਂਦ ਵਿਚ ਆਇਆ ਸੀ, ਜਿਸ ਨੂੰ ਸ਼੍ਰੋਮਣੀ ਕਮੇਟੀ ਨੇ 2003 ਈ: ਵਿਚ ਲਾਗੂ ਕੀਤਾ ਸੀ। ਪਰ ਅਚਾਨਕ ਹੀ 2010 ਈ: ਵਿਚ ਮੁੜ ਚੰਦਰ-ਸੂਰਜੀ ਬਿਕ੍ਰਮੀ, ਸੂਰਜੀ ਬਿਕ੍ਰਮੀ ਅਤੇ ਸੀ ਈ ਕੈਲੰਡਰ ਦਾ ਮਿਲਗੋਭਾ ਕੈਲੰਡਰ ਲਾਗੂ ਕਰ ਦਿੱਤਾ ਅਤੇ ਹੁਣ ਹਰ ਸਾਲ ਤਾਰੀਖ਼ਾਂ ਸੰਬੰਧੀ ਕਿਸੇ ਨਾ ਕਿਸੇ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਗਿਆਨੀ ਹਰਪ੍ਰੀਤ ਸਿੰਘ ਜੀ ਦਾ ਇਹ ਬਿਆਨ ਕਿ ਤਰੁੱਟੀ ਨੂੰ ਦੂਰ ਕਰਨ ਦਾ ਯਤਨ ਕੀਤਾ ਜਾਵੇਗਾ, ਸਹੀ ਨਹੀਂ ਹੈ। ਸ਼੍ਰੋਮਣੀ ਕਮੇਟੀ ਆਪਣੇ ਤੌਰ ਤੇ ਚੰਦਰ-ਸੂਰਜੀ ਕੈਲੰਡਰ ਵਿਚ ਕੋਈ ਤਬਦੀਲੀ ਨਹੀਂ ਕਰ ਸਕਦੀ। ਇਹ ਤਾਂ ਜਿਵੇਂ ਹੈ, ਉਵੇਂ ਹੀ ਮੰਨਣਾ ਪਵੇਗਾ। ਜਿਵੇਂ ਚੇਤ ਦਾ ਮਹੀਨੇ ਦਾ ਪਹਿਲਾ ਅੱਧ ਖਤਮ ਹੋ ਰਹੇ ਸਾਲ ਵਿੱਚ ਅਤੇ ਦੂਜਾ ਅੱਧ ਨਵੇਂ ਸਾਲ ਵਿੱਚ ਕਰਨ ਅਤੇ ਸੂਰਜੀ ਬਿਕ੍ਰਮੀ ਕੈਲੰਡਰ ਵਿੱਚ (ਨਵੰਬਰ 1964 ਈ) ਹਿੰਦੂ ਵਿਦਵਾਨ ਵੱਲੋਂ ਕੀਤੀ ਗਈ ਸੋਧ ਨੂੰ ਮੰਨਿਆ ਸੀ। ਚੰਦਰ-ਸੂਰਜੀ ਕੈਲੰਡਰ, ਜਿਸ ਦਾ ਮਹੀਨਾ ਤਾਂ ਪੂੰਨਿਆ ਤੋਂ ਪੂੰਨਿਆ ਗਿਣਿਆ ਜਾਂਦਾ ਹੈ ਅਤੇ ਸਾਲ ਮੱਸਿਆ ਤੋਂ ਮੱਸਿਆ, ਇਕ ਦਿਨ ਵਿੱਚ ਦੋ ਤਿੱਥਾਂ ਜਾਂ ਦੋ ਦਿਨਾਂ ਵਿਚ ਇਕ ਤਿੱਥ, ਸਾਲ ਦੇ 12 ਮਹੀਨੇ ਅਤੇ 354 ਦਿਨ, ਹਰ ਤੀਜੇ ਚੌਥੇ 13 ਮਹੀਨੇ ਅਤੇ 384 ਦਿਨ ਹੋ ਜਾਂਦੇ ਹਨ, ਨੂੰ ਤਿਆਗਣ ਨਾਲ ਹੀ ਇਨ੍ਹਾਂ ਸਮੱਸਿਆਵਾਂ ਦਾ ਹੱਲ ਹੋਵੇਗਾ।

ਸੂਰਜੀ ਬਿਕ੍ਰਮੀ ਸਾਲ 1 ਚੇਤ ਤੋਂ ਅਰੰਭ ਹੁੰਦਾ ਹੈ। ਇਸ ਸਾਲ ਦੀ ਲੰਬਾਈ 1964 ਈ. ਤੋਂ ਪਹਿਲਾ ਸੂਰਜੀ ਸਿਧਾਂਤ ਮੁਤਾਬਕ 365.2587 ਦਿਨ ਹੁੰਦੀ ਸੀ ਪਰ 1964 ਈ. ਤੋਂ ਪਿਛੋਂ ਦ੍ਰਿਕ ਗਿਣਤ ਸਿਧਾਂਤ ਮੁਤਾਬਕ ਇਸ ਸਾਲ ਦੀ ਲੰਬਾਈ 365.2563 ਦਿਨ ਮੰਨੀ ਗਈ ਹੈ। ਫੱਗਣ, ਇਸ ਸਾਲ ਦਾ ਆਖਰੀ ਮਹੀਨਾ ਹੁੰਦਾ ਹੈ। ਚੰਦਰ-ਸੂਰਜੀ ਬਿਕ੍ਰਮੀ (Lunisolar) ਚੇਤ ਵਦੀ 1 ਤੋਂ ਅਰੰਭ ਹੋ ਕੇ ਫੱਗਣ ਸੁਦੀ 15 ਭਾਵ ਫੱਗਣ ਦੀ ਪੂੰਨਿਆ ਨੂੰ ਖਤਮ ਹੋ ਜਾਂਦਾ ਹੈ। ਇਸ ਸਾਲ ਦੀ ਲੰਬਾਈ 354.37 ਦਿਨ ਹੁੰਦੀ ਹੈ। ਚੰਦ ਦਾ ਸਾਲ ਸੂਰਜੀ ਸਾਲ ਤੋਂ ਲੱਗਭੱਗ 11 ਦਿਨ ਛੋਟਾ ਹੁੰਦਾ ਹੈ। ਦੋ ਸਾਲਾ 'ਚ ਇਹ ਫਰਕ 22 ਦਿਨ ਦਾ ਹੋ ਜਾਂਦਾ ਹੈ ਤਾਂ ਚੰਦ ਦੇ ਸਾਲ ਨੂੰ ਖਿੱਚ ਧੂਹ ਕੇ ਸੂਰਜੀ ਸਾਲ ਦੇ ਨੇੜੇ ਤੇੜੇ ਕਰਨ ਲਈ ਤੀਜੇ ਸਾਲ ਇਸ 'ਚ ਇਕ ਮਹੀਨਾ ਹੋਰ ਜੋੜ ਦਿੱਤਾ ਜਾਂਦਾ ਹੈ। ਉਸ ਸਾਲ ਚੰਦ ਦੇ ਸਾਲ ਦੇ 13 ਮਹੀਨੇ ਹੋ ਜਾਂਦੇ ਹਨ ਅਤੇ ਸਾਲ ਦੇ ਦਿਨ 383/384 ਹੋ ਜਾਂਦੇ ਹਨ। (2015 'ਚ ਚੰਦ ਦੇ ਸਾਲ ਦੇ 13 ਮਹੀਨੇ ਸਨ, ਹਾੜ੍ਹ ਦੇ ਦੋ ਮਹੀਨੇ ਸਨ। 2018 'ਚ ਵੀ ਚੰਦ ਦੇ ਸਾਲ ਦੇ 13 ਮਹੀਨੇ ਹੀ ਹੋਣਗੇ, ਜੇਠ ਦੇ ਦੋ ਮਹੀਨੇ ਹੋਣਗੇ। 19 ਸਾਲਾਂ 'ਚ ਅਜੇਹੇ 7 ਸਾਲ ਹੁੰਦੇ ਹਨ), ਇਸ ਲਈ ਹੋਲਾ ਮਹੱਲਾ ਹਰ ਸਾਲ ਬਦਲਵੀਂ ਤਾਰੀਖ ਨੂੰ ਆਉਂਦਾ ਹੈ। ਮਿਸਾਲ ਵਜੋਂ 2015 ਈ ਵਿੱਚ ਇਹ ਦਿਹਾੜਾ 22 ਫੱਗਣ/6 ਮਾਰਚ, 2016 ਈ. 'ਚ 11 ਚੇਤ/24 ਮਾਰਚ, 2017 ਈ. 'ਚ 30 ਫੱਗਣ/13 ਮਾਰਚ ਨੂੰ ਅਤੇ 2018 ਈ. ਵਿਚ ਇਹ ਦਿਹਾੜਾ 19 ਫੱਗਣ/2 ਮਾਰਚ ਨੂੰ ਆਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ 548 ਕੈਲੰਡਰ ਦੇ ਨਾਮ ਹੇਠ ਜਾਰੀ ਕੀਤੇ ਗਏ ਬਿਕ੍ਰਮੀ ਕੈਲੰਡਰ ਮੁਤਾਬਕ ਇਸ ਸਾਲ ਹੋਲਾ ਦੋ ਵਾਰੀ, 11 ਚੇਤ ਅਤੇ 30 ਫੱਗਣ ਨੂੰ ਆਵੇਗਾ।

ਇਥੇ ਹੀ ਬਸ ਨਹੀਂ, ਚੰਦ ਦੇ ਕੈਲੰਡਰ ਵਿੱਚ ਇਕ ਹੋਰ ਵੀ ਉਲਝਣ ਹੈ। ਚੰਦ ਦੇ ਮਹੀਨੇ ਵਿੱਚ ਦੋ ਪੱਖ ਹੁੰਦੇ ਹਨ; ਇਕ ਹਨੇਰਾ ਪੱਖ ਭਾਵ ਵਦੀ ਪੱਖ ਅਤੇ ਦੂਜਾ ਚਾਨਣਾ ਪੱਖ ਭਾਵ ਸੁਦੀ ਪੱਖ। ਵਦੀ ਪੱਖ ਦਾ ਅਰੰਭ ਪੂੰਨਿਆ ਤੋਂ ਅਗਲੇ ਦਿਨ ਹੁੰਦਾ ਹੈ ਅਤੇ ਸੁਦੀ ਪੱਖ ਦਾ ਅਰੰਭ ਮੱਸਿਆ ਤੋਂ ਅਗਲੇ ਦਿਨ। ਚੰਦ ਦੇ ਮਹੀਨੇ ਨੂੰ ਪੂੰਨਿਆ ਤੋਂ ਪੂੰਨਿਆ, ਜਿਸ ਨੂੰ ਪੂਰਨਮੰਤਾ ਕਹਿੰਦੇ ਹਨ ਅਤੇ ਮੱਸਿਆ ਤੋਂ ਮੱਸਿਆ, ਜਿਸ ਨੂੰ ਅਮੰਤਾ ਕਹਿੰਦੇ ਹਨ, ਦੋਵੇਂ ਤਰ੍ਹਾਂ ਹੀ ਗਿਣੇ ਜਾਂਦੇ ਹਨ। ਉਤਰੀ ਭਾਰਤ ਵਿੱਚ ਮਹੀਨਾ ਪੂੰਨਿਆ ਤੋਂ ਪੂੰਨਿਆ ਭਾਵ ਪੂਰਨਮੰਤਾ ਹੁੰਦਾ ਹੈ ਅਤੇ ਦੱਖਣ ਭਾਰਤ ਵਿੱਚ ਅਮੰਤਾ ਭਾਵ ਮੱਸਿਆ ਤੋਂ ਮੱਸਿਆ ਗਿਣਿਆ ਜਾਂਦਾ ਹੈ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਉਤਰੀ ਭਾਰਤ ਵਿੱਚ ਮਹੀਨਾ ਤਾਂ ਪੂੰਨਿਆ ਤੋਂ ਅਗਲੇ ਦਿਨ ਭਾਵ ਵਦੀ ਏਕਮ ਤੋਂ ਅਰੰਭ ਹੁੰਦਾ ਹੈ ਪਰ ਸਾਲ ਦਾ ਅਰੰਭ ਮੱਸਿਆ ਤੋਂ ਅਗਲੇ ਦਿਨ, ਭਾਵ ਚੇਤ ਸੁਦੀ ਇਕ ਤੋਂ ਹੁੰਦਾ ਹੈ। ਸੰਮਤ 2072 ਬਿਕ੍ਰਮੀ ਦੇ ਆਖਰੀ ਮਹੀਨੇ ਭਾਵ ਫੱਗਣ ਦੀ ਪੂੰਨਿਆ ਤਾਂ 23 ਮਾਰਚ ਨੂੰ ਹੈ, ਉਸ ਦਿਨ ਹੀ ਹੋਲੀ ਹੈ। ਚੇਤ ਦਾ ਅਰੰਭ, ਚੇਤ ਵਦੀ ਏਕਮ/24 ਮਾਰਚ ਤੋਂ ਹੁੰਦਾ ਹੈ ਪਰ ਸੰਮਤ 2074 ਬਿਕ੍ਰਮੀ ਦਾ ਅਰੰਭ ਚੇਤ ਸੁਦੀ ਏਕਮ/8 ਅਪ੍ਰੈਲ ਤੋਂ ਹੋਵੇਗਾ। ਚੇਤ ਮਹੀਨੇ ਦੇ ਦੋਵੇਂ ਪੱਖ, ਦੋ ਵੱਖ-ਵੱਖ ਸਾਲਾਂ ਵਿਚ ਗਿਣੇ ਜਾਂਦੇ ਹਨ। ਚੇਤ ਦਾ ਪਹਿਲਾ ਅੱਧ, ਖਤਮ ਹੋ ਰਹੇ ਸਾਲ ਵਿੱਚ ਅਤੇ ਦੂਜਾ ਅੱਧ, ਅਰੰਭ ਹੋ ਰਹੇ ਸਾਲ ਵਿੱਚ ਗਿਣਿਆ ਜਾਂਦਾ ਹੈ। ਸੁਦੀ ਪੱਖ ਦੋਵੇਂ ਪਾਸੇ ਭਾਵ ਉਤਰੀ ਅਤੇ ਦੱਖਣੀ ਭਾਰਤ, ਇਕ ਹੁੰਦਾ ਹੈ ਪਰ ਵਦੀ ਪੱਖ ਵਿੱਚ ਇਕ ਮਹੀਨੇ ਦਾ ਫਰਕ ਪੈ ਜਾਂਦਾ ਹੈ। ਪਾਠਕ ਨੋਟ ਕਰਨ ਕਿ ਬਿਪਰ ਵੱਲੋਂ ਬੁਣੇ ਗਏ ਇਸ ਮੱਕੜ ਜਾਲ ਨੂੰ ਬ੍ਰਾਹਮਣਵਾਦ ਕਿਹਾ ਜਾਂਦਾ ਹੈ ਨਾ ਕਿ ਚੰਦ ਨੂੰ। ਆਓ ਇਸ ਮੱਕੜ ਜਾਲ ਤੋਂ ਮੁਕਤ ਹੋਈਏ!

ਸਤਿਕਾਰ ਯੋਗ ਖਾਲਸਾ ਜੀ, ਜਿਵੇ ਕਿ ਉੱਪਰ ਪੜ੍ਹ ਚੁੱਕੇ ਹੋ ਕਿ ਹੋਲੀ ਸਾਲ ਦੇ ਆਖਰੀ ਦਿਨ ਮਨਾਈ ਜਾਂਦੀ ਸੀ ਅਤੇ ਗੁਰੂ ਸਾਹਿਬ ਨੇ ਹੋਲਾ ਮਹੱਲਾ ਨਵੇ ਸਾਲ ਦੇ ਪਹਿਲੇ ਦਿਨ ਤੋਂ ਅਰੰਭ ਕੀਤਾ ਸੀ। ਇਸ ਲਈ ਹੁਣ ਜਦੋਂ ਅਸੀਂ ਚੰਦ ਦਾ ਕੈਲੰਡਰ ਪੱਕੇ ਤੌਰ ਹੀ ਛੱਡ ਚੁੱਕੇ ਹਾਂ ਅਤੇ ਸੂਰਜੀ ਕੈਲੰਡਰ ਨੂੰ ਅਪਣਾ ਲਿਆ ਹੈ ਤਾਂ ਹੋਲਾ ਨਵੇਂ ਸਾਲ ਦੇ ਪਹਿਲੇ ਦਿਨ ਭਾਵ 1 ਚੇਤ ਨੂੰ ਮਨਾਉਣਾ ਚਾਹੀਦਾ ਹੈ। ਨਾਨਕਸ਼ਾਹੀ ਕੈਲੰਡਰ, ਜੋ ਕਿ ਸੂਰਜੀ ਕੈਲੰਡਰ ਹੈ, ਜਿਸ ਦੇ ਸਾਲ ਦੀ ਲੰਬਾਈ 365.2425 ਦਿਨ ਹੈ, ਜਿਸ ਦਾ ਅਰੰਭ 1 ਚੇਤ ਤੋਂ ਹੁੰਦਾ ਹੈ, ਮੁਤਾਬਕ 'ਹੋਲਾ ਮਹੱਲਾ' ਹਰ ਸਾਲ 1 ਚੇਤ/14 ਮਾਰਚ ਨੂੰ ਆਵੇਗਾ। ਹੁਣ ਸਾਨੂੰ ਇਹ ਵੇਖਣ ਲਈ ਕਿ ਚੇਤ ਵਦੀ ਏਕਮ ਕਿਸ ਤਾਰੀਖ ਨੂੰ ਆਵੇਗੀ, ਹਿੰਦੂ ਵਿਦਵਾਨਾਂ ਵੱਲੋਂ ਤਿਆਰ ਕੀਤੀ ਗਈ ਜੰਤਰੀ ਦੀ ਉਡੀਕ ਨਹੀਂ ਕਰਨੀ ਪਵੇਗੀ। ਸਮੂਹ ਸੰਗਤ ਨੂੰ ਨਵੇਂ ਸਾਲ, 1 ਚੇਤ (14 ਮਾਰਚ) ਸੰਮਤ 548 ਨਾਨਕਸ਼ਾਹੀ ਦੀਆਂ ਲੱਖ-ਲੱਖ ਵਧਾਈਆਂ।

## ਵਿਸ਼ਵ ਦੇ ਮਹਾਨ ਯਾਤਰੀ ਗੁਰੂ ਨਾਨਕ ਸਾਹਿਬ

ਮਾਤਰਾ ਵਿੱਚ ਮਿਲੀਆਂ ਸਨ। ਪਾਕਪੱਟਣ ਤੋਂ ਹੀ ਗੁਰੂ ਸਾਹਿਬ, ਦੀਪਾਲਪੁਰ ਪਹੁੰਚੇ ਸਨ। ਦੀਪਾਲਪੁਰ ਵੀ ਪੱਛਮੀ ਪੰਜਾਬ ਦਾ ਇੱਕ ਬਹੁਤ ਤਕੜਾ ਕੇਂਦਰ ਸੀ। ਇਸ ਦਾ ਮੌਜੂਦਾ ਨਾਂ ਮਿੰਟਗੁੰਮਰੀ ਹੈ। ਫਿਰ ਦੀਪਾਲਪੁਰ ਤੋਂ ਕੰਙਣਪੁਰ ਹੁੰਦੇ ਹੋਏ ਗੁਰੂ ਸਾਹਿਬ ਕਸੂਰ ਪਹੁੰਚੇ। ਕਸੂਰ ਤੋਂ ਪੱਟੀ ਤੇ ਪੱਟੀ ਤੋਂ ਗੋਇੰਦਵਾਲ ਵਾਲੀ ਥਾਂ 'ਤੇ ਪਹੁੰਚੇ। ਇੱਥੇ ਬਿਆਸ ਦਰਿਆ ਦਾ ਪੱਤਣ ਸੀ। ਇੱਥੋਂ ਦਰਿਆ ਪਾਰ ਕਰਕੇ ਗੁਰੂ ਜੀ ਬਿਸਤ ਦੁਆਬ ਵਿੱਚ ਦਾਖ਼ਲ ਹੋ ਕੇ ਵੈਰੋਵਾਲ ਪਹੁੰਚੇ। ਵੈਰੋਵਾਲ ਤੋਂ ਸਿੱਧਾ ਸੁਲਤਾਨਪੁਰ ਵਾਪਸ ਆਪਣੀ ਵੱਡੀ ਭੈਣ ਬੇਬੇ ਨਾਨਕੀ ਜੀ ਪਾਸ ਪਹੁੰਚੇ। ਇੱਥੇ ਹੀ ਬੇਬੇ ਜੀ ਪਾਸ ਗੁਰੂ ਜੀ ਦੇ ਵੱਡੇ ਸਪੁੱਤਰ ਸ੍ਰੀ ਚੰਦ ਜੀ ਰਹਿ ਰਹੇ ਸਨ। ਗੁਰੂ ਜੀ ਨੇ ਸਾਹਿਬਜ਼ਾਦੇ ਨੂੰ ਬਹੁਤ ਲਾਡ-ਪਿਆਰ ਦਿੱਤਾ ਅਤੇ ਬੇਬੇ ਜੀ ਦਾ ਇਸ ਗੱਲੋਂ ਧੰਨਵਾਦ ਕੀਤਾ ਕਿ ਉਹ ਸ੍ਰੀ ਚੰਦ ਦੀ ਬਹੁਤ ਹੀ ਅੱਛੇ ਤਰੀਕੇ ਨਾਲ ਪਾਲਣਾ-ਪੋਸ਼ਣਾ ਕਰ ਰਹੇ ਹਨ। ਇਹ ਸਥਾਨਕ ਯਾਤਰਾਵਾਂ ਦੋ ਜਾਂ ਡੇਢ ਕੁ ਸਾਲ ਦੀਆਂ ਸਨ ਜਿਹੜੀਆਂ ਕਿ 1497 ਦੀਆਂ ਸਰਦੀਆਂ ਵਿੱਚ ਸੁਲਤਾਨਪੁਰੋਂ ਹੀ ਸ਼ੁਰੂ ਕੀਤੀਆਂ ਗਈਆਂ ਸਨ ਅਤੇ ਅੰਦਾਜ਼ਨ 1499 ਈ. ਦੇ ਅੱਧ ਵਿੱਚ ਪੂਰੀਆਂ ਕੀਤੀਆਂ ਗਈਆਂ ਸਨ। ਪੰਜਾਬ ਵਿੱਚ ਉਕਤ ਵਰਨਣ ਕੀਤੇ ਗਏ ਅਸਥਾਨਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਅਸਥਾਨ ਹਨ ਜਿਹਨਾਂ 'ਤੇ ਗੁਰੂ ਨਾਨਕ ਸਾਹਿਬ ਦੇ ਜਾਣ ਦੀ ਜਾਣਕਾਰੀ ਮਿਲਦੀ ਹੈ। (ਚਲਦਾ...)

# ਅਰਦਾਸ ਦੇ ਫਲਸਫੇ ਨੂੰ ਸਮਝਣ ਦੀ ਲੋੜ

**ਐਡਵੋਕੇਟ ਸੁਰਿੰਦਰ ਸਿੰਘ ਕੰਵਰ**






ਅਰਦਾਸ ਦੇ ਅੱਖਰੀ ਅਰਥ ਸਮਝਣੇ ਕੋਈ ਮੁਸ਼ਕਲ ਗੱਲ ਨਹੀਂ ਹੈ। ਪੰਜਾਬੀ ਕੋਸ਼ ਅਨੁਸਾਰ ਅਰਦਾਸ ਦੇ ਅਰਥ ਹਨ : ਬੇਨਤੀ, ਪ੍ਰਾਰਥਨਾ, ਅਰਜ਼ੋਈ। ਕਿਸੇ ਪਾਸੋਂ ਜਦੋਂ ਕਿਸੇ ਵੀ ਚੀਜ਼ ਦੀ ਮੰਗ ਕਰਨੀ ਹੋਵੇ ਤਾਂ ਆਪਣੀ ਮੰਗ ਵਾਸਤੇ ਬੇਨਤੀ ਕਰਨੀ ਹੁੰਦੀ ਹੈ। ਕਿਸੇ ਵੀ ਤਰ੍ਹਾਂ ਦੀ ਬੇਨਤੀ ਅਰਦਾਸ ਹੀ ਹੁੰਦੀ ਹੈ। ਇਸ ਤਰ੍ਹਾਂ ਰੱਬ ਜੀ ਅੱਗੇ ਕੀਤੀ ਗਈ ਬੇਨਤੀ ਨੂੰ ਹੀ ਅਰਦਾਸ ਕਿਹਾ ਜਾਂਦਾ ਹੈ ਜਾਂ ਸਮਝਿਆ ਜਾਂਦਾ ਹੈ। ਜਦੋਂ ਗੁਰੂ ਨਾਨਕ ਸਾਹਿਬ ਦੀ ਫਿਲਾਸਫੀ ਅਨੁਸਾਰ ਰੱਬ ਨੂੰ ਸਮਝਦੇ ਹਾਂ ਤਾਂ ਅਰਦਾਸ ਦੇ ਅਰਥ ਹੀ ਬਦਲ ਜਾਂਦੇ ਹਨ। ਕਿਉਂਕਿ ਗੁਰਬਾਣੀ ਅਨੁਸਾਰ ਰੱਬ ਸਭ ਦੇ ਅੰਦਰ ਹੀ ਵਸਦਾ ਹੈ। ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ।। (ਪੰਨਾ-684) ਭਾਵ ਇਹ ਹੋਇਆ ਕਿ ਅਰਦਾਸ ਆਪਣੇ ਅੰਦਰ ਵਸਦੇ ਰੱਬ ਅੱਗੇ ਹੀ ਕਰਨੀ ਹੈ। ਅੰਦਰ ਦਾ ਰੱਬ ਹੈ ਮਨ ਅਤੇ ਬਿਬੇਕ ਬੁੱਧੀ ਦਾ ਸੁਮੇਲ : ਸੁਰਤ, ਮੱਤ, ਮਨ, ਬੁੱਧ। ਜਦੋਂ ਰੱਬ ਅੰਦਰ ਵਸਦਾ ਹੈ ਤੇ ਫਿਰ ਇਹ ਸਮਝਣਾ ਹੋਵੇਗਾ ਕਿ ਅਰਦਾਸ ਕੀਤੀ ਕੀ ਜਾਵੇ ਅਤੇ ਕਿਸ ਤਰ੍ਹਾਂ ਅਤੇ ਕਿਸ ਪਾਸ ਕੀਤੀ ਜਾਵੇ ?

ਇਸ ਸਬੰਧ ਵਿਚ ਸਭ ਤੋਂ ਪਹਿਲਾਂ ਤਾਂ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਗੁਰੂ ਨਾਨਕ ਸਾਹਿਬ ਹਰ ਮਨੁੱਖ ਨੂੰ ਸਚਿਆਰ ਬਣਾਉਣਾ ਚਾਹੁੰਦੇ ਸਨ ਤਾਂ ਕਿ ਇਕ ਚੰਗਾ ਸੁਚੱਜਾ ਤੇ ਪਿਆਰ ਭਰਿਆ ਸਮਾਜ ਸਿਰਜਿਆ ਜਾ ਸਕੇ। ਇਸ ਲਈ ਗੁਰਬਾਣੀ ਦੇ ਫਲਸਫੇ ਅਨੁਸਾਰ ਅਰਦਾਸ ਤਾਂ ਕਰਨੀ ਹੈ ਸਚਿਆਰ ਹੋਣ ਲਈ-ਆਪਣਾ ਮੂਲ ਪਹਿਚਾਨਣ ਲਈ-ਮਨ ਨੂੰ ਸ਼ੁੱਧ ਕਰਨ ਲਈ-ਆਪਣੀ ਜ਼ਮੀਰ ਨੂੰ ਉੱਚਾ ਤੇ ਸੁੱਚਾ ਕਰਨ ਲਈ, ਜਿਸ ਰਾਹੀ ਖੁਸ਼ੀ, ਖੇੜਾ ਤੇ ਮਨ ਦੀ ਸ਼ਾਂਤੀ ਮਿਲ ਸਕੇ। ਇਸ ਤਰ੍ਹਾਂ ਅਰਦਾਸ ਤਾਂ ਹੁੰਦੀ ਹੈ, ਆਪਣੀ ਜ਼ਮੀਰ ਨੂੰ ਜਗਾਉਣ ਵਾਸਤੇ ਉਤਸ਼ਾਹਿਤ ਕਰਨ ਵਾਸਤੇ, ਆਪਣੀ ਜ਼ਮੀਰ ਨੂੰ ਪ੍ਰੇਰਣ ਵਾਸਤੇ ਜਾਂ ਆਪਣਾ ਮਨੋਬਲ ਵਧਾਉਣ ਵਾਸਤੇ, ਆਪਣੇ ਸਬ-ਕੌਨਸ਼ਿਅਸ ਮਾਇੰਡ (ਭਾਵ ਅਚੇਤ ਮਨ) ਨੂੰ ਸਮਝਾਉਣ ਵਾਸਤੇ ਕਿ ਉਸ ਨੇ ਕਿਸ ਰਸਤੇ ਚੱਲਣਾ ਹੈ ਅਤੇ ਕਿਵੇਂ ਜਾਗਰੂਕ ਹੋਣਾ ਹੈ। ਅਰਦਾਸ ਤਾਂ ਮਨ ਨੂੰ ਇਕ ਸਾਰਥਕ ਸੋਚ ਵੱਲ ਉਕਸਾਉਣਾ ਹੈ ਜਿਸ ਨਾਲ ਮਨੁੱਖ ਚੜ੍ਹਦੀ ਕਲਾ ਵਿਚ ਰਹਿਣ ਦਾ ਆਦੀ ਹੋ ਸਕੇ। ਪਰ ਇਸ ਦੇ ਉਲਟ ਆਮ ਤੌਰ 'ਤੇ ਇਹ ਹੀ ਵੇਖਦੇ ਹਾਂ ਕਿ ਅਰਦਾਸ ਤਾਂ ਕੀਤੀ ਜਾਂਦੀ ਹੈ ਆਪਣੀਆਂ ਦੁਨਿਆਵੀ ਲੋੜਾਂ ਦੀ ਪੂਰਤੀ ਲਈ ਜਾਂ ਆਪਣੀ ਕਿਸੇ ਕਿਸਮ ਦੀ ਕਾਮਯਾਬੀ ਵਾਸਤੇ, ਆਪਣੀ ਤੰਦਰੁਸਤੀ ਵਾਸਤੇ, ਬੱਚਿਆਂ ਵਾਸਤੇ ਤੇ ਜਾਂ ਫਿਰ ਵਿਉਪਾਰ ਆਦਿ ਵਿਚ ਵਾਧੇ ਵਾਸਤੇ। ਇਸ ਸਬੰਧ ਵਿਚ ਜਦੋਂ ਗੁਰਬਾਣੀ ਨੂੰ ਸਮਝਣ ਦੀ ਕੋਸ਼ਿਸ ਕਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਗੁਰਬਾਣੀ ਵਿਚ ਥਾਂ ਥਾਂ ਉਤੇ ਅਰਦਾਸ ਕੀਤੀ ਗਈ ਹੈ। ਬਹੁਤ ਸਾਰੇ ਸ਼ਬਦ ਤੇ ਸਲੋਕਾਂ ਆਦਿ ਰਾਹੀਂ ਅਰਦਾਸ ਕੀਤੀ ਗਈ ਹੈ ਤੇ ਇਹ ਵੀ ਸਮਝਾਇਆ ਗਿਆ ਹੈ : ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥ (ਪੰਨਾ-819)।

ਹੁਣ ਜਦੋਂ ਗੁਰੂ ਸਾਹਿਬ ਇਹ ਸਮਝਾਉਂਦੇ ਹਨ ਕਿ ਕਿਸੇ ਵਿਅਕਤੀ ਦੀ ਅਰਦਾਸ ਵਿਅਰਥ ਨਹੀਂ ਜਾਂਦੀ ਤਾਂ ਹੈਰਾਨਗੀ ਹੁੰਦੀ ਹੈ ਕਿ ਇੰਨੀ ਦੁਨੀਆ ਅਰਦਾਸ ਕਰਦੀ ਹੈ ਪਰ ਬਹੁਤ ਸਾਰੇ ਲੋਕਾਂ ਦੀ ਅਰਦਾਸ ਪੂਰੀ ਨਹੀਂ ਹੁੰਦੀ ਇਸ ਦੀ ਕੀ ਵਜ੍ਹਾ ਹੋ ਸਕਦੀ ਹੈ ?

**ਇਸ ਨੂੰ ਸਮਝਣ ਲਈ ਪਹਿਲੀ ਗੱਲ ਗੁਰੂ ਸਾਹਿਬ ਸਮਝਾਉਂਦੇ ਹਨ** :- ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥ (ਪੰਨਾ-1) ਭਾਵ ਇਹ ਕਿ ਜੋ ਵੀ ਹੁੰਦਾ ਹੈ ਉਹ ਕੁਦਰਤ ਦੇ ਨਿਯਮ ਅਨੁਸਾਰ ਹੀ ਹੁੰਦਾ ਹੈ। ਕੁਦਰਤ ਦੇ ਨਿਯਮ ਦੇ ਉਲਟ ਨਹੀਂ ਹੋ ਸਕਦਾ। ਇਸ ਲਈ ਜੇ ਅਰਦਾਸ ਕੁਦਰਤ ਦੇ ਨਿਯਮ ਉਲਟਾਉਣ ਵਾਸਤੇ ਕੀਤੀ ਜਾਵੇ ਤਾਂ ਉਹ ਅਰਦਾਸ ਪੂਰੀ ਨਹੀਂ ਹੋ ਸਕਦੀ। ਜਿਵੇ ਗੁਰਬਾਣੀ ਦਾ ਫੁਰਮਾਨ ਹੈ :- ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥ ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥ (ਪੰਨਾ-1379)। ਭਾਵ ਇਹ ਕਿ ਜੇਕਰ ਜੱਟ ਕਿਕਰੀਆਂ ਬੀਜ ਕੇ ਖਾਹਸ਼ ਇਹ ਕਰੇ ਕਿ ਉਸ ਉਤੇ ਬਿਜੌਰ ਦੇ ਇਲਾਕੇ ਦਾ ਛੋਟਾ ਅੰਗੂਰ ਲੱਗ ਜਾਵੇ, ਭਾਵ ਇਹ ਕਿ ਕਿੱਕਰ ਬੀਜ ਕੇ ਅਰਦਾਸ ਇਹ ਕਰੇ ਕਿ ਇਸ ਉਸ ਉਤੇ ਵਧੀਆ ਕੁਆਲਟੀ ਦੇ ਅੰਗੂਰ ਲੱਗ ਜਾਣ ਤਾਂ ਇਹ ਅਰਦਾਸ ਪੂਰੀ ਨਹੀਂ ਹੋ ਸਕਦੀ, ਭਾਵੇਂ ਜਿੰਨੀ ਵਾਰੀ ਮਰਜ਼ੀ ਇਹ ਅਰਦਾਸ ਕਰੀ ਜਾਵੋ। ਇਸੇ ਤਰ੍ਹਾਂ ਜੇ ਕੋਈ ਕਤਵਾਵੇ ਤਾਂ ਉੱਨ ਤੇ ਖਾਹਸ਼ ਇਹ ਕਰੇ ਕਿ ਉਸ ਨੂੰ ਪਸ਼ਮੀਨਾ ਮਿਲ ਜਾਵੇ ਤਾਂ ਇਹ ਖਾਹਸ਼ ਵੀ ਪੂਰੀ ਨਹੀਂ ਹੋ ਸਕਦੀ।

**ਫਿਰ ਗੁਰੂ ਸਾਹਿਬ ਸਮਝਾਉਂਦੇ ਹਨ ਕਿ** : ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥ ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥ (958), ਭਾਵ ਕਿ ਪ੍ਰਭੂ ਤੋਂ ਬਿਨਾ ਭਾਵ ਪ੍ਰਭੂ ਦੇ ਗੁਣ (ਚੰਗੇ ਗੁਣ) ਧਾਰਣ ਕਰਨ ਤੋਂ ਬਿਨਾ ਜਾਂ ਉਦਮ ਕਰਨ ਤੋਂ ਬਿਨਾ ਕੁਝ ਹੋਰ ਦੀ ਖਾਹਸ਼ ਕਰਨ ਨਾਲ ਜਾਂ ਫਿਰ ਦੁਨਿਆਵੀ ਪਦਾਰਥ ਮੰਗਣ ਨਾਲ ਦੁਖ ਹੀ ਮਿਲਦੇ ਹਨ। ਇਸ ਲਈ ਕਿਹਾ ਹੈ : ਦੇਹਿ ਨਾਮੁ ਸੰਤੋਖੀਆ, ਭਾਵ ਇਹ ਕਿ ਸੰਤੋਖ ਇੱਕ ਸਿਰਮੌਰ ਗੁਣ ਹੈ, ਇਸ ਲਈ ਅਰਦਾਸ ਸੰਤੋਖ ਦੀ ਪ੍ਰਾਪਤੀ ਵਾਸਤੇ ਹੀ ਕਰਨੀ ਚਾਹੀਦੀ ਹੈ। ਗੁਰਬਾਣੀ ਸਮਝਾਉਂਦੀ ਹੈ : ਬਿਨਾ ਸੰਤੋਖ ਨਹੀ ਕੋਊ ਰਾਜੇ (ਪੰਨਾ-278), ਭਾਵ ਜੇ ਅੰਦਰ ਸੰਤੋਖ ਨਾ ਹੋਵੇ, ਤਾਂ ਕੋਈ (ਮਨੁੱਖ) ਰੱਜਦਾ ਨਹੀਂ। ਇਸ ਲਈ ਮਨ ਨੂੰ ਸਮਝਾਉਣਾ ਹੈ ਕਿ ਸੰਤੋਖ ਵਾਲਾ ਗੁਣ ਪ੍ਰਾਪਤ ਹੋ ਜਾਵੇ ਬਾਕੀ ਦੁਨਿਆਵੀ ਚੀਜ਼ਾਂ ਦੀ ਲਾਲਸਾ ਤਾਂ ਭਟਕਣਾ ਹੀ ਵਧਾਉਂਦੀਆਂ ਹਨ।

ਕਿਸੇ ਚੀਜ਼ ਨੂੰ ਹਾਸਲ ਕਰਨ ਲਈ ਮਨ ਨੂੰ ਇਕਾਗਰ ਕਰਨਾ, ਮਨ ਅਤੇ ਬਿਬੇਕ ਬੁੱਧ ਨੂੰ ਉਸ ਲਈ ਪ੍ਰੇਰਣਾ ਹੀ ਅਰਦਾਸ ਹੈ। ਜੋ ਕੁਝ ਵੀ ਹੈ, ਇਹ ਮੰਨਣਾ ਪਵੇਗਾ ਕਿ ਕੋਈ ਕੁਦਰਤ ਹੈ, ਰੱਬ ਹੈ; ਕੋਈ ਅਸੂਲ ਐਸਾ ਹੈ ਜੋ ਮਦਦ ਜ਼ਰੂਰ ਕਰਦਾ ਹੈ। ਬਹੁਤ ਸਾਰੇ ਕੰਮ ਸੰਵਰ ਜਾਂਦੇ ਹਨ ਪਤਾ ਨਹੀਂ ਲਗਦਾ ਕਿਵੇਂ ਇਹ ਸਭ ਹੋ ਜਾਂਦਾ ਹੈ। ਤਾਂ ਹੀ ਤਾਂ ਗੁਰੂ ਸਾਹਿਬ ਵੀ ਆਖਦੇ ਹਨ ਕਿ ਉਹ ਬੇਅੰਤ ਹੈ। ਕੋਈ ਸ਼ਕਤੀ ਹੈ ਜੋ ਕੰਮ ਵੀ ਕਰਦੀ ਹੈ ਅਤੇ ਮਦਦ ਵੀ ਕਰਦੀ ਹੈ।


WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

# Sir Speedy Tustin® Printers to the Community




## Outdoor 3'x11' Promo Flag

**Only $29/-**

Pole & Spike $55/-




## Outdoor 3'x6' Durable Banner

All weather, durable to sunlight, rain and wear & tear. Text only.

**Only $69/-**




## Receipt Books

Customized with your information and design. 2 part carbonless with numbering and perforation.

**Call for Price**




## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**




## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**




## 11" Printed Balloons

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

## Your Printed T-Shirts

**Only $4.99**




1 color in 1 position. Min Qty. 100

## Your Printed Caps

**Only $4.99**




## Trip Envelopes Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES




South Asian Wedding Cards



CALL NOW

ਘਰ ਦੇ ਕੰਮ ਲਈ ਇੱਕ ਬੀਬੀ ਦੀ ਲੋੜ

Live-in housekeeper/ nanny needed

ਕਾਲ ਕਰੋ

510-938-7195


## ਨਿਊਜ਼ੀਲੈਂਡ ਦੇ ਖ਼ੂਨੀ ਕਾਂਡ ਨਾਲ ਕੰਬਿਆ ਵਿਸ਼ਵ

'ਤੇ ਇਨ੍ਹਾਂ ਪੋਸਟਾਂ ਨੇ ਮਿੰਟਾਂ-ਸਕਿੰਟਾਂ ਵਿਚ ਭਾਂਬੜ ਬਾਲਣ ਦਾ ਕੰਮ ਕੀਤਾ। ਫੇਸਬੁੱਕ/ਯੂ-ਟਿਊਬ ਦੇ ਸੰਚਾਲਕਾਂ ਨੂੰ ਇਸ ਦਾ ਜਦੋਂ ਅਹਿਸਾਸ ਹੋਇਆ ਉਦੋਂ ਤਕ ਦਿਲਾਂ ਵਿਚ ਲੱਗੇ ਲਾਂਬੂਆਂ ਨੂੰ ਬੁਝਾਉਣਾ ਮੁਸ਼ਕਲ ਹੋ ਗਿਆ ਸੀ। ਨਿਊਜ਼ੀਲੈਂਡ ਸਰਕਾਰ ਅਤੇ ਆਸਟ੍ਰੇਲੀਅਨ ਸਰਕਾਰ ਨੇ ਇਸ ਹਮਲੇ ਨੂੰ 'ਅੱਤਵਾਦੀ ਹਮਲਾ' ਐਲਾਨਿਆ ਹੈ। ਇਸ ਹਮਲੇ ਵਿਚ ਭਾਰਤ ਤੋਂ ਪਰਵਾਸ ਕਰ ਕੇ ਆਏ ਪੰਜ ਮੁਸਲਮਾਨ ਵੀ ਮਾਰੇ ਗਏ ਹਨ।

**ਗੋਰੇ ਨਸਲਵਾਦ ਦੀ ਜ਼ੋਰ ਫੜ ਰਹੀ ਮੁਹਿੰਮ-**

ਸੰਸਾਰ ਚਿੰਤਕਾਂ ਦਾ ਮੰਨਣਾ ਹੈ ਕਿ ਇਹ ਹਮਲਾ ਮਹਿਜ਼ ਇਕ ਘਟਨਾ ਨਹੀਂ ਬਲਕਿ ਪੱਛਮੀ ਸੱਭਿਅਤਾ ਦੀ ਪ੍ਰਧਾਨਗੀ ਵਾਲੇ ਯੂਰਪ ਅਤੇ ਹੋਰ ਮੁਲਕਾਂ ਵਿਚ ਬਦਲ ਰਹੇ ਰਾਜਨੀਤਕ ਅਤੇ ਸਮਾਜਿਕ ਹਾਲਾਤ ਦਾ ਇਕ ਖਤਰਨਾਕ ਚਿੰਨ੍ਹ ਹੈ। ਇਸਲਾਮ ਖਿਲਾਫ ਹੋਇਆ ਇਹ ਨਸਲੀ ਨਫਰਤ ਦਾ ਹਮਲਾ, ਇਹਨਾਂ ਖੇਤਰਾਂ ਵਿਚ ਦੁਨੀਆ ਦੇ ਹੋਰ ਖੇਤਰਾਂ ਤੋਂ ਪ੍ਰਵਾਸ ਕਰਕੇ ਗਈਆਂ ਸਾਰੀਆਂ ਨਸਲਾਂ ਲਈ ਇਕ ਗੰਭੀਰ ਚੇਤਾਵਨੀ ਹੈ। ਪੰਜਾਬ ਤੋਂ ਪ੍ਰਵਾਸ ਕਰਕੇ ਇਹਨਾਂ ਖੇਤਰਾਂ ਵਿਚ ਗਈ ਸਿੱਖ ਕੌਮ ਲਈ ਇਸ ਘਟਨਾ ਨੂੰ ਗੰਭੀਰਤਾ ਨਾਲ ਲੈਂਦਿਆਂ ਆਪਣੇ ਭਵਿੱਖ ਸਬੰਧੀ ਵਿਚਾਰ ਪ੍ਰਵਾਹ ਚਲਾਉਣ ਦੀ ਜ਼ਰੂਰਤ ਹੈ।

ਜੇ ਕਰਾਈਸਟਚਰਚ ਸ਼ਹਿਰ ਦੀਆਂ ਮਸਜਿਦਾਂ 'ਤੇ ਹੋਏ ਹਮਲੇ ਨੂੰ ਘੋਖੀਏ ਤਾਂ ਨਜ਼ਰ ਪੈਂਦਾ ਹੈ ਕਿ ਹਮਲਾਵਰਾਂ ਨੇ ਸ਼ੁੱਕਰਵਾਰ ਦੇ ਦਿਨ ਨੂੰ ਜਾਣਬੁੱਝ ਕੇ ਚੁਣਿਆ ਕਿ ਜਦੋਂ ਮੁਸਲਿਮ ਪਰੰਪਰਾ ਮੁਤਾਬਿਕ ਸਭ ਤੋਂ ਵੱਧ ਲੋਕ ਮਸਜਿਦ ਵਿਚ ਨਮਾਜ਼ ਪੜ੍ਹਨ ਜਾਂਦੇ ਹਨ। ਦੂਜਾ ਆਸਟ੍ਰੇਲੀਆ ਨਾਲ ਸਬੰਧਿਤ ਹਮਲਾਵਰ ਨੇ ਨਿਊਜ਼ੀਲੈਂਡ ਦੇ ਖਿੱਤੇ ਨੂੰ ਹਮਲੇ ਦੀ ਥਾਂ ਲਈ ਚੁਣਿਆ ਕਿਉਂਕਿ ਨਿਊਜ਼ੀਲੈਂਡ ਨੂੰ ਇਕ ਸ਼ਾਂਤ ਮੁਲਕ ਮੰਨਿਆ ਜਾਂਦਾ ਹੈ ਜਿਸ ਕਾਰਨ ਉੱਥੇ ਸੁਰੱਖਿਆ ਪ੍ਰਣਾਲੀ ਦੀ ਸ਼ਾਇਦ ਉਸ ਤਰ੍ਹਾਂ ਦੀ ਚੌਕਸੀ ਨਾ ਹੋਵੇ ਜਿਵੇਂ ਦੀ ਦੂਜੇ ਮੁਲਕਾਂ ਵਿਚ ਹੁੰਦੀ ਹੈ, ਜਿੱਥੇ ਅਜਿਹੇ ਹਮਲੇ ਹੋਣ ਦਾ ਖਦਸ਼ਾ ਹੋਵੇ। ਇਹਨਾਂ ਤੱਥਾਂ ਤੋਂ ਦੋ ਗੱਲਾਂ ਸਾਫ ਹੁੰਦੀਆਂ ਹਨ ਕਿ ਇਹ ਇਕ ਮੁਲਕ ਨਾਲ ਸਬੰਧਿਤ ਮਾਮਲਾ ਨਹੀਂ ਬਲਕਿ ਮੁਲਕਾਂ ਦੀਆਂ ਹੱਦਾਂ ਤੋਂ ਅਗਾਂਹ ਜਾ ਕੇ ਪੈਦਾ ਹੋ ਰਹੀ ਇਕ ਵੱਡੀ ਅਤੇ ਖਤਰਨਾਕ ਸਮੱਸਿਆ ਹੈ। ਦੂਜਾ ਇਹ ਕਿ ਹਮਲਾਵਰ ਵੱਧ ਤੋਂ ਵੱਧ ਜਾਨਾਂ ਦਾ ਨੁਕਸਾਨ ਕਰਨਾ ਚਾਹੁੰਦਾ ਸੀ ਜਿਸ ਨਾਲ ਪੀੜਤ ਭਾਈਚਾਰੇ ਵਿਚ ਵੱਧ ਤੋਂ ਵੱਧ ਦਹਿਸ਼ਤ ਫੈਲ ਸਕੇ।

**ਗੋਰੇ ਨਸਲਵਾਦ ਦੀਆਂ ਜੜ੍ਹਾਂ-**

ਗੋਰੇ ਨਸਲਵਾਦ ਦਾ ਯੂਰਪ ਅਤੇ ਯੂਰਪੀ ਸੱਭਿਅਤਾ ਦੀ ਪ੍ਰਧਾਨਗੀ ਵਾਲੇ ਹੋਰ ਮੁਲਕਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਤੇ ਜੋ ਪਿਛਲੇ ਕੁੱਝ ਸਾਲਾਂ ਤੋਂ ਥੋੜ੍ਹਾ-ਥੋੜ੍ਹਾ ਹਿੰਸਕ ਰੂਪ ਧਾਰਨਾ ਸ਼ੁਰੂ ਕਰ ਚੁੱਕਿਆ ਹੈ। ਯੂਰਪ ਦੀ ਰਾਜਨੀਤੀ ਵਿਚ ਗੋਰੇ ਨਸਲਵਾਦ ਦੀਆਂ ਹਾਮੀ ਧਿਰਾਂ ਲਗਾਤਾਰ ਸਥਾਪਿਤ ਹੋ ਰਹੀਆਂ ਹਨ ਅਤੇ ਸੱਤਾ 'ਤੇ ਕਾਬਜ਼ ਵੀ ਹੋਣੀਆਂ ਸ਼ੁਰੂ ਹੋ ਗਈਆਂ ਹਨ। ਗੋਰੇ ਨਸਲਵਾਦ ਦੀ ਮਜ਼ਬੂਤੀ ਵਾਲੀ ਇਸ ਰਾਜਨੀਤੀ ਦਾ ਮੁੱਖ ਮੁੱਦਾ ਪ੍ਰਵਾਸੀਆਂ ਖਿਲਾਫ ਨਫਰਤ ਪੈਦਾ ਕਰਨੀ ਅਤੇ ਆਪਣੀ ਪਛਾਣ ਨੂੰ ਬਚਾਉਣਾ ਹੈ। ਇਹ ਧਿਰਾਂ ਪ੍ਰਵਾਸੀਆਂ ਨੂੰ ਯੂਰਪ ਵਿਚ ਵਧ ਰਹੀ ਇਕ ਖਤਰਨਾਕ ਬਿਮਾਰੀ ਵਾਂਗ ਪੇਸ਼ ਕਰ ਰਹੀਆਂ ਹਨ ਤੇ ਪ੍ਰਵਾਸੀਆਂ ਤੋਂ ਮੁਕਤ ਯੂਰਪ ਬਣਾਉਣ ਦਾ ਨਾਅਰਾ ਦੇ ਕੇ ਲੋਕਾਂ ਨੂੰ ਲਾਮਬੰਦ ਕਰ ਰਹੀਆਂ ਹਨ। ਇਸ ਸਾਰੇ ਪ੍ਰਚਾਰ ਦਾ ਮੁੱਖ ਧੁਰਾ ਇਸਲਾਮ ਖਿਲਾਫ ਨਫਰਤ ਨੂੰ ਬਣਾਇਆ ਜਾ ਰਿਹਾ ਹੈ। ਫਰਾਂਸ, ਇਟਲੀ, ਸਵੀਡਨ, ਜਰਮਨੀ, ਹੰਗਰੀ ਆਦਿ ਯੂਰਪੀਅਨ ਮੁਲਕਾਂ ਵਿਚ ਗੋਰੇ ਨਸਲਵਾਦ ਦੀ ਇਹ ਰਾਜਨੀਤੀ ਕਾਫੀ ਹੱਦ ਤੱਕ ਸਾਂਝੀ ਕਿਸਮ ਅਤੇ ਕੁਝ ਹੱਦ ਤਕ ਵੱਖੋ-ਵੱਖਰੇ ਰੂਪ ਵਿਚ ਹਾਵੀ ਹੋ ਰਹੀ ਹੈ। ਪੱਛਮੀ ਸੱਭਿਅਤਾ ਵੱਲੋਂ ਬਸਤੀਵਾਦੀ ਰਾਜ ਨਾਲ ਦੁਨੀਆ ਦੀਆਂ ਬਾਕੀ ਸੱਭਿਅਤਾਵਾਂ ਦੇ ਸਰੋਤਾਂ ਦੀ ਕੀਤੀ ਲੁੱਟ ਕਾਰਨ ਬਣੇ ਆਰਥਿਕ ਅਤੇ ਰਾਜਸੀ ਹਾਲਾਤ ਦੀ ਉਪਜ ਵਿਚੋਂ ਅਫਰੀਕਾ, ਏਸ਼ੀਆ ਅਤੇ ਅਰਬ ਦੀਆਂ ਸੱਭਿਅਤਾਵਾਂ ਦੇ ਲੋਕ ਯੂਰਪ ਅਤੇ ਪੱਛਮੀ ਸੱਭਿਅਤਾ ਦੀ ਪ੍ਰਧਾਨਗੀ ਵਾਲੇ ਖਿੱਤਿਆਂ ਵੱਲ ਪ੍ਰਵਾਸ ਕਰਨ ਲਈ ਮਜਬੂਰ ਹੋਏ। ਇਹਨਾਂ ਪ੍ਰਵਾਸੀ ਲੋਕਾਂ ਨੇ ਆਪਣੀ ਮਿਹਨਤ ਅਤੇ ਕਾਬਲੀਅਤ ਨਾਲ ਖੁਦ ਨੂੰ ਉੱਥੇ ਸਥਾਪਿਤ ਕੀਤਾ ਪਰ ਹੁਣ ਇਹਨਾਂ ਖਿੱਤਿਆਂ ਵਿਚ ਇਕ ਧਿਰ ਅਜਿਹੀ ਖੜ੍ਹੀ ਹੋ ਰਹੀ ਹੈ ਜੋ ਪ੍ਰਵਾਸ ਨੂੰ ਘੁਸਪੈਠ ਦੇ ਤੌਰ 'ਤੇ ਪੇਸ਼ ਕਰਕੇ ਪੱਛਮੀ ਸੱਭਿਅਤਾ ਲਈ ਇਸ ਨੂੰ ਇੱਕ ਵੱਡਾ ਖਤਰਾ ਦੱਸ ਰਹੀ ਹੈ। ਗੋਰੇ ਨਸਲਵਾਦ ਵਾਲਾ ਇਹ ਵਿਚਾਰ ਕਈ ਸਾਲ ਪਹਿਲਾਂ ਤੋਂ ਸੁਲਘਣਾ ਸ਼ੁਰੂ ਹੋ ਗਿਆ ਸੀ ਜਿਸ ਨੂੰ ਅਮਰੀਕਾ ਦੇ ਵਿਸ਼ਵ ਵਪਾਰ ਕੇਂਦਰ 'ਤੇ ਹੋਏ ਹਮਲੇ ਨਾਲ ਇਕ ਦਮ ਹਵਾ ਮਿਲੀ ਜੋ ਹੁਣ ਭਾਂਬੜ ਬਣਦਾ ਜਾ ਰਿਹਾ ਹੈ। ਅਮਰੀਕਾ ਅਤੇ ਯੂਰਪ ਦੇ ਖੇਤਰਾਂ ਵਿਚ ਗਲੀਆਂ, ਸੜਕਾਂ 'ਤੇ ਮੁਸਲਮਾਨਾਂ, ਅਫਰੀਕਨਾਂ, ਏਸ਼ੀਅਨਾਂ ਅਤੇ ਸਿੱਖਾਂ ਖਿਲਾਫ ਨਸਲੀ ਹਮਲੇ ਦੀਆਂ ਘਟਨਾਵਾਂ ਹੁੰਦੀਆਂ ਆ ਰਹੀਆਂ ਹਨ। ਹੁਣ ਇਹ ਘਟਨਾਵਾਂ ਅੱਤਵਾਦੀ ਹਮਲਿਆਂ ਦਾ ਰੂਪ ਲੈਣ ਲੱਗੀਆਂ ਹਨ। ਅਮਰੀਕਾ ਦੇ ਵਿਸਕੌਨਸਿਨ ਵਿਚ ਸਿੱਖਾਂ ਦੇ ਗੁਰਦੁਆਰਾ ਸਾਹਿਬ 'ਤੇ ਹੋਇਆ ਹਮਲਾ ਅਤੇ ਨਿਊਜ਼ੀਲੈਂਡ ਵਿਚ ਮਸਜਿਦਾਂ 'ਤੇ ਹੋਇਆ ਹਮਲਾ ਇਕੋ ਜਿਹੇ ਮਾਹੌਲ ਦੀ ਹੀ ਉਪਜ ਹਨ। ਕੌਮਾਂਤਰੀ ਪੱਧਰ 'ਤੇ ਨਾਮੀਂ ਮੀਡੀਆ ਅਦਾਰੇ ਅਲ ਜਜ਼ੀਰਾ ਵੱਲੋਂ ਦਸੰਬਰ 2018 ਵਿਚ ਇਕ ਦਸਤਾਵੇਜੀ "ਜੇਨਰੇਸ਼ਨ ਹੇਟ"ਜਾਰੀ ਕੀਤੀ ਗਈ ਸੀ ਜੋ ਫਰਾਂਸ ਵਿਚ ਅਜਿਹੀ ਹੀ ਨਸਲੀ ਵਿਚਾਰਧਾਰਾ ਨੂੰ ਹਵਾ ਦੇ ਰਹੇ ਇਕ ਸੰਗਠਨ ਜੇਨਰੇਸ਼ਨ ਆਇਡੈਂਟਿਟੀ ਦੀ ਖ਼ੁਫੀਆ ਤਫਤੀਸ਼ 'ਤੇ ਅਧਾਰਿਤ ਸੀ। ਇਸ ਦਸਤਾਵੇਜੀ ਵਿਚ ਇਸ ਸੰਗਠਨ ਦੇ ਲੋਕ ਅਜਿਹੇ ਹਮਲੇ ਕਰਨ ਦੀਆਂ ਗੱਲਾਂ ਕਰਦੇ ਦਿਖ ਰਹੇ ਸਨ ਜਿਹੋ ਜਿਹਾ ਨਿਊਜ਼ੀਲੈਂਡ ਵਿਚ ਸਾਰੀ ਦੁਨੀਆ ਨੇ ਵੇਖਿਆ।

**ਨਸਲਵਾਦ ਪੂਰੇ ਸੰਸਾਰ 'ਤੇ ਹੋ ਰਿਹਾ ਹਾਵੀ-**

1980ਵਿਆਂ ਤੋਂ ਅਮਰੀਕਾ ਅਤੇ ਯੂਰਪ ਵਿਚ ਇਸਲਾਮ ਤੇ ਮੁਸਲਮਾਨਾਂ ਦਾ ਵਿਰੋਧ ਬੜੀ ਤੇਜ਼ੀ ਨਾਲ ਵਧਿਆ। ਕੁਝ ਲੋਕ ਸਿਆਸੀ, ਸੱਭਿਆਚਾਰਕ ਤੇ ਸਮਾਜਿਕ ਪੱਧਰ ਉੱਤੇ ਹੀ ਮੁਸਲਮਾਨਾਂ ਦਾ ਵਿਰੋਧ ਨਹੀਂ ਕਰਦੇ ਸਗੋਂ ਵੱਡੇ ਪੱਧਰ ਉੱਤੇ ਨਫ਼ਰਤ ਫੈਲਾਉਂਦੇ ਹਨ ਜਿਸ ਨੂੰ 'ਇਸਲਾਮੋਫੋਬੀਆ' ਕਿਹਾ ਜਾਂਦਾ ਹੈ। ਨਸਲੀ ਗੋਰਿਆਂ ਵਲੋਂ ਇਹ ਗੱਲ ਫੈਲਾਈ ਜਾ ਰਹੀ ਹੈ ਕਿ ਮੁਸਲਮਾਨ ਧੜਾਧੜ ਅਮਰੀਕਾ ਤੇ ਯੂਰਪ ਦੇ ਦੇਸ਼ਾਂ ਵਿਚ ਆ ਰਹੇ ਹਨ ਅਤੇ ਹੌਲੀ ਹੌਲੀ ਉਨ੍ਹਾਂ ਦੀ ਗਿਣਤੀ ਏਨੀ ਵਧ ਜਾਵੇਗੀ ਕਿ ਉੱਥੋਂ ਦੇ ਗੋਰੇ ਵਸਨੀਕ ਘੱਟਗਿਣਤੀ ਵਿਚ ਰਹਿ ਜਾਣਗੇ। ਇਹ ਵੀ ਗੱਲ ਫੈਲਾਈ ਜਾ ਰਹੀ ਹੈ ਕਿ ਮੁਸਲਮਾਨ ਪਛੜੇ ਹੋਏ, ਪੁਰਾਤਨ ਵਿਚਾਰਾਂ ਵਾਲੇ, ਵਹਿਸ਼ੀ, ਜਾਲਮ ਤੇ ਹਿੰਸਕ ਲੋਕ ਹਨ; ਉਹ ਸੁਭਾਵਿਕ ਤੌਰ 'ਤੇ ਦਹਿਸ਼ਤਪਸੰਦ ਹਨ ਅਤੇ ਜਿਹਾਦ ਕਰਕੇ ਪੱਛਮੀ ਸੱਭਿਅਤਾ ਦਾ ਮਲੀਆਮੇਟ ਕਰ ਦੇਣਾ ਚਾਹੁੰਦੇ ਹਨ। ਕਈ ਦੇਸ਼ਾਂ ਵਿਚ ਇਹੋ ਜਿਹੀਆਂ ਸੰਸਥਾਵਾਂ ਬਣੀਆਂ ਹੋਈਆਂ ਹਨ ਜਿਹੜੀਆਂ ਇਸ ਤਰ੍ਹਾਂ ਦਾ ਪ੍ਰਚਾਰ ਕਰਨ ਨੂੰ ਆਪਣਾ ਧਾਰਮਿਕ ਤੇ ਰਾਸ਼ਟਰੀ ਫ਼ਰਜ਼ ਸਮਝਦੀਆਂ ਹਨ। ਫਰਾਂਸ ਵਿਚ ਮੁਸਲਮਾਨਾਂ ਦੀ ਆਮਦ ਨੂੰ 'ਵੱਡੇ ਬਦਲਾਓ' ਦੇ ਸਿਧਾਂਤ ਦੇ ਰੂਪ ਵਿਚ ਪ੍ਰਚਾਰਿਆ ਜਾਂਦਾ ਹੈ। ਅਮਰੀਕਾ ਵਿਚ ਕਈ ਜਥੇਬੰਦੀਆਂ ਜਿਵੇਂ 'ਸਟਾਪ ਇਸਲਾਮਾਈਜੇਸ਼ਨ ਆਫ਼ ਅਮੈਰੀਕਾ' (ਐੱਸਆਈਓਏ) ਅਤੇ 'ਅਮੈਰੀਕਨ ਫਰੀਡਮ ਡਿਫੈਂਸ ਇਨਸ਼ੀਏਟਿਵ' ਆਦਿ ਸੰਸਥਾਤਮਕ ਤੌਰ 'ਤੇ ਇਸਲਾਮ ਅਤੇ ਮੁਸਲਮਾਨਾਂ ਵਿਰੁੱਧ ਪ੍ਰਚਾਰ ਕਰਦੀਆਂ ਹਨ। ਇੱਥੋਂ ਤਕ ਕਿ ਇਨ੍ਹਾਂ ਨਸਲਵਾਦੀ ਹਮਲਿਆਂ ਨੂੰ 'ਸੱਭਿਆਤਾਵਾਂ ਦੇ ਟਕਰਾਓ' ਇਸਾਈ, ਮੁਸਲਮਾਨ ਟਕਰਾਓ ਵਜੋਂ ਪੇਸ਼ ਕੀਤਾ ਜਾ ਰਿਹਾ ਹੈ।

**ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਨੇ ਰਾਜ-ਧਰਮ ਨਿਭਾਇਆ-**

ਪ੍ਰਧਾਨ ਮੰਤਰੀ ਜੈਸਿੰਡਾ ਆਰਡਨ ਨੇ ਇਸ ਘਟਨਾ ਨੂੰ ਪੂਰੀ ਵਿਉਂਤਬੰਦੀ ਨਾਲ ਕੀਤਾ 'ਦਹਿਸ਼ਤੀ ਹਮਲਾ' ਕਰਾਰ ਦਿੰਦਿਆਂ ਇਸ ਦਿਨ ਨੂੰ ਮੁਲਕ ਦਾ ਕਾਲਾ ਦਿਨ ਦੱਸਿਆ ਹੈ। ਜੈਸਿੰਡਾ ਨੇ ਕਿਹਾ ਕਿ ਹਮਲਾਵਰਾਂ ਦਾ ਨਿਊਜ਼ੀਲੈਂਡ ਵਿਚ ਕੋਈ ਵੀ ਅਪਰਾਧਿਕ ਰਿਕਾਰਡ ਨਹੀਂ ਹੈ ਜਿਸ ਕਾਰਨ ਇਹ ਪੁਲਿਸ ਦੀ ਨਜ਼ਰ ਵਿਚ ਨਹੀਂ ਆਏ। ਜੈਸਿੰਡਾ ਆਰਡਨ ਨੇ ਸਖ਼ਤ ਸ਼ਬਦਾਂ ਵਿਚ ਕਿਹਾ ਕਿ ਇਸ ਘਟਨਾ ਨੂੰ ਅੰਜਾਮ ਦੇਣ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਪ੍ਰਧਾਨ ਮੰਤਰੀ ਜੈਸਿੰਡਾ ਆਰਡਰਨ ਨੇ ਕਿਹਾ ਕਿ ਸਾਡੇ ਬੰਦੂਕ ਕਾਨੂੰਨ ਵਿਚ ਬਦਲਾਅ ਹੋਣਗੇ। ਉਨ੍ਹਾਂ ਇਹ ਵੀ ਕਿਹਾ ਕਿ ਉਹ ਫ਼ੇਸਬੁੱਕ ਅਤੇ ਹੋਰ ਸੋਸ਼ਲ ਮੀਡੀਆ ਕੰਪਨੀਆਂ ਤੋਂ ਇਸ ਗੱਲ ਦਾ ਜਵਾਬ ਚਾਹੁੰਦੇ ਹਨ ਕਿ ਉਨ੍ਹਾਂ ਦੀਆਂ ਸੋਸ਼ਲ ਸਾਈਟਾਂ 'ਤੇ ਮਸਜਿਦਾਂ ਵਿਚ ਲੋਕਾਂ 'ਤੇ ਹੋਏ ਹਮਲੇ ਦਾ ਸਿੱਧਾ ਪ੍ਰਸਾਰਨ ਕਿਸ ਤਰ੍ਹਾਂ ਹੋਇਆ?

ਹਮਲਿਆਂ ਤੋਂ ਬਾਅਦ ਮੁਲਕ ਦੀ ਪ੍ਰਧਾਨ ਮੰਤਰੀ ਜੈਸਿੰਡਾ ਅਰਡਰਨ ਨੇ ਜਿਸ ਤਰ੍ਹਾਂ ਅਗਵਾਈ ਕੀਤੀ ਉਸਦੀ ਪੂਰੀ ਦੁਨੀਆਂ ਵਿਚ ਪ੍ਰਸ਼ੰਸਾ ਹੋ ਰਹੀ ਹੈ। ਪ੍ਰਧਾਨ ਮੰਤਰੀ ਨਿੱਜੀ ਤੌਰ ਉੱਤੇ ਲੋਕਾਂ ਨੂੰ ਮਿਲੀ ਅਤੇ ਪੀੜਤ ਪਰਿਵਾਰਾਂ ਨੂੰ ਗਲ਼ ਨਾਲ ਲਾਇਆ ਅਤੇ ਉਨ੍ਹਾਂ ਦੀ ਸੁਰੱਖਿਆ ਦਾ ਭਰੋਸਾ ਦਿੱਤਾ।

**ਲੋਕਾਂ ਦੇ ਗਲੇ ਨਾ ਉਤਰਿਆ ਮੋਦੀ ਦਾ ਨਿਖੇਧੀ ਵਾਲਾ ਬਿਆਨ-**

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਿਊਜ਼ੀਲੈਂਡ ਵਿੱਚ ਹੋਏ ਦਹਿਸ਼ਤੀ ਹਮਲੇ ਦੀ ਨਿਖੇਧੀ ਕਰਦਿਆਂ ਘਟਨਾ 'ਤੇ ਦੁੱਖ ਜਤਾਇਆ ਹੈ। ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਅਰਡਰਨ ਨੂੰ ਲਿਖੇ ਪੱਤਰ ਵਿੱਚ ਮੋਦੀ ਨੇ ਕਿਹਾ ਕਿ ਭਾਰਤ ਇਸ ਮੁਸ਼ਕਲ ਘੜੀ ਵਿੱਚ ਨਿਊਜ਼ੀਲੈਂਡ ਦੇ ਲੋਕਾਂ ਨਾਲ ਇਕਜੁੱਟਤਾ ਨਾਲ ਖੜ੍ਹਾ ਹੈ। ਪਰ ਨਰਿੰਦਰ ਮੋਦੀ ਤੇ ਉਸ ਦੀ ਪਾਰਟੀ ਦੀ ਭਾਰਤ ਵਿਚ ਨਫਰਤ ਦੀ ਰਾਜਨੀਤੀ ਕਾਰਨ ਸੋਸ਼ਲ ਮੀਡੀਆ ਉਤੇ ਮੋਦੀ ਦੇ ਬਿਆਨ ਨੂੰ ਮਗਰ ਮੱਛ ਦੇ ਹੰਝੂ ਵਹਾਉਣ ਨਾਲ ਤੁਲਨਾਇਆ ਜਾ ਰਿਹਾ ਹੈ।

**'ਇਸਲਾਮੋਫੋਬੀਆ' ਜ਼ਿੰਮੇਵਾਰ : ਇਮਰਾਨ-**

ਪਾਕਿ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕਿਹਾ ਕਿ ਨਿਊਜ਼ੀਲੈਂਡ ਵਿੱਚ ਦੋ ਮਸਜਿਦਾਂ 'ਤੇ ਹੋਏ ਹਮਲੇ ਲਈ ਵਧਦਾ 'ਇਸਲਾਮੋਫੋਬੀਆ' ਜ਼ਿੰਮੇਵਾਰ ਹੈ, ਜੋ 9/11 ਦੇ ਦਹਿਸ਼ਤੀ ਹਮਲਿਆਂ ਮਗਰੋਂ ਲੋਕਾਂ ਦੇ ਦਿਲਾਂ ਵਿਚ ਘਰ ਕਰ ਗਿਆ ਹੈ।

## ਸਿੱਖਾਂ ਨੂੰ ਗੰਭੀਰ ਵਿਚਾਰ ਕਰਨ ਦੀ ਲੋੜ

ਰਾਹ-ਦਸੇਰਾ ਬਣ ਸਕਦੇ ਹਨ। ਏਸ਼ੀਆ ਦੇ ਪੰਜਾਬ ਖਿੱਤੇ ਵਿਚ ਇਕ ਵੱਖਰੀ ਸੱਭਿਅਤਾ ਦੇ ਤੌਰ 'ਤੇ ਵਿਕਸਤ ਹੋਈ ਸਿੱਖ ਕੌਮ ਲਈ ਇਹ ਹਮਲਾ ਕੋਈ ਆਮ ਘਟਨਾ ਨਹੀਂ ਹੈ। ਸਿੱਖ ਕੌਮ ਇਕ ਨਿਵੇਕਲੀ ਪਛਾਣ ਦੀ ਧਾਰਨੀ ਕੌਮ ਹੈ ਜੋ ਆਪਣੇ ਕੌਮੀ ਘਰ ਦੀ ਅਣਹੋਂਦ ਕਾਰਨ ਅਤੇ ਮਿਹਨਤੀ ਸੁਭਾਅ ਕਾਰਨ ਲੰਬੇ ਸਮੇਂ ਤੋਂ ਨਵੇਂ ਮੌਕਿਆਂ ਨੂੰ ਭਾਲਦੀ ਪ੍ਰਵਾਸ ਦੇ ਰਾਹ ਪਈ ਹੈ। ਪਰ ਸਮੇਂ ਵਿਚ ਤਬਦੀਲੀਆਂ ਨਾਲ ਪ੍ਰਵਾਸ ਦੀ ਕਿਸਮ ਵਿਚ ਵੀ ਤਬਦੀਲੀਆਂ ਆਈਆਂ ਹਨ। ਜਿੱਥੇ ਪਹਿਲਾਂ ਸਿੱਖ ਪ੍ਰਵਾਸ ਨਾਲ ਸਿੱਖ ਕੌਮ ਦਾ ਆਪਣੀ ਮੂਲ ਧਰਤੀ ਪੰਜਾਬ ਨਾਲੋਂ ਨਾਤਾ ਨਹੀਂ ਖੁਰ ਰਿਹਾ ਸੀ ਪਰ ਪਿਛਲੇ ਕੁੱਝ ਦਹਾਕਿਆਂ ਤੋਂ ਜਿਸ ਤਰ੍ਹਾਂ ਦਾ ਪ੍ਰਵਾਸ ਸਿੱਖ ਕੌਮ ਕਰ ਰਹੀ ਹੈ, ਉਸ ਨਾਲ ਉਸ ਦਾ ਆਪਣੀ ਮੂਲ ਧਰਤੀ ਤੋਂ ਰਿਸ਼ਤਾ ਖੁਰ ਰਿਹਾ ਹੈ। ਪਿਛਲੇ ਕੁੱਝ ਸਾਲਾਂ ਵਿਚ ਤਾਂ ਸਿੱਖ ਕੌਮ ਨਾਲ ਸਬੰਧਿਤ ਪਰਿਵਾਰਾਂ ਦੇ ਪਰਿਵਾਰ ਸਮੁੱਚੇ ਰੂਪ ਵਿਚ ਪ੍ਰਵਾਸ ਕਰ ਰਹੇ ਹਨ ਅਤੇ ਪੰਜਾਬ ਵਿਚ ਆਪਣੀਆਂ ਜ਼ਾਇਦਾਦਾਂ ਨੂੰ ਵੇਚ ਕੇ ਵਿਦੇਸ਼ਾਂ ਵਿਚ ਪੂੰਜੀ ਨਿਵੇਸ਼ ਕਰ ਰਹੇ ਹਨ। ਪੱਛਮੀ ਸੱਭਿਅਤਾ ਵਾਲੇ ਮੁਲਕਾਂ ਵਿਚ, ਜਿੱਥੇ ਸਿੱਖ ਕੌਮ ਨੇ ਜ਼ਿਆਦਾ ਪ੍ਰਵਾਸ ਕੀਤਾ ਹੈ, ਉੱਥੇ ਵਧ ਰਿਹਾ ਨਸਲਵਾਦ ਜੇ ਕੋਈ ਖਤਰਨਾਕ ਹਾਲਾਤ ਵਿਚ ਤਬਦੀਲ ਹੁੰਦਾ ਹੈ ਤਾਂ ਸਿੱਖ ਕੌਮ ਲਈ ਹਾਲਾਤ ਬਦਤਰ ਬਣ ਸਕਦੇ ਹਨ। ਅਜਿਹੇ ਵਿਚ ਸਿੱਖ ਬੁੱਧੀਜੀਵੀਆਂ ਅਤੇ ਆਗੂਆਂ ਨੂੰ ਕੌਮੀ ਭਵਿੱਖ ਦੇ ਇਸ ਅਹਿਮ ਮਸਲੇ ਬਾਰੇ ਗੰਭੀਰ ਵਿਚਾਰ ਚਰਚਾ ਦਾ ਦੌਰ ਸ਼ੁਰੂ ਕਰਨਾ ਚਾਹੀਦਾ ਹੈ।

## ਬੀਬੀ ਖਾਲੜਾ ਦੀ ਜਿੱਤ ਲਈ ਪੰਥ ਸਰਗਰਮ

ਖਬਰ ਦੇ ਲਿਖੇ ਜਾਣ ਤਕ ਕਾਂਗਰਸ ਤੇ ਆਮ ਆਦਮੀ ਪਾਰਟੀ ਨੇ ਹਾਲਾਂ ਇੱਥੋਂ ਆਪਣਾ ਕੋਈ ਉਮੀਦਵਾਰ ਨਹੀਂ ਐਲਾਨਿਆ ਸੀ।

ਪੰਜਾਬ ਡੈਮੋਕ੍ਰੇਟਿਕ ਗੱਠਜੋੜ ਵੱਲੋਂ ਉਮੀਦਵਾਰ ਅਮਰ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਪਤਨੀ ਪਰਮਜੀਤ ਕੌਰ ਖਾਲੜਾ ਮਨੁੱਖੀ ਅਧਿਕਾਰਾਂ ਲਈ ਜੂਝਣ ਵਾਲੇ ਆਪਣੇ ਪਤੀ ਖਾਲੜਾ ਦੇ ਅਚਾਨਕ ਗ਼ਾਇਬ ਹੋਣ (ਸ਼ਹੀਦ ਕਰ ਦਿੱਤੇ ਜਾਣ) ਤੋਂ ਬਾਅਦ ਇਨਸਾਫ ਲਈ 20 ਸਾਲ ਤੋਂ ਸੰਘਰਸ਼ ਕਰ ਰਹੇ ਹਨ। ਉਹ ਆਪਣੇ ਪਤੀ ਦੀ ਗੈਰ-ਮੌਜੂਦਗੀ ਵਿਚ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਵੀ ਜੱਦੋਜਹਿਦ ਜਾਰੀ ਰੱਖ ਰਹੇ ਹਨ। ਬੀਬੀ ਖਾਲੜਾ ਇਸ ਤੋਂ ਪਹਿਲਾਂ ਗੁਰਚਰਨ ਸਿੰਘ ਟੌਹੜਾ ਦੀ ਅਗਵਾਈ ਵਾਲੇ ਸਰਬ ਹਿੰਦ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਤੋਂ ਤਰਨ ਤਾਰਨ ਸੀਟ ਤੋਂ ਲੋਕ ਸਭਾ ਚੋਣ ਲੜ ਚੁੱਕੇ ਹਨ। ਉਦੋਂ ਉਹ ਅਸਫਲ ਰਹੇ ਸਨ। ਹੁਣ ਇਸ ਵੇਲੇ ਉਹ ਸਭ ਤੋਂ ਚਰਚਿਤ ਉਮੀਦਵਾਰ ਹਨ, ਜਿਨ੍ਹਾਂ ਦੀ ਆਪ ਮੁਹਾਰੇ ਸੰਗਤ ਵੱਲੋਂ ਜਨਤਕ ਪੱਧਰ 'ਤੇ ਅਤੇ ਸ਼ੋਸ਼ਲ ਮੀਡੀਆ 'ਤੇ ਮੁਹਿੰਮ ਭਖੀ ਹੋਈ ਹੈ।

ਉਧਰ ਬੀਬੀ ਜਗੀਰ ਕੌਰ ਕਪੂਰਥਲਾ ਜ਼ਿਲ੍ਹੇ ਦੇ ਭੁਲੱਥ ਹਲਕੇ ਨਾਲ ਸਬੰਧਿਤ ਹਨ। ਉਹ ਪੰਜਾਬ ਦੇ ਸਾਬਕਾ ਮੰਤਰੀ ਹਨ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਅਹੁਦੇ 'ਤੇ ਰਹਿ ਚੁੱਕੇ ਹਨ। ਬੀਬੀ ਜਾਗੀਰ ਕੌਰ ਦਾ ਪਰਿਵਾਰਕ ਪਿਛੋਕੜ ਇੱਕ ਧਾਰਮਿਕ ਡੇਰੇ ਦਾ ਹੈ। ਜ਼ਿਕਰਯੋਗ ਹੈ ਕਿ ਬੀਬੀ ਜਗੀਰ ਕੌਰ ਉੱਤੇ ਸਾਲ 2000 ਦੌਰਾਨ ਦੋਸ਼ ਲੱਗਿਆ ਸੀ ਕਿ ਉਹ ਪ੍ਰੇਮ ਵਿਆਹ ਕਰਵਾਉਣ ਵਾਲੀ ਆਪਣੀ ਹੀ ਧੀ ਦੀ ਸ਼ੱਕੀ ਮੌਤ ਵਿਚ ਕਥਿਤ ਤੌਰ 'ਤੇ ਸ਼ਾਮਲ ਸਨ। ਇਸ ਕੇਸ ਵਿਚ ਇਕ ਵਾਰ ਸਜ਼ਾ ਹੋਣ ਕਾਰਨ ਉਹ ਪਿਛਲੀਆਂ ਵਿਧਾਨ ਸਭਾ ਚੋਣਾਂ ਵੀ ਨਹੀਂ ਲੜ ਸਕੇ ਸਨ ਪਰ ਦਸੰਬਰ 2018 ਵਿੱਚ ਹਾਈ ਕੋਰਟ ਨੇ ਉਨ੍ਹਾਂ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਸੀ। ਇਸ ਕਰ ਕੇ ਉਨ੍ਹਾਂ ਦਾ ਚੋਣ ਲੜਨ ਦਾ ਰਸਤਾ ਸਾਫ਼ ਹੋ ਗਿਆ।

ਅਕਾਲੀ ਦਲ ਟਕਸਾਲੀ ਦੇ ਉਮੀਦਵਾਰ ਜਨਰਲ ਜੇਜੇ ਸਿੰਘ ਸਾਬਕਾ ਫੌਜ ਮੁਖੀ ਹਨ, ਜੋ ਹਾਲ ਹੀ ਵਿਚ ਅਕਾਲੀ ਦਲ ਬਾਦਲ ਨੂੰ ਛੱਡ ਕੇ ਟਕਸਾਲੀਆਂ ਨਾਲ ਜਾ ਰਲੇ ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਉਹ ਹਲਕਾ ਪਟਿਆਲਾ ਤੋਂ ਕੈਪਟਨ ਅਮਰਿੰਦਰ ਸਿੰਘ ਖਿਲਾਫ ਚੋਣ ਲੜੇ ਸਨ ਤੇ ਹਾਰ ਗਏ ਸਨ।

**ਪੰਥਕ ਜਥੇਬੰਦੀਆਂ ਬੀਬੀ ਖਾਲੜਾ ਦੇ ਹੱਕ 'ਚ-**

ਬੀਬੀ ਖ਼ਾਲੜਾ ਦੀ ਚੋਣ ਮੁਹਿੰਮ ਨੂੰ ਹੁਲਾਰਾ ਦਿੰਦਿਆਂ ਖ਼ਾਲਸਾ ਏਡ ਦੇ ਮੈਂਬਰ ਰਵੀ ਸਿੰਘ ਨੇ ਸਮੂਹ ਪੰਜਾਬੀਆਂ ਨੂੰ ਉਨ੍ਹਾਂ ਦਾ ਸਾਥ ਦੇਣ ਦੀ ਅਪੀਲ ਕੀਤੀ ਹੈ। ਰਵੀ ਸਿੰਘ ਨੇ ਆਪਣੇ ਟਵੀਟਰ ਅਕਾਊਂਟ ਰਾਹੀਂ ਕਿਹਾ ਹੈ ਕਿ ਨਿਆਂ ਲਈ ਆਵਾਜ਼ ਚੁੱਕੋ ਅਤੇ ਵੋਟ ਲਈ ਅੱਗੇ ਆਓ। ਤੁਸੀ ਕਿਸੇ ਪਾਰਟੀ ਨੂੰ ਨਹੀਂ, ਸਗੋਂ ਇੱਕ ਅਜਿਹੀ ਸ਼ਖ਼ਸੀਅਤ ਦਾ ਸਮਰਥਨ ਕਰ ਰਹੇ ਹੋ, ਜਿਸ ਨੇ ਅਤਿਆਚਾਰ ਅਤੇ ਜਬਰ-ਜੁਲਮ ਵਿਰੁੱਧ ਆਵਾਜ਼ ਚੁੱਕੀ। ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਨੇਤਾ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਖਤ ਲਿਖ ਕੇ ਅਪੀਲ ਕੀਤੀ ਹੈ ਕਿ ਅਕਾਲ ਤਖਤ ਸਾਹਿਬ ਤੋਂ ਸਾਰੀਆਂ ਸਿਆਸੀ ਪਾਰਟੀਆਂ ਖਾਸ ਕਰਕੇ 'ਸ਼੍ਰੋਮਣੀ ਅਕਾਲੀ ਦਲ' ਨੂੰ ਆਦੇਸ਼ ਜਾਰੀ ਹੋਵੇ ਕਿ ਬੀਬੀ ਪਰਮਜੀਤ ਕੌਰ ਖਾਲੜਾ ਦੇ ਮੁਕਾਬਲੇ ਉਤੇ ਕੋਈ ਵੀ ਉਮੀਦਵਾਰ ਚੋਣ ਮੈਦਾਨ ਵਿਚ ਨਾ ਉਤਾਰਿਆ ਜਾਵੇ।

**ਬੀਬੀ ਖਾਲੜਾ ਦਾ ਮਨੋਰਥ ਉਨ੍ਹਾਂ ਦੀ ਜ਼ਬਾਨੀ-**

ਖਡੂਰ ਸਾਹਿਬ ਤੋਂ ਪੰਜਾਬ ਏਕਤਾ ਪਾਰਟੀ ਵੱਲੋਂ ਐਲਾਨੇ ਉਮੀਦਵਾਰ ਤੇ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦੇ ਸਰਪ੍ਰਸਤ ਬੀਬੀ ਪਰਮਜੀਤ ਕੌਰ ਖਾਲੜਾ ਇਹਨਾਂ ਚੋਣਾਂ ਵਿੱਚ ਮਨੁੱਖੀ ਅਧਿਕਾਰਾਂ ਨੂੰ ਹੀ ਆਪਣੀ ਚੋਣ ਮੁਹਿੰਮ ਦਾ ਮੁੱਖ ਮੁੱਦਾ ਬਣਾਉਣਗੇ ਤੇ 25000 ਲਾਵਾਰਿਸ ਕਹਿ ਕੇ ਸਾੜੀਆਂ ਲਾਸ਼ਾਂ ਵਿਚ ਸਰਕਾਰਾਂ ਵੱਲੋਂ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਕਨੂੰਨ ਤੋਂ ਬਚਣ ਲਈ ਦਿੱਤੇ ਜਾ ਰਹੇ ਖ਼ਾਸ ਕਵਚ ਵਿਰੁੱਧ ਖਾਲੜਾ ਮਿਸ਼ਨ ਆਰਗੇਨਾਈਜੇਨ ਦੀ ਲੜਾਈ ਨੂੰ ਲੋਕ ਕਚਹਿਰੀ ਵਿੱਚ ਰੱਖਣਗੇ। ਉਹਨਾਂ ਕਿਹਾ ਕਿ ਉਹ ਆਪਣੇ ਪਤੀ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਮਨੁੱਖੀ ਅਧਿਕਾਰਾਂ ਦੀ ਜੰਗ ਨੂੰ ਅੱਗੇ ਤੋਰ ਰਹੇ ਹਨ। ਭਾਰਤ ਵਿਚ ਜਾਂ ਕੌਮਾਂਤਰੀ ਪੱਧਰ 'ਤੇ ਕਿਸੇ ਨਾਲ ਜ਼ੁਲਮ ਹੁੰਦਾ ਹੈ, ਉਹ ਡਟ ਕੇ ਖਲੋਣਗੇ। ਇਹੀ ਗੁਰੂ ਨਾਨਕ ਸਾਹਿਬ ਦਾ ਉਦੇਸ਼ ਹੈ।

ਉਹਨਾਂ ਦੱਸਿਆ ਕਿ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਪੇਸ਼ ਕੀਤੀ ਗਈ 19ਵੀਂ ਸਾਲਾਨਾ ਰਿਪੋਰਟ ਅਨੁਸਾਰ 2016-17 ਦੌਰਾਨ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ 10 820 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ। ਪੰਜਾਬ ਦੇਸ਼ ਦੇ ਵੱਡੇ ਸੂਬਿਆਂ ਵਿਚ ਸ਼ੁਮਾਰ ਨਹੀਂ ਹੁੰਦਾ, ਇਸ ਲਈ ਇਨ੍ਹਾਂ ਸ਼ਿਕਾਇਤਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਪ੍ਰਤੀਤ ਹੁੰਦੀ ਹੈ। ਲਗਭਗ 55 ਫ਼ੀਸਦ ਸ਼ਿਕਾਇਤਾਂ ਹਿਰਾਸਤੀ ਮੌਤਾਂ, ਤਸ਼ੱਦਦ ਤੇ ਪੁਲੀਸ ਅਤੇ ਜੇਲ੍ਹ ਅਧਿਕਾਰੀਆਂ ਵੱਲੋਂ ਲੋਕਾਂ ਨੂੰ ਝੂਠੇ ਕੇਸਾਂ ਵਿਚ ਫਸਾਉਣ ਦੇ ਮਾਮਲਿਆਂ ਬਾਰੇ ਹਨ। 741 ਕੇਸਾਂ ਵਿਚ ਲੋਕਾਂ ਨੇ ਪੁਲੀਸ ਅਧਿਕਾਰੀਆਂ ਵਿਰੁਧ ਉਨ੍ਹਾਂ ਨੂੰ ਝੂਠੇ ਕੇਸਾਂ ਵਿਚ ਫਸਾਉਣ ਬਾਰੇ ਸ਼ਿਕਾਇਤ ਕੀਤੀ ਜਦੋਂ ਕਿ ਜੇਲ੍ਹਾਂ ਵਿਚ ਹੋਈਆਂ ਮੌਤਾਂ ਬਾਰੇ 155 ਮਾਮਲੇ ਸਾਹਮਣੇ ਆਏ। 52 ਫ਼ੀਸਦ ਸ਼ਿਕਾਇਤਾਂ ਪੰਜਾਬ ਪੁਲੀਸ ਨਾਲ ਸਬੰਧਿਤ ਹਨ। ਉਹਨਾਂ ਕਿਹਾ ਕਿ ਪੰਜਾਬ ਵਿਚ 1980 ਵਿਆਂ ਤੋਂ ਬਾਅਦ ਇਕ ਵੱਡੀ ਸਮੱਸਿਆ ਇਹ ਰਹੀ ਹੈ ਕਿ ਪੁਲੀਸ ਦਾ ਕਾਰਜ ਤੇ ਢੰਗ ਹਾਲੇ ਤੱਕ ਨਹੀਂ ਬਦਲਿਆ ਤੇ ਉਹ ਲੋਕਾਂ ਦੇ ਹੱਕਾਂ ਨੂੰ ਮਧੋਲ ਰਹੀ ਹੈ ਤੇ ਸੱਤਾਧਾਰੀ ਪੁਲੀਸ ਦੀ ਦੁਰਵਰਤੋਂ ਕਰਦੇ ਹਨ।

ਬੀਬੀ ਖਾਲੜਾ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਨੂੰ ਆਪਣਾ ਚੋਣ ਏਜੰਡਾ ਮੰਨਦੇ ਹਨ। ਖਾਲੜਾ ਦਾ ਕਹਿਣਾ ਹੈ ਕਿ ਸਿਆਸੀ ਪਾਰਟੀਆਂ ਸਿਰਫ ਦੂਸ਼ਣਬਾਜ਼ੀ ਕਰਦੀਆਂ ਹਨ ਪਰ ਅਸੀਂ ਲੋਕਾਂ ਦੇ ਮੁੱਦਿਆਂ ਦੀ ਰਾਜਨੀਤੀ ਕਰਨਾ ਚਾਹੁੰਦੇ ਹਾਂ ਤੇ ਇਸ ਲਈ ਉਹ ਲੰਮੇ ਅਰਸੇ ਬਾਅਦ ਚੋਣ ਮੈਦਾਨ ਵਿੱਚ ਨਿੱਤਰੇ ਹਨ। ਉਹਨਾਂ ਕਿਹਾ ਕਿ ਸਰਹੱਦੀ ਖੇਤਰ ਦੇ ਲੋਕਾਂ ਦੇ ਆਪਣੇ ਹੀ ਗੰਭੀਰ ਮਸਲੇ ਹਨ।

ਉਨ੍ਹਾਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਪੰਜਾਬ ਦੀ ਪਹਿਲੀ ਪੀੜ੍ਹੀ ਸਰਕਾਰੀ ਅੱਤਵਾਦ ਨੇ ਤਬਾਹ ਕਰ ਦਿੱਤੀ, ਦੂਜੀ ਨਸ਼ਿਆਂ ਨੇ ਖਾ ਲਈ ਤੇ ਤੀਜੀ ਵਿਦੇਸ਼ ਤੁਰ ਗਈ। ਉਹਨਾਂ ਕਿਹਾ ਕਿ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਅਤੇ ਪੰਜਾਬੀਆਂ ਵੱਲੋਂ ਦੂਜੇ ਮੁਲਕਾਂ ਨੂੰ ਕੀਤਾ ਜਾ ਰਿਹਾ ਪਰਵਾਸ ਪੰਜਾਬ ਦੇ ਲਈ ਵੱਡਾ ਸੰਕਟ ਹੈ।

ਯਾਦ ਰਹੇ ਕਿ ਬੀਬੀ ਪਰਮਜੀਤ ਕੌਰ ਖਾਲੜਾ ਨੇ ਵੀ ਮਨੁੱਖੀ ਅਧਿਕਾਰਾਂ ਲਈ ਜੂਝਦਿਆਂ ਬਹੁਤ ਮੁਸ਼ਕਲਾਂ ਦਾ ਸਾਹਮਣਾ ਕੀਤਾ ਹੈ ਤੇ ਮਨੁੱਖੀ ਅਧਿਕਾਰਾਂ ਦੇ ਹੱਕ ਵਿਚ ਲੰਬੀ ਲੜਾਈ ਲੜੀ ਹੈ।

**ਟਕਸਾਲੀਆਂ ਵੱਲੋਂ ਉਮੀਦਵਾਰ ਵਾਪਸ ਲੈਣ ਬਾਰੇ ਵਿਚਾਰ-**

ਖਡੂਰ ਸਾਹਿਬ : ਅਕਾਲੀ ਦਲ ਟਕਸਾਲੀ ਦੇ ਸਕੱਤਰ ਜਨਰਲ ਸੇਵਾ ਸਿੰਘ ਸੇਖਵਾਂ ਨੇ ਕਿਹਾ ਹੈ ਕਿ ਪਾਰਟੀ ਵੱਲੋਂ ਖਡੂਰ ਸਾਹਿਬ ਹਲਕੇ ਤੋਂ ਆਪਣੇ ਉਮੀਦਵਾਰ ਨੂੰ ਵਾਪਸ ਲੈਣ ਲਈ ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਵੱਲੋਂ ਕੀਤੀ ਅਪੀਲ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਸੁਖਪਾਲ ਸਿੰਘ ਖਹਿਰਾ ਨੇ ਅਕਾਲੀ ਦਲ ਟਕਸਾਲੀ ਨੂੰ ਅਪੀਲ ਕੀਤੀ ਦੀ ਕਿ ਉਹ ਖਡੂਰ ਸਾਹਿਬ ਹਲਕੇ ਤੋਂ ਆਪਣੇ ਉਮੀਦਵਾਰ ਜਨਰਲ ਸੇਵਾਮੁਕਤ ਜੇਜੇ ਸਿੰਘ ਨੂੰ ਵਾਪਸ ਲੈ ਕੇ ਪੰਜਾਬ ਜਮਹੂਰੀ ਗੱਠਜੋੜ ਦੀ ਉਮੀਦਵਾਰ ਪਰਮਜੀਤ ਕੌਰ ਖਾਲੜਾ ਦੀ ਹਮਾਇਤ ਕਰਨ।

## ਭਾਈ ਖਾਲੜਾ ਦੀ ਸ਼ਹੀਦੀ ਗਾਥਾ

ਗੁਰਦਾਸਪੁਰ ਤਰਨਤਾਰਨ ਤਿੰਨਾਂ ਜ਼ਿਲ੍ਹਿਆਂ ਵਿਚ ਹੀ ਲਾਪਤਾ ਨੌਜਵਾਨਾਂ ਦੇ ਪਰਿਵਾਰਾਂ ਨੂੰ ਮਿਲ ਕੇ ਅਤੇ ਵੱਖ-ਵੱਖ ਸਿਵਿਆਂ ਵਿਚੋਂ ਜਾਣਕਾਰੀ ਲੈ ਕੇ ਅੰਕੜੇ ਇਕੱਠੇ ਕਰਕੇ ਦੁਨੀਆ ਨੂੰ ਦੱਸਿਆ ਸੀ ਕੀ ਇਨ੍ਹਾਂ ਸਿਰਫ ਤਿੰਨ ਜ਼ਿਲ੍ਹਿਆਂ ਵਿਚ ਹੀ ਖਾੜਕੂਵਾਦ ਵੇਲੇ ਪੁਲਿਸ ਨੇ 25000 ਦੇ ਕਰੀਬ ਨੌਜਵਾਨ ਕਤਲ ਕਰ ਕੇ ਲਾਸ਼ਾਂ ਨੂੰ ਲਾਵਾਰਿਸ ਕਹਿ ਕੇ ਸ਼ਮਸ਼ਾਨਘਾਟਾਂ ਵਿਚ ਫੂਕ ਦਿੱਤਾ ਸੀ। ਜਦੋਂ ਪੁਲਿਸ ਅਫਸਰਾਂ ਨੇ ਇਹ ਵੇਖਿਆ ਕੀ ਸ. ਜਸਵੰਤ ਸਿੰਘ ਖਾਲੜਾ ਉਹਨਾਂ ਦੇ ਅਪਰਾਧਾਂ ਦਾ ਪਰਦਾਫਾਸ਼ ਕਰ ਰਿਹਾ ਹੈ ਤਾਂ ਉਹਨਾਂ ਨੇ ਭਾਈ ਖਾਲੜਾ ਨੂੰ ਕਤਲ ਕਰਨ ਦੀ ਸਾਜ਼ਿਸ਼ ਰਚ ਲਈ। ਸੀਬੀਆਈ ਦੇ ਖਾਲੜਾ ਕਤਲ ਕੇਸ ਦੇ ਅਹਿਮ ਗਵਾਹ ਕੁਲਦੀਪ ਸਿੰਘ ਬਚੜੇ ਮੁਤਾਬਕ ਕੇਪੀ ਗਿੱਲ, ਅਜੀਤ ਸਿੰਘ ਸੰਧੂ ਤੇ ਹੋਰ ਪੁਲਸ ਅਫਸਰ ਸਰਦਾਰ ਖਾਲੜਾ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦਿੰਦੇ ਸਨ। ਖਾਲੜਾ ਨੇ 23 ਫਰਵਰੀ 1995 ਨੂੰ ਜਾਰੀ ਕੀਤੇ ਗਏ ਆਪਣੇ ਬਿਆਨ ਵਿਚ ਸਾਫ ਐਲਾਨ ਕੀਤਾ ਸੀ ਕਿ "ਜੇਕਰ ਪੰਜਾਬ ਸਰਕਾਰ ਤੇ ਪੁਲਿਸ ਇਹ ਸਮਝਦੀ ਹੈ ਕਿ ਮੈਨੂੰ ਖਤਮ ਕਰਕੇ 25 ਹਜ਼ਾਰ ਲਾਵਾਰਿਸ ਲਾਸ਼ਾਂ ਦੇ ਮਾਮਲੇ ਨੂੰ ਖੁਰਦ ਬੁਰਦ ਕੀਤਾ ਜਾ ਸਕਦਾ ਹੈ ਤਾਂ ਇਹ ਉਸ ਦੀ ਗਲਤ ਫਹਿਮੀ ਹੈ। ਕਿਉਂਕਿ ਇਸ ਸਬੰਧੀ ਤੱਥ ਦੁਨੀਆ ਪੱਧਰ ਦੇ ਮਨੁੱਖੀ ਅਧਿਕਾਰ ਸੰਗਠਨਾਂ ਤੱਕ ਪਹੁੰਚ ਚੁੱਕੇ ਹਨ।" ਸ. ਖਾਲੜਾ ਨੇ ਇਹ ਵੀ ਇੰਕਸ਼ਾਫ ਵੀ ਕੀਤਾ ਸੀ, ਕਿ "ਕਾਂਗਰਸੀ ਐੱਮਐੱਲਏ ਨੇ 2 ਦਿਨ ਪਹਿਲਾਂ ਮੈਨੂੰ ਮਿਲ ਕੇ ਦੱਸਿਆ ਹੈ ਕਿ ਪੁਲਿਸ ਅਧਿਕਾਰੀ ਇਸ ਮਾਮਲੇ ਦਾ ਪਰਦਾਫਾਸ਼ ਹੋਣ 'ਤੇ ਬਹੁਤ ਖਫਾ ਹੋਏ ਪਏ ਹਨ ਅਤੇ ਉਹਨਾਂ ਨੇ ਫੈਸਲਾ ਕੀਤਾ ਹੈ ਕਿ ਜੇਕਰ ਇਹ ਪੜਤਾਲ ਅੱਗੇ ਵਧਦੀ ਹੈ ਤਾਂ ਹਰ ਹਾਲਤ ਵਿਚ ਉਹ ਖਾਲੜਾ ਨੂੰ ਮਾਰ ਦੇਣਗੇ ਅਤੇ ਜਿੱਥੇ 25 ਹਜ਼ਾਰ ਲਾਸ਼ਾਂ ਦੀ ਜਾਂਚ ਹੋਵੇਗੀ, ਉੱਥੇ ਇਕ ਹੋਰ ਵੀ ਝੱਲ ਲੈਣਗੇ। ਐੱਮਐੱਲਏ, ਜਿਸ ਦਾ ਅਜੇ ਮੈਂ ਨਾਂ ਦੱਸਣਾ ਠੀਕ ਨਹੀਂ ਸਮਝਦਾ, ਨੇ ਮੈਨੂੰ ਇਹ ਵੀ ਦੱਸਿਆ ਹੈ ਕਿ ਇਸ ਕੰਮ ਦੀ ਉਹਨਾਂ ਨੇ ਸਾਡੀ ਕਾਂਗਰਸ ਸਰਕਾਰ ਤੋਂ ਇਜ਼ਾਜਤ ਵੀ ਲੈ ਲਈ ਹੈ।"

ਸ. ਖਾਲੜਾ ਨੇ ਦ੍ਰਿੜ੍ਹਤਾ ਨਾਲ ਐਲਾਨਿਆ ਸੀ, "ਮੈਂ ਆਪਣੀ ਜ਼ਿੰਦਗੀ ਦੀ ਰਾਖੀ ਲਈ ਕਿਸੇ ਅਦਾਲਤ ਵਿਚ ਜਾਣ ਦੀ ਥਾਂ ਲੋਕਾਂ ਦੀਆਂ ਬਰੂਹਾਂ 'ਤੇ ਜਾਣ ਨੂੰ ਤਰਜੀਹ ਦੇਵਾਂਗਾ ਅਤੇ ਸਭ ਜਮਹੂਰੀਅਤ ਪਸੰਦ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਜੇਕਰ ਮੈਨੂੰ ਖਤਮ ਕੀਤਾ ਗਿਆ ਤਾਂ ਕਿਸੇ ਪੁਲਿਸ ਕੈਟ ਜਾਂ ਥਾਣੇਦਾਰ ਨੂੰ ਦੋਸ਼ੀ ਨਾ ਠਹਿਰਾਇਆ ਜਾਵੇ ਬਲਕਿ ਮੁੱਖ ਮੰਤਰੀ ਬੇਅੰਤ ਸਿੰਘ ਤੇ ਪੁਲਿਸ ਮੁਖੀ ਕੇਪੀ ਗਿੱਲ ਨੂੰ ਇਸ ਦਾ ਜ਼ਿੰਮੇਵਾਰ ਠਹਿਰਾਇਆ ਜਾਵੇ।" ਸੀਬੀਆਈ ਦੇ ਗਵਾਹ ਬਚੜੇ ਮੁਤਾਬਕ ਉਸ ਵੇਲੇ ਦੇ ਤਰਨਤਾਰਨ ਦੇ ਐੱਸਐੱਸਪੀ ਅਜੀਤ ਸਿੰਘ ਸੰਧੂ, ਡੀਐੱਸਪੀ ਜਸਪਾਲ ਸਿੰਘ, ਐੱਸਐੱਚਓ ਸਰਹਾਲੀ ਸੁਰਿੰਦਰਪਾਲ ਸਿੰਘ ਤੇ ਐੱਸਐੱਚਓ ਝਬਾਲ ਸਤਨਾਮ ਸਿੰਘ ਨੇ ਤਤਕਾਲੀ ਡੀਜੀਪੀ ਗਿੱਲ ਦੇ ਕਹਿਣ 'ਤੇ ਭਾਈ ਖਾਲੜਾ ਉਤੇ ਕਾਫੀ ਦਿਨਾ ਤੱਕ ਤਸ਼ੱਦਦ ਕੀਤਾ ਤੇ ਬਾਅਦ 'ਚ ਉਨ੍ਹਾਂ ਦਾ ਕਤਲ ਕਰਕੇ ਲਾਸ਼ ਨੂੰ ਹਰੀਕੇ ਪੱਤਣ ਵਿਚ ਰੋੜ੍ਹ ਦਿੱਤਾ। ਸਰਦਾਰ ਖਾਲੜਾ ਜੋ ਸ਼੍ਰੋਮਣੀ ਅਕਾਲੀ ਦਲ ਦੇ ਮਨੁੱਖੀ ਅਧਿਕਾਰ ਵਿੰਗ ਦੇ ਜਨਰਲ ਸਕੱਤਰ ਸਨ, ਨੂੰ 1997 ਵਿਚ ਬਾਦਲ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਵੀ ਇਨਸਾਫ਼ ਨਹੀਂ ਮਿਲਿਆ ਸਗੋਂ ਬਾਦਲਾਂ ਨੇ ਕਾਤਲਾਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਹੀ ਕੀਤੀਆਂ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish
sling
TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com

# Valley Real Estate Center

**Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont**

**For agriculture and almond Farm, office building, Farm House and for Truck Yard in Tracy Manteca**

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ, ਪਲੀਸਨਪੋਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।













ਇਹ ਆਲੀਸ਼ਾਨ ਘਰ ਵਿਕਾਊ ਹੈ

Lot Size 4770 Sq. Ft, Year Built 2009, Property type 1 House on lot attached, Community Mountain House, County San joaquin
637 Esplanade Dr. Mountain House, CA 95391,
Price $ 640,000, Beds 4, Baths 3, 2695 Sq. Ft.

## Priti Singh (925) 999-0823

CA BRE Licence #02024721 info@pritisingh.com

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY

ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

info@singhsolar.com

SUNPREME Premium Bifacial Thin Film Solar



Satnam Singh Khalsa

510-706-1300

# STEELE INSURANCE

## AGENCY INC

Grand Shield Insurance strives to offer you quality insurance coverage, a high level of professional service and a long-term relationship We'll research rates and coverage from top insurance companies to find the best insurance rates and insurance plans for you. We do the insurance shopping and comparing for you to save time and money!

- Specialize in Personal line insurance
- Auto Home life Umbrella and Commercial
- We have special discount as 20% Multi Policy Discount
- Occupational Discount 12% for Teacher, Doctors Engineers, Firefighter, RN nurse, Business Owner
- AARP membership discount 30%
- Good Students discount 3.0 GPA
- Four year College degree (Alumni) discount
- Multi car discount




- TERM LIFE
- RETURN OF PREMIUM LIFE
- UNIVERSAL LIFE
- INDEXED UNIVERSAL LIFE
- VARIABLE UNIVERSAL LIFE
- WHOLE LIFE
- ANNUITIES

**Working hard with Honesty & intergrity to protect your Financial Future**



# Ranjit Singh

**A Member of Steele Insurance Agency, Inc.**

**Insurance Broker, Lic#OH78402**

**Doing the Right Things for Our Clients and Their Families Everyday...**

**... Leads Us to Success as well as Our Company."**

Allied Insurance | FIDELITY | CSE | MERCURY INSURANCE GROUP | FINANCIAL PACIFIC | Safeco Insurance
CNA | MetLife | Kemper | Philadelphia Insurance Companies | FOREMOST INSURANCE GROUP | The Hartford
CommerceWest Insurance | Midwest Insurance Agency | Kansas City Life | PROGRESSIVE | GeoVera | TRAVELERS
GMAC Insurance | TheZenith Workers' Compensation Specialists | PersonalUmbrella.com | ZURICH

**17900 Murphy Park Way Lathrop, CA. 95330**

**209-956-1000,Office-408-355-5700,Bay Area-888-246-1228 Fax**

**RSingh@siainc.net, www.SteeleInsuranceAgency.net**


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM